# ਚਿਰਾਗ

ਅਪ੍ਰੈਲ-ਜੂਨ 2012

**April -June 2012**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ



ਅਮਨ ਦੀ ਘੁਗੀ (ਪਿਕਾਸੋ)

ਮੁੱਲ 20/-  80  ਅਪ੍ਰੈਲ-ਜੂਨ-2012

# ਚਿਰਾ.ਗ ਤਿਮਾਹੀ

**ਅਪ੍ਰੈਲ-ਜੂਨ-2012**

ਸੰਪਾਦਕ ਹਰਭਜਨ ਸਿੰਘ ਹੁੰਦਲ
ਸੰਪਾਦਕੀ ਮੰਡਲ- ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ,
ਲਾਲ ਸਿੰਘ, ਸੁਲੱਖਣ ਸਰਹੱਦੀ, ਜਰਨੈਲ ਸਿੰਘ ਟਰਾਂਟੋ
ਪ੍ਰਤੀਨਿਧ- ਗਿਆਨ ਸਿੰਘ ਬਿਲਗਾ, ਯੂ.ਐਸ.ਏ., ਨਵਤੇਜ ਸਿੰਘ (ਕੈਨੇਡਾ)


## ਤਤਕਰਾ


| | |
|---|---|
| ❖ ਸੰਪਾਦਕੀ ਟਿੱਪਣੀ | ਪੰਜਾਬੀ ਗ਼ਜ਼ਲ ਬਾਰੇ |
| ❖ ਵਾਹਗਿਓਂ ਪਾਰ | ਉਰਦੂ ਕਹਾਣੀ (ਅਨਵਰ ਅਨਾਇਤ ਅੱਲਾ) ਪੰਜਾਬੀ ਕਹਾਣੀ (ਕੰਵਲ ਮੁਸ਼ਤਾਕ) |
| ❖ ਹਿੰਦੀ ਕਹਾਣੀ | ਭੇੜੀਏ (ਭਵਨੇਸ਼ਵਰ) |
| ❖ ਸਿਮ੍ਰਤੀਆਂ ਦਾ ਸਰਮਾਇਆ | ਡਾ. ਪ੍ਰੇਮ ਸਿੰਘ |
| ❖ ਵਾਹਗੇ ਪਾਰ ਦੇ ਪੰਜਾਬੀ ਕਵੀ | ਆਧੁਨਿਕ ਗ਼ਜ਼ਲ-ਗੋ ਗੁਲਾਮ ਮੁਸਤਫ਼ਾ ਬਿਸਮਿਲ (ਹਰਭਜਨ ਸਿੰਘ ਹੁੰਦਲ) |
| ❖ ਗ਼ਜ਼ਲਾਂ | ਸੁਭਾਸ਼ ਕਲਾਕਾਰ, ਮਹਿੰਦਰ ਸਾਥੀ, ਕਸ਼ਮੀਰ ਨੀਰ, ਮੱਖਣ ਕੁਹਾੜ, ਤ੍ਰੈਲੋਚਨ ਲੋਚੀ, ਜਗਤਾਰ ਸਾਲਮ, ਅਜਮੇਰ ਗਿੱਲ |
| ❖ ਹਿੰਦੀ ਗ਼ਜ਼ਲ | ਰਾਜੇਸ਼ ਰੇਡੋ, ਆਸ਼ੀਸ਼ ਦਸ਼ੋਤਰ |
| ❖ ਨਿਰਤ-ਕਲਾ | ਡੰਕਨ ਹੋਣ ਦਾ ਮਹੱਤਵ (ਵਿਸ਼ਵ ਨਰਤਕੀ) |
| ❖ ਹਿੰਦੀ ਕਾਵਿ ਸੰਗ੍ਰਹਿ | ਚੁੱਪ ਨਹੀਂ ਰਹਾ ਜਾਤਾ (ਸੰਜੇਅ ਪਰਾਤੇ) |
| ❖ ਸ਼ਰਧਾਂਜਲੀ | ਨਰਿੰਜਨ ਸਿੰਘ ਨੂਰ (ਗੁਰਨਾਮ ਢਿੱਲੋਂ) |
| ❖ ਪੁਸਤਕ ਪੜਚੋਲ | ਫਰੌਤੀ (ਨਰਿੰਜਨ ਬੋਹਾ), ਚੀਕ, ਆਲ੍ਹਣਿਆਂ ਦੀ ਚਿੰਤਾ, ਸੁਲੱਖਣ ਸਰਹੱਦੀ |
| ❖ ਪੁਸਤਕ ਪ੍ਰਾਪਤੀ | |
| ❖ ਟਾਈਟਲ | ਅਮਨ ਦੀ ਘੁੱਗੀ (ਪਿਕਾਸੋ) |



Postal Address:
Harbhajan Singh Hundal,
V.FAtu Chak,
P.O. Dhilwan
Distt. Kapurthala -144804
(Pb.) India
Phone No. 01822-273188
(M) 99150-42242
Website : www.punjabilokyan.com



ਚੰਦਿਆਂ ਦਾ ਵੇਰਵਾ

| | |
|---|---|
| ਦੇਸ਼ ਵਾਰਸ਼ਿਕ | : 80 ਰੁ. |
| ਇਕ ਪਰਚਾ | : 20 ਰੁ. |
| ਸੰਸਥਾਵਾਂ (ਵਾਰਸ਼ਿਕ) | : 100 ਰੁ. |
| ਯੂਰੋਪ | : 10 ਪੌਂਡ |
| ਅਮਰੀਕਾ | : 12 ਡਾਲਰ |
| ਕੈਨੇਡਾ | : 15 ਡਾਲਰ |

Email : kjskurukshetra@yahoo.com

ਚੰਦਾ ਸਿਰ.ਫ ਮਨੀ ਆਰਡਰ ਰਾਹੀਂ ਭੇਜਿਆ ਜਾਵੇ।

ਚਿਰਾ.ਗ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96
ਐਡੀਟਰ (ਪੰ) ਮਿਤੀ 3-9-1096 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।



ਰਚਨਾ 'ਚ ਦਰਜ ਵਿਚਾਰਾਂ ਲਈ ਲੇਖਕ ਖੁਦ ਜ਼ਿੰਮੇਵਾਰ ਹੈ। ਕਿਸੇ ਕਿਸਮ ਦੀ ਅਦਾਲਤੀ ਕਾਰਵਾਈ ਸਿਰਫ਼ ਜਲੰਧਰ 'ਚ ਹੋ ਸਕਦੀ ਹੈ।



ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਡਾਬਰਾ ਕੰਪਿਊਟਰ ਅਤੇ ਪ੍ਰਿੰਟਰਜ਼
282-ਚੰਨ ਰੋਡ, ਜਲੰਧਰ (ਫੋਨ- 98142-73311) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ
352 /1 ਗੜ੍ਹਾ (ਜਲੰਧਰ) ਫੋਨ-0181-2483033 ਤੋਂ ਪ੍ਰਕਾਸ਼ਿਤ ਕੀਤਾ।

ਉਪ੍ਰਕਾਸ਼ਨ ਮਿਤੀ - 31 ਮਾਰਚ, 2012




# ਕੁਝ ਪੰਜਾਬੀ ਗ਼ਜ਼ਲ ਬਾਰੇ

ਪੰਜਾਬੀ ਕਾਵਿ-ਖੇਤਰ ਵਿਚ ਗ਼ਜ਼ਲ ਕਾਵਿ-ਰੂਪ ਹੁਣ ਸਰਬ ਪ੍ਰਵਾਨਤ ਹੋ ਚੁੱਕਾ ਪ੍ਰਤੀਤ ਹੁੰਦਾ ਹੈ। ਹੁਣ ਇਸ ਦੀ ਸਫਲਤਾ / ਅਸਫਲਤਾ ਬਾਰੇ ਖਦਸ਼ੇ ਪ੍ਰਗਟ ਕਰਨੇ ਵੀ ਘਟਦੇ ਜਾ ਰਹੇ ਹਨ। ਕੁਝ ਦਹਾਕੇ ਪਹਿਲਾਂ ਮੁੱਖ ਖਦਸ਼ਾ ਇਹ ਪ੍ਰਗਟਾਇਆ ਜਾਂਦਾ ਸੀ ਕਿ ਉਰਦੂ ਪੜ੍ਹੇ ਬਗ਼ੈਰ ਪੰਜਾਬੀ ਵਿਚ ਚੰਗੀ ਗ਼ਜ਼ਲ ਨਹੀਂ ਲਿਖੀ ਜਾ ਸਕਦੀ। ਹੌਲੀ-ਹੌਲੀ ਇਹ ਤੌਖਲਾ ਵੀ ਬੰਦ ਹੋ ਚੁੱਕਾ ਹੈ। ਨਵੇਂ ਪੰਜਾਬੀ ਗ਼ਜ਼ਲ-ਗੋ ਚੰਗੀ ਗ਼ਜ਼ਲ ਲਿਖ ਰਹੇ ਹਨ ਤੇ ਬਗ਼ੈਰ ਉਰਦੂ ਭਾਸ਼ਾ ਸਿੱਖੇ ਦੇ ਲਿਖ ਰਹੇ ਹਨ।

ਦੂਸਰਾ ਤੌਖਲਾ ਪਰੰਪਰਾਵਾਦੀ ਗ਼ਜ਼ਲ ਲਿਖਣ ਵਾਲਿਆਂ ਵਲੋਂ ਇਹ ਪ੍ਰਗਟ ਕੀਤਾ ਜਾਂਦਾ ਸੀ ਕਿ ਸ਼ਰਾਬ-ਖਾਨੇ ਨਾਲ ਸਬੰਧਤ ਰਵਾਇਤੀ ਭਾਂਤ ਦੀ ਅਰਬੀ-ਫਾਰਸੀ ਦੀ ਪ੍ਰਤੀਕਾਵਲੀ ਬਗ਼ੈਰ ਪ੍ਰਭਾਵਸ਼ਾਲੀ ਗ਼ਜ਼ਲ ਦਾ ਸਹੀ ਵਾਤਾਵਰਨ ਸਿਰਜਿਆ ਜਾਣਾ ਅਸੰਭਵ ਹੈ। ਹੁਣ ਅਜਿਹੇ ਖਦਸ਼ਿਆਂ ਦੀ ਪੰਜਾਬੀ ਵਿਚ ਕੋਈ ਥਾਂ ਰਹਿ ਨਹੀਂ ਗਈ। ਨਿੱਤ ਨਵੇਂ ਉੱਠ ਰਹੇ ਗ਼ਜ਼ਲ-ਗੋ ਪੰਜਾਬੀ ਵਿਚ ਨਿਰੋਲ ਇਸ ਧਰਤੀ ਤੇ ਇਸ ਦੇ ਪ੍ਰਕਿਰਤਕ ਅਤੇ ਸਮਾਜਿਕ ਚੌਗਿਰਦੇ ਅਥਵਾ ਪੰਜਾਬੀ ਸਭਿਆਚਾਰ ਵਿਚੋਂ ਪ੍ਰਤੀਕ ਤੇ ਬਿੰਬ ਸਿਰਜ ਕੇ ਨਵੀਂ ਨਿਕੋਰ ਗ਼ਜ਼ਲ ਲਿਖ ਰਹੇ ਹਨ।

ਇੱਕ ਤੀਸਰਾ ਰਿਵਾਜ ਇਹ ਵੀ ਪ੍ਰਚਲਤ ਕੀਤਾ ਗਿਆ ਸੀ ਕਿ ਪਰਪੱਕ ਉਸਤਾਦਾਂ ਦੀ ਇਸਲਾਹ ਤੋਂ ਬਗ਼ੈਰ, ਬੇ-ਐਬ ਤੇ ਬੇ-ਨੁਕਸ ਗ਼ਜ਼ਲ ਲਿਖਣੀ ਅਸੰਭਵ ਹੈ। ਉਸਤਾਦੀ-ਸ਼ਾਗਿਰਦੀ ਦੀ ਇਹ ਪਰੰਪਰਾ ਸ਼ਾਇਦ ਕੁਝ ਦਹਾਕੇ ਪਹਿਲਾਂ ਜ਼ਰੂਰੀ ਵੀ ਸਮਝੀ ਜਾਂਦੀ ਹੋਵੇਗੀ, ਪਰ ਹੌਲੀ-ਹੌਲੀ ਨਵੇਂ ਉੱਠਦੇ ਗ਼ਜ਼ਲ ਲੇਖਕ ਇਸ ਪਰੰਪਰਾ ਤੋਂ ਬਾਗ਼ੀ ਹੋ ਕੇ ਖ਼ੁਦ ਹੀ ਗ਼ਜ਼ਲ ਦੇ ਕਾਵਿ-ਸ਼ਾਸਤਰ ਤੋਂ ਵਾਕਿਫ ਹੋ ਰਹੇ ਹਨ ਜਾਂ ਫਿਰ ਉਹ ਆਪਣੇ ਨਿਜੀ ਅਧਿਐਨ, ਲੋੜੀਂਦੇ ਅਭਿਆਸ ਅਤੇ ਦੋਸਤਾਂ-ਮਿੱਤਰਾਂ ਤੇ ਕਵੀਆਂ ਦੀ ਪ੍ਰੇਰਨਾ ਅਤੇ ਸਾਹਿਤ-ਸਭਾਵਾਂ ਅਤੇ ਕਲਾ ਸੰਗਠਨਾਂ ਰਾਹੀਂ ਲੋੜੀਂਦੀ ਅਗਵਾਈ ਤੇ ਸਿਖਲਾਈ ਪ੍ਰਾਪਤ ਕਰਕੇ, ਗ਼ਜ਼ਲ-ਖੇਤਰ ਵਿਚ ਪ੍ਰਵੇਸ਼ ਕਰ ਰਹੇ ਹਨ। ਉਂਝ ਵੀ ਪੁਰਾਣੇ ਉਸਤਾਦਾਂ ਕੋਲ ਦੱਸਣ ਲਈ, ਕੇਵਲ ਮਾਤਰ ਗ਼ਜ਼ਲ ਦੇ ਬਹਿਰ ਤੇ ਵਜ਼ਨ ਦੇ ਕੁਝ ਘਸੇ-ਪਿੱਟੇ, ਵੇਲਾ-ਵਿਹਾ ਚੁੱਕੇ ਅਰਬੀ-ਫਾਰਸੀ ਦੇ ਕਾਵਿ-ਫਾਰਮੂਲੇ ਹੀ ਹੁੰਦੇ ਸਨ। ਪਰ ਵੇਖਣ ਵਿਚ ਆਉਂਦਾ ਸੀ ਕਿ ਅਜਿਹੇ ਉਸਤਾਦ ਖ਼ੁਦ ਵੱਡੇ ਸ਼ਾਇਰ ਘੱਟ ਹੀ ਹੁੰਦੇ ਸਨ। ਉਹਨਾਂ ਕੋਲ ਉਰਦੂ ਜ਼ੁਬਾਨ ਦਾ ਕੁਝ ਗਿਆਨ ਤਾਂ ਹੁੰਦਾ ਹੋਵੇਗਾ, ਪਰ ਉਹਨਾਂ ਪੱਲੇ ਸਮੇਂ ਅਨੁਕੂਲ ਨਵੀਂ ਵਿਚਾਰਧਾਰਾ ਦੇ ਨਾਲ-ਨਾਲ ਉੱਚੀ ਕਲਪਣਾ-ਉਡਾਨ ਘੱਟ ਹੀ ਹੁੰਦੀ ਸੀ। ਥੋੜ੍ਹੀ-ਬਹੁਤੀ ਟੁੱਟੀ-ਭੱਜੀ ਅਗਵਾਈ ਦੇਣ ਦੇ ਪੱਜ ਉਹ ਨਵੇਂ ਉੱਠਦੇ ਸ਼ਾਇਰਾਂ ਨੂੰ ਉਮਰ ਭਰ ਲਈ ਆਪਣੇ ਸੇਵਕ, ਚੇਲੇ ਅਥਵਾ ਚਮਚੇ ਬਣਾ ਕੇ, ਸਾਹਿਤ-ਖੇਤਰ ਵਿਚ ਤੀਸ-ਮਾਰ ਖਾਂ ਬਣੇ ਫਿਰਦੇ ਰਹਿੰਦੇ ਸਨ ਤੇ ਸ਼ਾਮ ਹੋਣ ਤੇ ਦਾਰੂ-ਪਾਣੀ ਦਾ ਸਾਧਨ ਵੀ ਬਣਾ ਲੈਂਦੇ ਸਨ। ਇਹ ਉਸਤਾਦ ਨਵੇਂ ਚੇਲੇ ਨੂੰ ਕੇਵਲ ਆਪਣੀ ਕਾਰਬਨ-ਕਾਪੀ ਹੀ ਬਣਾ ਸਕਦੇ ਸਨ। ਆਪਣੇ ਤੋਂ ਬਿਹਤਰ ਕਵੀ ਨਹੀਂ।

ਹੁਣ ਉਹ ਵੇਲੇ ਲੰਘ ਚੁੱਕੇ ਹਨ। ਪੰਜਾਬੀ ਵਿਚ ਨਿੱਤ ਨਵੇਂ ਸ਼ਾਇਰ ਉਗਮ-ਵਿਗਸ ਤੇ ਪ੍ਰਵਾਨ ਚੜ੍ਹ ਰਹੇ ਹਨ, ਜਿਨ੍ਹਾਂ ਕੋਲ ਅਜਿਹੀ ਪਰੰਪਰਾਵਾਦੀ ਸਿਖਲਾਈ ਦੇ ਅਖੌਤੀ ਸਰਟੀਫਿਕੇਟ ਨਹੀਂ ਹੁੰਦੇ। ਉਹ ਆਪ ਹੀ ਸ਼ਾਗਿਰਦੇ ਹਨ ਅਤੇ ਆਪ ਹੀ ਉਸਤਾਦ ਅਥਵਾ ਉਹ ਸਵੈ-ਸਿਖਿਅਤ ਸ਼ਾਇਰ ਹਨ। ਕਿਉਂਕਿ ਨਵੀਂ ਪ੍ਰਤਿਭਾ ਦੇ ਮਾਲਕ ਸ਼ਾਇਰ ਸਭ ਪੁਰਾਣੇ ਬੰਧਨ ਤੋੜ ਕੇ, ਆਪਣੀ ਕਲਾ-ਕੌਸ਼ਲਤਾ ਸਦਕਾ ਸਾਹਿਤ ਵਿਚ ਪ੍ਰਵੇਸ਼ ਕਰਕੇ ਪ੍ਰਵਾਨ ਚੜ੍ਹ ਰਹੇ ਹਨ।

ਅਸੀਂ ਇਨਾਂ ਨਵੇਂ ਰੁਝਾਨਾਂ ਦਾ ਸਵਾਗਤ ਕਰਦੇ ਹਾਂ। •

\- ਸੰਪਾਦਕੀ ਮੰਡਲ

# ਅਜਮੇਰ ਗਿੱਲ ਦੀਆਂ ਤਿੰਨ ਗ਼ਜ਼ਲਾਂ

1.

ਕਿਸ ਸ਼ਹਿਰ ਦੇ ਵਿਚ ਆ ਗਈ ਉੱਡਕੇ ਹੈ ਅੰਦਲੀਬ।
ਪਿੱਛੇ ਹੈ ਕਫ਼ਸ ਝੂਲਦਾ ਅੱਗੇ ਖੜ੍ਹੀ ਸਲੀਬ।

ਜੰਗਲ ਤਮਾਮ ਸੜ ਰਿਹੈ ਤੱਤੀ ਹਵਾ ਦੇ ਨਾਲ,
ਕਿਸ ਸ਼ਾਖ ਉੱਤੇ ਬਹਿਣਗੇ ਪੰਛੀ ਮੇਰੇ ਨਸੀਬ।

ਮੰਗੇ ਜੇ ਸਿਰ ਤਾਂ ਪੇਸ਼ ਕਰਨਗੇ ਤਲੀ ਤੇ ਧਰ,
ਇਸ ਦੇਸ਼ ਦੇ ਲੋਕੀਂ ਕਿਵੇਂ ਨੇ ਫਿਰ ਤਿਰੇ ਰਕੀਬ?

ਹੁੰਦਾ ਜੇ ਰੋਗ ਤਾਂ ਕੋਈ ਕਰਦੇ ਇਲਾਜ ਵੀ,
ਇਸ ਬੇ-ਕਰਾਰੀ ਦਾ ਨਹੀਂ ਲੱਭਾ ਕਿਤੋਂ ਤਬੀਬ।

ਰੌਸ਼ਨ ਹੈ ਉਫ਼ਕ ਹੋ ਰਿਹਾ, ਮਹਿਕੇ ਨੇ ਬਾਗ ਵਣ,
ਕਿਸਦਾ ਖ਼ਿਆਲ ਆ ਰਿਹਾ, ਦਿਲ ਦੇ ਮਿਰੇ ਕਰੀਬ।

'ਅਜਮੇਰ' ਤੇਰੇ ਨਾਲ ਹੀ ਖਾਮੋਸ਼ ਹੋ ਗਿਆ,
ਇਹ ਸ਼ਹਿਰ ਵੀ ਤੇਰੀ ਤਰ੍ਹਾਂ ਕਿੰਨਾ ਹੈ ਬਦਨਸੀਬ।

2.

ਚਿਲਕਦੀ ਧੁੱਪ ਵਿਚ ਘਰ 'ਚੋਂ ਨਾ ਬਾਹਰ ਨਿਕਲਿਆ ਕਰ।
ਤੂੰ ਸ਼ੀਸ਼ਾ ਹੀ ਸਹੀ, ਮੈਂ ਮੰਨਦਾ, ਨਾ ਲਿਸ਼ਕਿਆ ਕਰ।

ਪਤਾ ਕੀ? ਕੌਣ ਖੋਲ੍ਹੇ ਤੇ ਪੜ੍ਹੇ, ਪੜ੍ਹਕੇ ਚੁਰਾਵੇ,
ਕਿਤਾਬਾਂ ਵਿਚ ਖ਼ਤ ਮਹਿਬੂਬ ਦੇ ਨਾ ਰੱਖਿਆ ਕਰ।

ਪਰਾਇਆ ਸ਼ਹਿਰ ਹੈ ਰੰਗਾਂ ਸੁਗੰਧਾਂ ਦਾ ਵੀ ਮੌਸਮ,
ਤੂੰ ਐਵੇਂ ਅਜਨਬੀ ਰੁੱਖਾਂ ਦੇ ਗ਼ਲ ਨਾ ਲੱਗਿਆ ਕਰ।

ਕਿਵੇਂ ਬਗਲਾਂ 'ਚ ਖੰਜਰ ਲੈ ਕੇ ਮਿਲਕੇ ਮੁਸਕਰਾਵਣ,
ਸਲੀਕਾ ਦੁਸ਼ਮਣੀ ਦਾ ਦੋਸਤਾਂ ਤੋਂ ਸਿੱਖਿਆ ਕਰ।

ਅਜੇ ਤੱਕ ਫ਼ੋਲਿਆ ਕਿਸਨੇ ਸਮੁੰਦਰ ਹੈ ਮੁਕੰਮਲ,
ਸਫ਼ੈਦੇ ਦੀ ਤਰ੍ਹਾਂ ਅਸਮਾਨ ਨੂੰ ਵੀ ਚੁੰਮਿਆ ਕਰ।



ਨਮੀ ਅੱਖਾਂ 'ਚ, ਬੁੱਲਾਂ ਤੇ ਤਬੱਸਮ, ਦਰਦ ਮਨ ਵਿਚ,
ਸਦਾ 'ਅਜਮੇਰ' ਕੋਲੋਂ ਇਸ ਤਰ੍ਹਾਂ ਨਾ ਵਿਛੜਿਆ ਕਰ।

3.

ਛਾਲੀਂ ਭਰੇ ਸੁਖ਼ਨ ਤੇ ਨਾ ਬੰਨ੍ਹੇ ਕਿਸੇ ਫਹੇ।
ਬਲਦੇ ਮਕਾਨਾਂ ਵਿਚ ਅਸੀਂ ਫਿਰ ਵੀ ਹਾਂ ਜੀਅ ਰਹੇ।

ਕੁਝ ਹੋਰ ਬਿਰਧ ਹੋਗੀਆਂ ਇਸ ਵਾਰ ਔਸੀਆਂ,
ਇਤਫ਼ਾਕ ਲੱਗਦੇ ਨੇ ਕਦੋਂ ਤੇਰੇ ਮਿਰੇ ਕਹੇ।

ਜਿਸ ਡਾਲ੍ਹ ਤੋਂ ਕੀਤਾ ਜੁਦਾ ਸੀ ਆਲ੍ਹਣਾ ਹਵਾ,
ਵੇਖੇ ਮੈਂ ਬੋਟ ਗੁਟਕਦੇ ਫਿਰ ਓਸ ਡਾਲ੍ਹ ਤੇ।

ਏਨੀ ਕੁ ਹੈ ਕਹਾਣੀ ਤੇਰੇ ਗ਼ਮ ਦੀ ਜ਼ਿੰਦਗੀ,
ਸੱਚ ਹੈ ਕਿ ਖਾ ਕੇ ਹਾਰ ਵੀ ਲੋਕੀਂ ਨੇ ਜੂਝਦੇ।

ਵਾਤਾਵਰਣ ਤੇ ਫ਼ੈਲੀਆਂ ਕੁਝ ਇੰਝ ਤਲਖੀਆਂ,
ਪੂਨਮ ਦੇ ਚੰਦ 'ਤੇ ਜਿਵੇਂ ਕਾਲ੍ਹੀ ਘਟਾ ਬਹੇ।

ਹਰ ਖ਼ਾਬ, ਰੰਗ, ਸ਼ਾਮ, ਖੁਸ਼ੀ ਦੂਰ ਤੋਂ ਮਿਲੀ,
ਮਹਿਫ਼ਲ ਸੀ, ਮਹਿਕ ਸੀ ਤੇ ਤਨਹਾ ਅਸੀਂ ਰਹੇ।

'ਅਜਮੇਰ' ਹੈ ਸੁਬ੍ਹਾ ਨਾ, ਮੁਲਾਕਾਤ ਹੋ ਰਹੀ,
ਕੋਈ ਸਤਾਏ ਇਸ ਸਮੇਂ ਨਾ, ਤੇਰਾ ਨਾ ਕਰੇ।

## ਮੁਬਾਰਕਬਾਦ

ਪੰਜਾਬੀ ਦੇ ਹਰਮਨ ਪਿਆਰੇ ਤੇ ਸ਼੍ਰੇਸ਼ਟ ਕਵੀ ਸ੍ਰੀ ਸੁਰਜੀਤ ਪਾਤਰ ਨੂੰ ਭਾਰਤ ਸਰਕਾਰ ਵਲੋਂ ਪਦਮਸ਼੍ਰੀ ਦੇ ਖ਼ਿਤਾਬ ਨਾਲ ਨਿਵਾਜਿਆ ਗਿਆ ਹੈ। ਚਿਰਾਗ਼ ਸੰਪਾਦਕੀ ਮੰਡਲ ਇਸ ਪ੍ਰਾਪਤੀ ਉੱਤੇ ਪਾਤਰ ਸਾਹਿਬ ਨੂੰ ਮੁਬਾਰਕਵਾਦ ਭੇਜਦਾ ਹੈ। ਇੰਝ ਹੀ ਨਾਵਲਕਾਰ ਬਲਦੇਵ ਸਿੰਘ ਨੂੰ "ਮੈਂ ਢਾਹਵਾਂ ਦਿੱਲੀ ਦੇ ਕਿੰਗਰੇ" ਨਾਵਲ ਉੱਤੇ ਸਾਹਿਤ ਅਕਾਡਮੀ ਪੁਰਸਕਾਰ ਨਾਲ ਨਿਵਾਜਿਆ ਹੈ। ਅਦਾਰਾ ਚਿਰਾਗ਼ ਇਸ ਚੋਣ ਉੱਤੇ ਖੁਸ਼ੀ ਅਨੁਭਵ ਕਰਦਾ, ਨਾਵਲਕਾਰ ਨੂੰ ਵਧਾਈ ਦਿੰਦਾ ਹੈ। – ਅਦਾਰਾ ਚਿਰਾਗ਼

ਉਰਦੂ ਕਹਾਣੀ

# ਇਸ ਅੱਗ ਨੂੰ ਬੁਝਾਉਣਾ ਹੈ

ਲੇਖਕ : ਅਨਵਰ ਅਨਾਇਤ ਅੱਲਾ

ਜਿਹੜੀ ਔਰਤ ਮੇਰੇ ਸਾਹਮਣੇ ਆ ਖੜ੍ਹੀ ਹੋਈ ਸੀ, ਉਹ, ਉਹ ਬਿਲਕੁਲ ਨਹੀਂ ਸੀ ਲੱਗ ਰਹੀ ਜਿਸ ਨੂੰ ਮਿਲਣ ਵਾਸਤੇ ਮੈਂ ਇੱਥੇ ਆਇਆ ਸਾਂ .... ਨਾ ਸੁੰਦਰ ਸ਼ੁਸ਼ੀਲ ਸੀ, ਨਾ ਨਾਜ਼ੁਕ ਮਲੂਕ ਤੇ ਨਾ ਹੀ ਮਿਲਣਸਾਰ। ਇਹ ਤਾਂ ਕੋਈ ਹੋਰ ਹੀ ਜਾਪਦੀ ਸੀ। ਸਮਾਂ ਕਾਫ਼ੀ ਅਗਾਂਹ ਲੰਘ ਆਇਆ ਹੈ - ਪਰ ਸੜਕਾਂ ਤੇ ਮੁਹੱਲਿਆਂ ਦੀ ਹਾਲਤ ਉਹੋ-ਜਿਹੀ ਹੀ ਸੀ। ਕਦੀ ਇਹ ਇਕ ਨਿੱਕਾ ਜਿਹਾ ਸ਼ਾਂਤਮਈ ਸ਼ਹਿਰ ਹੁੰਦਾ ਸੀ ਤੇ ਹੁਣ ਇਸਦੀ ਆਬਾਦੀ ਖਾਸੀ ਵਧੀ ਹੋਈ ਹੈ। ਕਈ ਨਵੇਂ-ਨਵੇਂ ਮੁਹੱਲੇ ਤੇ ਬਸਤੀਆਂ ਵੱਸ ਗਏ ਹਨ, ਪਰ ਪੁਰਾਣੇ ਮੁਹੱਲੇ ਜਿਵੇਂ ਦੇ ਤਿਵੇਂ ਸਨ, ਜਿਵੇਂ ਸਮੇਂ ਨੇ ਉਹਨਾਂ ਦਾ ਕੁਝ ਵੀ ਨਾ ਵਿਗਾੜਿਆ ਹੋਵੇ।

ਮੈਂ ਇੱਕ ਜਾਣੇ ਪਛਾਣੇ ਦਰਵਾਜ਼ੇ ਤੇ ਘੰਟੀ ਵਜਾਈ। ਅੰਦਰ ਫੌਰਨ ਪੈੜ ਚਾਲ ਸੁਣਾਈ ਦਿੱਤੀ। ਦਰਵਾਜ਼ਾ ਖੁੱਲ੍ਹ ਗਿਆ ਤੇ ਫਿਰ ਉਹ ਔਰਤ ਮੇਰੇ ਸਾਹਮਣੇ ਆ ਖੜ੍ਹੀ ਹੋਈ.... ਇੱਕ ਤੁੱਥ-ਮੁੱਥ ਜਿਹੀ ਔਰਤ, ਜਿਸਦੇ ਚਿਹਰੇ ਉੱਪਰ ਕੁਰਖ਼ਤੀ ਤੇ ਚਿੜਚਿੜੇਪਨ ਦੇ ਆਸਾਰ ਸਨ। ਪਰ ਜਦੋਂ ਉਸਨੇ ਜ਼ਰਾ ਗੌਰ ਨਾਲ ਮੇਰੇ ਵੱਲ ਦੇਖਿਆ ਤਾਂ ਉਸਦੇ ਚਿਹਰੇ ਦੀ ਕੁਰਖ਼ਤੀ ਤੇ ਚਿੜਚਿੜਾਹਟ ਗਾਇਬ ਹੋ ਗਈ ਤੇ ਫਿਰ...

"ਓ ਤੁਸੀਂ.... ਯਾਨੀ ਕਿ ਤੂੰ, ਅਖ਼ਤਰ ਵੀਰ? ਕਦ ਆਇਆ ਏਂ? ਕੀ ਹਾਲ ਚਾਲ ਨੇ ? ਕਿੱਥੇ ਠਹਿਰਿਆ ਹੋਇਆ ਏਂ? ਕੱਲਾ ਈ ਆਇਆ ਏਂ.... ਭਾਬੀ ਤੇ ਬੱਚੇ ਕਿੱਥੇ ਨੇ?" ਮੁਸਕਰਾ ਕੇ ਉਸਨੇ ਇੱਕੋ ਸਾਹੇ ਅਨੇਕਾਂ ਸਵਾਲ ਕਰ ਦਿੱਤੇ ਸਨ ਤੇ ਮੇਰੇ ਜੁਆਬ ਦੀ ਉਡੀਕ ਕੀਤੇ ਬਿਨਾਂ ਹੀ ਮੇਰਾ ਹੱਥ ਫੜ੍ਹ ਕੇ ਖਿੱਚਦੀ ਹੋਈ ਉਹ ਮੈਨੂੰ ਅੰਦਰ ਲੈ ਤੁਰੀ ਸੀ, "ਆ ਨਾ, ਅੰਦਰ ਲੰਘ ਆ.... ਇੱਥੇ ਹੀ ਕਿਉਂ ਖਲੋ ਗਿਐਂ?" ਉਦੋਂ ਹੀ ਅੰਦਰੋਂ ਇੱਕ ਅਵਾਜ਼ ਆਈ।

"ਮੀਰਾ, ਕੌਣ ਐ? ਨੰਦੂ ਵਾਪਸ ਆ ਗਿਆ ਕਿ....?"

"ਨਹੀਂ ਮਾਂ.... ਕੋਈ ਹੋਰ ਈ ਬੁੱਧੂ ਆਇਐ। ਅੰਦਰ ਆ ਕੇ ਈ ਦਸਦੀ ਆਂ।" ਕਹਿੰਦੀ ਹੋਈ ਉਹ ਮੈਨੂੰ ਡਰਾਇੰਗ ਰੂਮ ਵਿਚ ਲੈ ਗਈ। ਉਦੋਂ ਮੈਨੂੰ ਇੰਝ ਮਹਿਸੂਸ ਹੋਇਆ ਜਿਵੇਂ ਅਠੱਤੀ ਵਰ੍ਹੇ ਪੁਰਾਣੀ ਉਹ ਕੰਧ ਢਹਿ-ਢੇਰੀ ਹੋ ਗਈ ਹੈ ਜਿਹੜੀ ਸਰਹੱਦ ਦੇ ਦੋਵੇਂ ਪਾਸੇ ਵੱਸਦੇ ਲੋਕਾਂ ਦੇ ਦਿਲਾਂ ਵਿਚ ਨਫ਼ਰਤ, ਬੇਪ੍ਰਤੀਤੀ ਤੇ ਈਰਖਾ ਦੀ ਅੱਗ ਬਣ ਕੇ ਖੜ੍ਹੀ ਹੋਈ ਸੀ - ਜਿਸਨੇ ਮੈਨੂੰ ਅਜਿਹੇ ਅਨੇਕਾਂ ਮਿੱਤਰਾਂ-ਪਿਆਰਿਆਂ ਤੋਂ ਦੂਰ ਕੀਤਾ ਹੋਇਆ ਸੀ ਜਿਹਨਾਂ ਨਾਲ ਮੇਰੇ ਬਚਪਨ ਦੀ ਸਾਂਝ ਸੀ ਤੇ ਜਿਹੜੇ ਕਦੀ ਮੇਰੇ ਆਪਣੇ ਹੁੰਦੇ ਸਨ?

ਮੈਨੂੰ ਇਸ ਨਿੱਘੇ ਸਵਾਗਤ ਦੀ ਆਸ ਵੀ ਨਹੀਂ ਸੀ, ਕਿਉਂਕਿ ਇਕ ਅਰਸਾ ਪਹਿਲਾਂ ਮਹਿਬੂਬ ਦੇ ਖ਼ਤ ਰਾਹੀਂ ਪਤਾ ਲੱਗਿਆ ਸੀ ਮੀਰਾ ਦਾ ਇਕਲੌਤਾ ਭਰਾ ਤੇ ਮੇਰੇ ਬਚਪਨ ਦਾ ਸਭ ਤੋਂ ਪਿਆਰਾ ਸਾਥੀ ਕ੍ਰਿਸ਼ਨ 1965 ਦੀ ਜੰਗ ਵਿਚ ਮਾਰਿਆ ਗਿਆ



ਸੀ.... ਪਰ ਦਿੱਲੀ ਵਿਚ ਹੋ ਰਹੀ ਕਾਨਫਰੰਸ ਜਦ ਖ਼ਤਮ ਹੋਈ ਤਾਂ ਮੈਂ ਉਚੇਚਾ ਇਕ ਦਿਨ ਇਸ ਸ਼ਹਿਰ ਵਿਚ ਬਿਤਾਉਣ ਦੀ ਇਜਾਜ਼ਤ ਲੈ ਲਈ। ਇੱਥੇ ਮੇਰਾ ਬਚਪਨ ਤੇ ਜਵਾਨੀ ਦੇ ਪਹਿਲੇ ਕਈ ਸਾਲ ਬੀਤੇ ਸਨ। ਅਨੇਕਾਂ ਯਾਦਾਂ ਜੁੜੀਆਂ ਹੋਈਆਂ ਸਨ ਇਸ ਸ਼ਹਿਰ ਨਾਲ। ਉਂਝ ਜਹਾਜ਼ ਵਿਚ ਸਵਾਰ ਹੋਣ ਪਿੱਛੋਂ ਮੈਂ ਫੈਸਲਾ ਕਰ ਲਿਆ ਸੀ ਕਿ ਮੈਂ ਆਪਣੇ ਪੁਰਾਣੇ ਮੁਹੱਲੇ ਵਿਚ ਤਾਂ ਜਾਵਾਂਗਾ ਪਰ ਕ੍ਰਿਸ਼ਨ ਹੁਰਾਂ ਦੇ ਘਰ ਨਹੀਂ....। ਪਰ ਉੱਥੇ ਪਹੁੰਚ ਕੇ ਜਦ ਮੈਨੂੰ ਉਹਨਾਂ ਲੋਕਾਂ ਦਾ ਜੱਦੀ ਮਕਾਨ ਨਜ਼ਰ ਆਇਆ ਤਾਂ ਮੇਰੇ ਸਾਰੇ ਫੈਸਲੇ ਧਰੇ ਰਹਿ ਗਏ ਸਨ। ਉਹ, ਉਹ ਘਰ ਸੀ ਜਿੱਥੇ ਹਮੇਸ਼ਾ ਮੈਨੂੰ ਅਥਾਹ ਪਿਆਰ ਤੇ ਅਪਣੱਤ ਮਿਲਦੀ ਸੀ। ਦਿਲ ਬੇਕਾਬੂ ਹੋ ਗਿਆ ਤੇ ਬੇਵੱਸ ਹੋ ਕੇ ਮੈਂ ਸੋਚਿਆ, "ਜਦ ਇੱਥੇ ਤੀਕ ਪਹੁੰਚ ਹੀ ਗਿਆ ਹਾਂ ਤਾਂ ਉਸ ਕੁੜੀ ਨੂੰ ਮਿਲੇ ਬਗ਼ੈਰ ਵਾਪਸ ਕਿਵੇਂ ਚਲਾ ਜਾਵਾਂ ਜਿਸਨੇ ਕਦੀਂ ਮੇਰੇ ਗੁੱਟ 'ਤੇ ਰੱਖੜੀ ਬੰਨ੍ਹ ਕੇ ਮੈਨੂੰ ਆਪਣਾ ਭਰਾ ਬਣਾਇਆ ਸੀ ਤੇ ਹਮੇਸ਼ਾ ਹੀ ਆਪਣੇ ਵੱਡੇ ਭਰਾ ਵਾਂਗ ਪਿਆਰਿਆ ਤੇ ਸਤਿਕਾਰਿਆ ਸੀ?

ਜਿਸ ਘਰ ਵਿਚ ਮੇਰਾ ਐਨਾ ਜਾਣਾ-ਆਉਣਾ ਸੀ ਕਿ ਮੈਂ ਉਸੇ ਪਰਿਵਾਰ ਦਾ ਜੀਅ ਬਣ ਗਿਆ ਸਾਂ ਤੇ ਕ੍ਰਿਸ਼ਨ ਸਾਡੇ ਪਰਿਵਾਰ ਦਾ, ਆਪਣਾ। ਸਮੇਂ ਦੇ ਗੇੜ ਨਾਲ ਸਿਆਸੀ ਹਾਲਾਤ ਬਦਲੇ- ਸ਼ਹਿਰ ਵਿਚ ਹਿੰਦੂ ਮੁਸਲਮਾਨ ਫਸਾਦ ਹੋਣ ਲੱਗ ਪਏ- ਪਰ ਸਾਡੀ ਦੋਸਤੀ ਵਿਚ ਫ਼ਰਕ ਨਹੀਂ ਪਿਆ। ਫਿਰ ਮੈਂ ਉੱਚ-ਵਿੱਦਿਆ ਹਾਸਲ ਕਰਨ ਵਾਸਤੇ ਲੰਦਨ ਚਲਾ ਗਿਆ ਤੇ ਕ੍ਰਿਸ਼ਨ ਨੂੰ ਆਪਣੇ ਪਿਤਾ ਦੀ ਮੌਤ ਪਿੱਛੋਂ ਜਾਇਦਾਦ ਦੀ ਦੇਖਭਾਲ ਕਰਨ ਲਈ ਪੜ੍ਹਾਈ ਛੱਡਣੀ ਪਈ। ਉਸੇ ਜ਼ਮਾਨੇ ਵਿਚ ਆਜ਼ਾਦੀ ਦਾ ਸੂਰਜ ਚੜ੍ਹਿਆ-ਦੁਨੀਆਂ ਦੇ ਨਕਸ਼ੇ ਉੱਪਰ ਦੋ ਆਜ਼ਾਦ ਮੁਲਕਾਂ ਦੀ ਹੋਂਦ ਪ੍ਰਤੱਖ ਹੋ ਗਈ। ਮੇਰੇ ਮਾਂ-ਬਾਪ ਪਾਕਿਸਤਾਨ ਹਿਜ਼ਰਤ ਕਰ ਗਏ। ਪੜ੍ਹਾਈ ਪੂਰੀ ਕਰਨ ਤੱਕ ਦੇ ਸਮੇਂ ਨੇ ਮੈਨੂੰ ਇਕ ਨਵੇਂ ਦੇਸ਼ ਦਾ ਨਾਗਰਿਕ ਬਣਾ ਦਿੱਤਾ। ਮੈਂ ਅਠੱਤੀਆਂ ਵਰ੍ਹਿਆਂ ਬਾਅਦ ਪਹਿਲੀ ਵਾਰੀ ਭਾਰਤ ਆਇਆ ਸਾਂ ਤੇ ਪਹਿਲੀ ਹੀ ਵਾਰੀ ਆਪਣੇ ਇਸ ਇਤਿਹਾਸਕ ਸ਼ਹਿਰ ਵਿਚ।

ਵਰ੍ਹਿਆਂ ਦੀ ਕਹਾਣੀ ਪਲਾਂ ਵਿਚ ਅੱਖਾਂ ਅੱਗੋਂ ਲੰਘ ਗਈ। ਉਹ ਮੈਨੂੰ ਡਰਾਇੰਗ ਰੂਮ ਵਿਚ ਬਿਠਾ ਕੇ ਵਾਪਸ ਜਾ ਚੁੱਕੀ ਸੀ ਤੇ ਮੈਂ ਇਕੱਲਾ ਬੀਤੇ ਦੇ ਹਨ੍ਹੇਰਿਆਂ ਵਿਚ ਭਟਕ ਰਿਹਾ ਸਾਂ। ਕੁਝ ਚਿਰ ਬਾਅਦ ਜਦ ਉਹ ਵਾਪਸ ਪਰਤੀ ਤਾਂ ਉਸਦੀ ਮਾਂ ਵੀ ਨਾਲ ਸੀ, ਉਹਦੇ। ਮਾਂ ਜੀ ਨੂੰ ਉਸਨੇ ਸਹਾਰਾ ਦਿੱਤਾ ਹੋਇਆ ਸੀ ਤੇ ਉਹਨਾਂ ਦੀਆਂ ਅੱਖਾਂ 'ਤੇ ਕਾਲੇ ਸ਼ੀਸ਼ਿਆਂ ਦੀ ਐਨਕ ਲੱਗੀ ਹੋਈ ਸੀ, "ਅੱਛਾ ਤਾਂ ਤੂੰ ਆਇਐਂ ਅਖ਼ਤਰ ਪੁੱਤਰਾ!" ਉਹਨਾਂ ਖਲਾਅ ਵਿਚ ਤੱਕਦਿਆਂ ਕਿਹਾ, "ਐਨੇ ਸਾਲਾਂ ਪਿੱਛੋਂ ਜੀਅ ਕਿਵੇਂ ਕਰ ਆਇਆ ਤੇਰਾ? ਕਿੱਦੋਂ ਆਇਆ ਸੈਂ? ਹੋਰ ਕੀ ਹਾਲ-ਚਾਲ ਨੇ ਉੱਥੇ? ਕੱਲਾ ਕਿਉਂ ਆਇਆ ਏਂ? ਬਹੂ ਤੇ ਬੱਚਿਆਂ ਨੂੰ ਨਾਲ ਕਿਉਂ ਨਹੀਂ ਲਿਆਇਆ?"

ਇਸ ਤੋਂ ਪਹਿਲਾਂ ਕਿ ਮੈਂ ਆਦਾਬ ਕਹਿੰਦਾ, ਉਹਨਾਂ ਵੀ ਮੀਰਾ ਵਾਂਗ ਹੀ ਸਵਾਲਾਂ ਦੀ ਵਾਛੜ ਕਰ ਦਿੱਤੀ ਸੀ।

'ਦੱਸਦਾਂ ਮਾਂ ਜੀ.... ਤੁਸੀਂ ਸੁਣਾਓ ਕੀ ਹਾਲ-ਚਾਲ ਨੇ? ਸਿਹਤ ਤਾਂ ਠੀਕ ਰਹਿੰਦੀ

ਏ ਨਾ?" ਮੈਂ ਆਦਾਬ ਕਰਕੇ ਪੁੱਛਿਆ।

"ਬਸ, ਜਿਉਂ ਰਹੀ ਆਂ ਪੁੱਤਰ- ਤੂੰ ਦੇਖ ਈ ਰਿਹੈਂ। ਬਸ ਦੇਖ ਨਹੀਂ ਸਕਦੀ, ਉਂਝ ਚੰਗੀ ਭਲੀ ਆਂ।" ਫਿਰ ਉਹਨਾਂ ਆਪਣੀ ਧੀ ਨੂੰ ਕਿਹਾ, "ਮੀਰਾ ਦੇਖ ਵੀਰ ਆਇਐ ਐਨਿਆਂ ਸਾਲਾਂ ਪਿੱਛੋਂ। ਜਾਹ, ਲਿਆ ਕੇ ਇਸਨੂੰ ਨਿੰਬੂ ਪਾਣੀ ਪਿਲਾਅ ਪਹਿਲਾਂ। ਇਹ ਤਾਂ ਦਿਨ 'ਚ ਕਈ-ਕਈ ਵਾਰੀ ਪੀਂਦਾ ਹੁੰਦਾ ਸੀ।" ਫਿਰ ਮੇਰੇ ਵੱਲ ਭੌਂ ਕੇ ਬੋਲੀ, "ਦੇਖ ਪੁੱਤਰ ਮੈਂ ਰੋਟੀ ਖਾਧੇ ਬਗ਼ੈਰ ਜਾਣ ਨਹੀਓਂ ਦੇਣਾ। ਹੁਣੇ ਨੌਕਰ ਨੂੰ ਕਹਿ ਕੇ ਕੋਫਤੇ ਬਣਵਾਉਂਦੀ ਆਂ - ਤੈਨੂੰ ਪਨੀਰ ਦੇ ਕੋਫ਼ਤੇ ਪਸੰਦ ਐ ਨਾ?"

ਪਿਆਰ ਦੇ ਇਸ ਤੂਫ਼ਾਨ ਵਿਚ ਏਦਾਂ ਵਹਿ ਗਿਆ ਸਾਂ ਮੈਂ ਕਿ ਮੇਰਾ ਉਹਨਾਂ ਨਾਲ ਜੱਫੀ ਪਾ ਕੇ ਰੋਣ ਨੂੰ ਜੀਅ ਕਰ ਰਿਹਾ ਸੀ। ਮੇਰੀ ਆਪਣੀ ਮਾਂ ਤਾਂ ਮੇਰੇ ਬਚਪਨ ਵਿਚ ਹੀ ਮਰ ਗਈ ਸੀ, ਉਦੋਂ ਤੋਂ ਇਹੋ ਮੇਰੀ ਮਾਂ ਸੀ।

"ਵੀਰ ਤੂੰ ਬੈਠ ਕੇ ਮਾਂ ਨਾਲ ਗੱਲਾਂ ਕਰ, ਮੈਂ ਜ਼ਰਾ ਰਾਮ ਭਰੋਸੇ ਨੂੰ ਖਾਣੇ ਬਾਰੇ ਕਹਿ ਕੇ ਹੁਣੇ ਆਈ।" ਕਹਿੰਦੀ ਹੋਈ ਉਹ ਚਲੀ ਗਈ, ਕੁਝ ਚਿਰ ਲਈ ਕਮਰੇ ਵਿਚ ਚੁੱਪ ਪਸਰ ਗਈ। ਫਿਰ ਮਾਂ ਜੀ ਨੇ ਧੀਮੀ ਆਵਾਜ਼ ਵਿਚ ਪੁੱਛਿਆ, "ਮੀਰਾ ਚਲੀ ਗਈ"

"ਹਾਂ ਜੀ ਚਲੀ ਗਈ।" ਮੈਂ ਵੀ ਹੌਲੀ ਜਿਹੀ ਕਿਹਾ।

'ਰੋਟੀ ਵਾਸਤੇ ਤਾਂ ਮੈਂ ਤੈਨੂੰ ਉਂਝ ਹੀ ਕਹਿ ਦਿੱਤਾ ਸੀ .... ਤੂੰ ਚਲਾ ਜਾਅ ਪੁੱਤਰ, ਉਸਦੇ ਆਉਣ ਤੋਂ ਪਹਿਲਾਂ ਪਹਿਲਾਂ....।" ਉਸਦੀ ਆਵਾਜ਼ ਵਿਚ ਨਾ ਨਫ਼ਰਤ ਸੀ ਤੇ ਨਾ ਹੀ ਗੁੱਸਾ - ਸਗੋਂ ਇੱਕ ਅਪਣਤ ਸੀ।

"ਚਲਾ ਜਾਵਾਂ.... ਪਰ ਕਿਉਂ?" ਮੈਂ ਪ੍ਰੇਸ਼ਾਨ ਜਿਹਾ ਹੋ ਕੇ ਪੁਛਿਆ ਸੀ, "ਮੈਂ ਕੁਝ ਸਮਝਿਆ ਨਹੀਂ....।"

"ਗੱਲ ਸਮਝਣ-ਸਮਝਾਉਣ ਦੀ ਨਹੀਂ, ਗੱਲ ਅਮਲ ਕਰਨ ਦੀ ਐ। ਕੀ ਤੈਨੂੰ ਨਹੀਂ ਪਤਾ, ਮੀਰਾ ਵਿਧਵਾ ਹੋ ਗਈ ਐ? ਉਸਦਾ ਪਤੀ ਮੇਰੇ ਕ੍ਰਿਸ਼ਨ ਵਾਂਗ ਹੀ 71 ਦੀ ਜੰਗ ਵਿਚ ਮਾਰਿਆ ਗਿਆ ਸੀ।" ਸੁਣ ਕੇ ਮੇਰਾ ਤ੍ਰਾਹ ਨਿਕਲ ਗਿਆ। ਮੈਨੂੰ ਇਸ ਗੱਲ ਦਾ ਉੱਕਾ ਹੀ ਪਤਾ ਨਹੀਂ ਸੀ। ਅਸਲ ਵਿਚ ਮਹਿਬੂਬ ਦੀ ਬੇਵਕਤ ਮੌਤ ਪਿੱਛੋਂ ਮੇਰਾ ਇਸ ਸ਼ਹਿਰ ਨਾਲੋਂ ਸੰਬੰਧ ਹੀ ਟੁੱਟ ਗਿਆ ਸੀ। ਜੇ ਮੈਨੂੰ ਪਤਾ ਹੁੰਦਾ ਕਿ ਜੰਗ ਦੇ ਭਿਆਨਕ ਦੈਂਤ ਨੇ ਇਸ ਘਰ ਦੇ ਦੋ ਜੀਅ ਹੜਪ ਲਏ ਸਨ ਤਾਂ ਮੈਂ ਕਦ ਵੀ ਇੱਥੇ ਆਉਣ ਦਾ ਹੀਆ ਨਾ ਕਰਦਾ।

"ਮੈਨੂੰ ਬੜਾ ਦੁੱਖ ਹੋਇਆ ਏ ਮਾਂ ਜੀ।" ਮੈਂ ਖਾਸੀ ਮੱਧਮ ਤੇ ਥਿੜਕਦੀ ਜਿਹੀ ਆਵਾਜ਼ ਵਿਚ ਕਿਹਾ, "ਖ਼ੁਦਾ ਦੀ ਸੌਂਹ ਮੈਨੂੰ ਉੱਕਾ ਹੀ ਨਹੀਂ ਸੀ, ਪਤਾ ਬਈ ਵਕਤ ਨੇ ਤੁਹਾਡੇ ਉਪਰ ਐਨੇ ਜ਼ੁਲਮ ਢਾਏ ਨੇ।"

"ਪੁੱਤਰ ਨਾ ਮੈਂ ਵਕਤ ਨੂੰ ਉਲਾਂਭਾ ਦੇ ਰਹੀ ਆਂ ਤੇ ਨਾ ਹੀ ਤੈਨੂੰ.... ਇਹ ਤਾਂ ਤਕਦੀਰ ਦੀ ਗੱਲ ਐ, ਜੋ ਨਾ ਤੇਰੇ ਵੱਸ ਐ ਤੇ ਨਾ ਸਾਡੇ। ਦੁੱਖ ਐ ਤਾਂ ਸਿਰਫ਼ ਇਸ ਗੱਲ ਦਾ ਕਿ ਪੁੱਤਰ ਤੇ ਜਵਾਈ ਵਾਂਗ ਦੋਹਤਾ ਵੀ ਫ਼ੌਜ ਵਿਚ ਭਰਤੀ ਹੋਣਾ ਚਾਹੁੰਦਾ ਐ ਮੀਰਾ ਦਾ ਇਕੋ ਇਕ ਮੁੰਡਾ....।"



ਸਾਡੀ ਗੱਲ ਅਜੇ ਇੱਥੇ ਹੀ ਪੁੱਜੀ ਸੀ ਕਿ ਕਿਸੇ ਦੇ ਪੈਰਾਂ ਦਾ ਖੜਾਕ ਸੁਣ ਕੇ ਮਾਂ ਜੀ ਚੁੱਪ ਹੋ ਗਏ। ਦੂਜੇ ਪਲ ਮੀਰਾ ਅੰਦਰ ਆ ਗਈ। ਉਸਦੇ ਨਾਲ ਇਕ ਪੰਦਰਾਂ ਕੁ ਵਰ੍ਹਿਆਂ ਦਾ ਸੋਹਣਾ ਸੁਨੱਖਾ ਮੁੰਡਾ ਵੀ ਸੀ।

"ਬੇਟਾ ਤੇਰੇ ਮਾਮਾ ਜੀ ਨੇ।" ਫਿਰ ਮੈਨੂੰ ਦੱਸਿਆ, "ਇਹ ਮੋਹਨ ਏ ਵੀਰ.... ਮੇਰਾ ਪੁੱਤਰ।"

ਮੁੰਡੇ ਨੇ ਸਤਿਕਾਰ ਨਾਲ ਦੋਵੇਂ ਹੱਥ ਜੋੜ ਕੇ ਮੈਨੂੰ ਨਮਸਤੇ ਆਖੀ ਤੇ ਪੂਰੇ ਉਤਸ਼ਾਹ ਨਾਲ ਅੱਗੇ ਵਧ ਕੇ ਹੱਥ ਮਿਲਾਇਆ।

"ਪੂਰੇ ਅਠੱਤੀ ਸਾਲ ਬਾਅਦ ਆਏ ਨੇ ਇਹ। ਮੋਹਨ ਜਦੋਂ ਇਹ ਇੱਥੇ ਰਹਿੰਦੇ ਸਨ ਨਾ, ਆਪਣੇ ਨਾਲ ਇਹਨਾਂ ਦੀ ਮੇਲ-ਮੁਲਾਕਾਤ ਐਨੀ ਹੁੰਦੀ ਸੀ ਕਿ ਵੇਖਣ ਵਾਲੇ ਅਸਾਨੂੰ ਭੈਣ ਭਰਾ ਹੀ ਸਮਝਦੇ ਹੁੰਦੇ ਸੀ। ਤੇਰੇ ਕ੍ਰਿਸ਼ਨ ਮਾਮਾ ਜੀ ਤੇ ਇਹ ਬਚਪਨ ਦੇ ਸਾਥੀ ਨੇ। ਦੋਵੇਂ ਨਾਲੋ-ਨਾਲ ਪਲੇ ਤੇ ਵੱਡੇ ਹੋਏ ਹਨ .... ਇਹ ਸਾਨੂੰ ਬੜੇ ਪਿਆਰੇ ਹੁੰਦੇ ਸਨ।" ਮੀਰਾ ਨੇ ਭਰਪੂਰ ਜਾਣ-ਪਛਾਣ ਕਰਵਾਈ।

"ਮੈਨੂੰ ਵੀ ਪਿਆਰੇ ਲੱਗਦੇ ਪਏ ਨੇ, ਮੰਮੀ।" ਮੁੰਡੇ ਨੇ ਖਿੜੇ ਮੱਥੇ ਕਿਹਾ, "ਤੁਸੀਂ ਕਿੱਥੇ ਰਹਿੰਦੇ ਓ, ਮਾਮਾ ਜੀ? .... ਬੰਬਈ?"

"ਨਹੀਂ ਬੇਟਾ, ਇਹ ਬੰਬਈ ਨਹੀਂ ਪਾਕਿਸਤਾਨ ਵਿਚ ਰਹਿੰਦੇ ਨੇ ਤੇ ਉਥੋਂ ਈ ਆਏ ਨੇ ਸਾਨੂੰ ਮਿਲਣ ਵਾਸਤੇ ....।" ਸੁਣ ਕੇ ਮੋਹਨ ਦੇ ਚਿਹਰੇ ਉੱਤੇ ਇੱਕ ਪ੍ਰਤੱਖ ਤਬਦੀਲੀ ਆ ਗਈ - ਚਿਹਰੇ ਦੀ ਮੁਸਕਾਨ ਅਲੋਪ ਹੋ ਗਈ ਤੇ ਉਸਦੀ ਜਗ੍ਹਾ ਇਕ ਕੁਰਖ਼ਤੀ ਤੇ ਚਿੜਚਿੜੇਪਨ ਨੇ ਲੈ ਲਈ। ਜਿਹੜੇ ਕੁਝ ਚਿਰ ਪਹਿਲਾਂ ਮੈਂ ਮੀਰਾ ਦੇ ਚਿਹਰੇ ਉੱਪਰ ਦੇਖ ਚੁੱਕਿਆ ਸਾਂ। ਪਰ ਉਸ ਤਬਦੀਲੀ ਵਲੋਂ ਲਾਪ੍ਰਵਾਹ ਮੀਰਾ ਕਹਿ ਰਹੀ ਸੀ- "ਗੌਰ ਨਾਲ ਦੇਖ ਲੈ ਪੁੱਤਰ, ਇਹ ਵੀ ਸਾਡੇ ਵਰਗੇ ਇਨਸਾਨ ਈ ਹੁੰਦੇ ਨੇ - ਕੋਈ ਖ਼ਤਰਨਾਕ, ਭੁੱਖੇ ਦੈਂਤ ਨਹੀਂ ਜਿਹੜੇ ਆਦਮੀ ਨੂੰ ਖਾ ਜਾਂਦੇ ਨੇ।"

"ਮੰਮੀ...." ਮੋਹਨ ਨੇ ਹੈਰਾਨੀ ਨਾਲ ਆਪਣੀ ਮਾਂ ਵੱਲ ਤੱਕਿਆ ਤੇ ਕੁਝ ਕਹਿਣਾ ਚਾਹਿਆ, ਪਰ ਮੀਰਾ ਬੋਲਦੀ ਰਹੀ,

"ਸੱਚ ਜਾਣੀਂ ਮੋਹਨ .... ਜੇ ਤੂੰ ਆਪਣੇ ਕ੍ਰਿਸ਼ਨ ਮਾਮੇ ਨੂੰ ਦੇਖਿਆ ਹੁੰਦਾ ਤਾਂ ਅੱਜ ਤੈਨੂੰ ਉਸ ਤੇ ਇਹਨਾਂ ਵਿਚ ਕੋਈ ਫ਼ਰਕ ਨਹੀਂ ਸੀ ਲੱਗਣਾ।" ਕਹਿੰਦਿਆਂ ਹੋਇਆਂ ਉਸਦਾ ਗੱਚ ਭਰ ਆਇਆ ਸੀ। ਉਦੋਂ ਹੀ ਮਾਂ ਜੀ ਬੋਲੇ, "ਤੂੰ ਠੀਕ ਕਹਿ ਰਹੀ ਐਂ ਮੀਰਾ?"

"ਹਾਂ ਠੀਕ ਕਹਿ ਰਹੀ ਹਾਂ ਮਾਂ" ਉਸ ਕਿਹਾ, "ਚੰਗਾ ਹੋਇਆ ਜੇ ਅਖ਼ਤਰ ਵੀਰ ਆ ਗਿਆ- ਮੈਂ ਬੜੀ ਦੇਰ ਦੀ ਮੋਹਨ ਨੂੰ ਕਿਸੇ ਪਾਕਿਸਤਾਨੀ ਨਾਲ ਮਿਲਵਾਉਣਾ ਚਾਹੁੰਦੀ ਸਾਂ ਤਾਂ ਕਿ ਇਹ ਆਪਣੀਆਂ ਅੱਖਾਂ ਨਾਲ ਦੇਖ ਲਏ ਕਿ ਉਹ ਲੋਕ ਵੀ ਸਾਡੇ ਵਰਗੇ ਆਦਮੀ ਹੀ ਹੁੰਦੇ ਨੇ - ਨੰਗੇ, ਭੁੱਖੇ, ਜਜ਼ਬਾਤੀ, ਅੰਤਾਂ ਦਾ ਪਿਆਰ ਕਰਨ ਵਾਲੇ, ਜੰਗਾਂ

ਵੀ ਜੋਸ਼ ਨਾਲ ਲੜਨ ਵਾਲੇ। ਜੇ ਉਹਨਾਂ ਨੇ ਸਾਡੇ ਸੂਰਮਿਆਂ ਨੂੰ ਕਤਲ ਕੀਤਾ ਹੈ ਤਾਂ ਅਸੀਂ ਵੀ ਤਾਂ ਉਹਨਾਂ ਦੇ ਜਵਾਨਾਂ ਨੂੰ ਮੌਤ ਦੇ ਘਾਟ ਉਤਾਰਿਆ ਹੈ - ਇੰਝ ਸਾਡੇ ਮਸਲੇ ਤਾਂ ਹੱਲ ਨਹੀਂ ਹੋਣ ਲੱਗੇ ....” ਕਹਿੰਦੀ ਹੋਈ ਉਹ ਰੋਣ ਲੱਗ ਪਈ।

'ਨਾ ਰੋ ਕੁੜੀਏ ਮੈਂ ਅਖ਼ਤਰ ਨੂੰ ਸਮਝਾ ਦਿੱਤੈ.... ਉਹ ਜਾ ਰਿਹੈ ਹੁਣੇ।” ਮਾਂ ਜੀ ਨੇ ਦੁਖੀ ਆਵਾਜ਼ ਵਿਚ ਕਿਹਾ।

“ਇਹ ਤੂੰ ਕੀ ਕੀਤਾ ਈ ਮਾਂ?” ਉਹ ਤਿੜਕੀ, “ਮੈਂ ਵੀਰ ਨੂੰ ਹਰਗਿਜ਼ ਨਹੀਂ ਜਾਣ ਦਿਆਂਗੀ- ਜੇ ਅੱਜ ਇਹ ਚਲਾ ਗਿਆ ਤਾਂ ਸਾਡੇ ਬਾਰੇ ਕਈ ਗਲਤ ਧਾਰਨਾਵਾਂ ਲੈ ਕੇ ਜਾਏਗਾ ਤੇ ਆਪਣੇ ਬੱਚਿਆਂ ਨੂੰ ਦੱਸਿਆ ਕਰੇਗਾ ਕਿ ਹਿੰਦੁਸਤਾਨ ਵਿਚ ਕੋਈ ਉਹਨਾਂ ਦਾ ਆਪਣਾ ਨਹੀਂ.... ਸਭ ਦੁਸ਼ਮਣ ਵੱਸਦੇ ਨੇ।” ਉਸ ਉੱਪਰ ਅਜੀਬ ਪਾਗਲਪਨ ਸਵਾਰ ਹੋਇਆ ਸੀ। ਫਿਰ ਮੇਰੇ ਵੱਲ ਭੌਂਅ ਕੇ ਬੋਲੀ, “ਮੈਂ ਗਲਤ ਤਾਂ ਨਹੀਂ ਨਾ ਕਹਿ ਰਹੀ ਵੀਰਾ? ਕੀ ਅਸੀਂ ਬੀਤੇ ਦੀ ਕੁਸੈਲ ਨੂੰ ਭੁੱਲ ਕੇ ਚੰਗੇ ਗੁਆਂਢੀਆਂ ਵਾਂਗ ਨਹੀਂ ਰਹਿ ਸਕਦੇ? ਨਫ਼ਰਤ ਦਾ ਜ਼ਹਿਰ ਜਿਹੜਾ ਕਦੀ ਸਰਹੱਦ ਦੇ ਦੋਵੇਂ ਪਾਸੇ ਫੈਲਿਆ ਸੀ - ਕੀ ਉਸਨੂੰ ਹੁਣ ਖ਼ਤਮ ਨਹੀਂ ਹੋਣਾ ਚਾਹੀਦਾ? ਜੇ ਅਸੀਂ ਇੰਝ ਨਾ ਕੀਤਾ ਤਾਂ ਸਾਡੀਆਂ ਆਉਣ ਵਾਲੀਆਂ ਨਸਲਾਂ ਇਸੇ ਨਫ਼ਰਤ ਦੀ ਅੱਗ ਵਿਚ ਸੜਦੀਆਂ ਰਹਿਣਗੀਆਂ ਤੇ ਵੀਰ ਮੈਂ ਇੰਝ ਨਹੀਂ ਚਾਹੁੰਦੀ ਕਿ ਇੰਝ ਹੀ ਹੋਵੇ।”

ਉਹ ਚੁੱਪ ਹੋ ਗਈ। ਆਪਣੀਆਂ ਅੱਖਾਂ ਦੇ ਅੱਥਰੂ ਤੇ ਮੱਥੇ ਦੇ ਪਸੀਨੇ ਨੂੰ ਆਪਣੀ ਸਾੜੀ ਦੇ ਪੱਲੇ ਨਾਲ ਪੂੰਝਣ ਲੱਗੀ। ਅਸਾਂ ਸਾਰਿਆਂ ਨੂੰ ਜਿਵੇਂ ਸੱਪ ਸੁੰਘ ਗਿਆ ਹੋਵੇ। ਸਭ ਤੋਂ ਪਹਿਲਾਂ ਉਹ ਹੀ ਹੋਸ਼ ਵਿਚ ਆਈ, “ਖੜ੍ਹਾ ਮੂੰਹ ਕੀ ਦੇਖ ਰਿਹੈਂ- ਅੱਗੇ ਵੱਧ ਕੇ ਮਾਮੇ ਦੇ ਸੀਨੇ ਨਾਲ ਲੱਗ ਜਾਅ। ਅਜਿਹੇ ਮੌਕੇ ਵਾਰ-ਵਾਰ ਨਹੀਂ ਆਉਂਦੇ।”

ਮੋਹਨ ਦੀ ਸਮਝ ਵਿਚ ਸ਼ਾਇਦ ਕੁਝ ਵੀ ਤਾਂ ਨਹੀਂ ਸੀ ਆ ਰਿਹਾ। ਸ਼ਾਇਦ ਇਸੇ ਕਰਕੇ ਉਹ ਜੱਕੋ-ਤੱਕੀ ਵਿਚ ਪਿਆ ਹੋਇਆ ਸੀ। ਫਿਰ ਅੱਲਾ ਜਾਣੇ ਉਸਨੂੰ ਆਪਣੀ ਮਾਂ ਦੀਆਂ ਅੱਖਾਂ ਵਿਚ ਕੀ ਨਜ਼ਰ ਆਇਆ ਸੀ ਕਿ ਹੌਲੀ-ਹੌਲੀ ਅਗਾਂਹ ਵਧ ਕੇ ਉਸ ਮੈਨੂੰ ਗਲਵਕੜੀ ਪਾ ਲਈ ਸੀ। ਅਚਾਨਕ ਮੈਨੂੰ ਇੰਝ ਲੱਗਿਆ ਜਿਵੇਂ ਮੈਨੂੰ ਬਿਜਲੀ ਦਾ ਕਰੰਟ ਲੱਗ ਗਿਆ ਹੋਵੇ। ਮੀਰਾ ਦੀ ਆਵਾਜ਼ ਕਿਤੋਂ ਦੂਰੋਂ ਆ ਰਹੀ ਲੱਗੀ। ਉਹ ਮਾਂ ਜੀ ਨੂੰ ਕਹਿ ਰਹੀ ਸੀ, “ਤੂੰ ਚਿੰਤਾ ਨਾ ਕਰਿਆ ਕਰ ਮਾਂ- ਮੇਰੇ ਦਿਲ ਦੇ ਸਾਰੇ ਜ਼ਖ਼ਮ, ਸਾਰੀ ਨਫ਼ਰਤ, ਸਾਰੀ ਜ਼ਹਿਰ ਮੇਰੇ ਹੰਝੂਆਂ ਨੇ ਧੋ ਦਿੱਤੀ ਐ- ਮੈਂ ਨਹੀਂ ਚਾਹੁੰਦੀ ਕਿ ਮੇਰਾ ਪੁੱਤਰ ਹਮੇਸ਼ਾ ਇਸ ਹਨ੍ਹੇਰੇ ਗੁਬਾਰ ਦਾ ਸ਼ਿਕਾਰ ਹੋਵੇ।”

ਰੱਬ ਜਾਣੇ ਉਹ ਹੋਰ ਕੀ ਕੁਝ ਕਹਿੰਦੀ ਰਹੀ ਸੀ - ਪਰ ਮੋਹਨ ਨੂੰ ਛਾਤੀ ਨਾਲ ਲਾ ਕੇ ਮੈਨੂੰ ਇੰਝ ਮਹਿਸੂਸ ਹੋਇਆ ਸੀ ਜਿਵੇਂ ਮੈਨੂੰ ਆਪਣਾ ਉਹ ਪੁੱਤਰ ਮਿਲ ਗਿਆ ਹੋਵੇ, ਜਿਹੜਾ 71 ਦੀ ਜੰਗ ਵਿਚ ਸ਼ਹੀਦ ਹੋ ਗਿਆ ਸੀ। •

**ਅਨੁਵਾਦ : ਮਹਿੰਦਰ ਬੇਦੀ, ਜੈਤੋ**
**(ਬੇਦੀ ਡੈਂਟਲ ਹੈਲਥ ਸੈਂਟਰ, ਬਾਜਾ ਰੋਡ, ਜੈਤੋ)**



## ਹਰਮਿੰਦਰ ਸਿੰਘ ਕੋਹਾਰਵਾਲਾ ਦੀਆਂ ਦੋ ਗ਼ਜ਼ਲਾਂ

1.

ਸਤ ਕੇ ਸੱਤ ਬਿਗਾਨਾ ਘਰ ਚੋਂ ਦਿੱਤਾ ਸ਼ਿਸ਼ਕਰ ਸੀ।
ਆਪਣਿਆਂ ਕਰ ਦਿੱਤੀ ਹਾਲਤ, ਬਦ ਤੋਂ ਬਦਤਰ ਸੀ।

ਜਾਂਦਾ ਜਾਂਦਾ ਸ਼ਾਤਰ ਕਿੰਨੇ ਕੰਡੇ ਬੀਜ ਗਿਆ,
ਔੜਾਂ ਮਾਰੀ ਧਰਤੀ ਉਸਨੇ, ਵੇਖੀ ਵੱਤਰ ਸੀ।

ਬੰਦ ਰਹੇ ਜੋ ਤੀਜਾ ਨੇਤਰ, ਮੌਜ ਸਿਆਸਤ ਨੂੰ,
ਤਾਂ ਹੀ ਉਹਨਾਂ ਹੁਣ ਤੱਕ ਕੀਤਾ, ਅੱਧ ਨਾ ਸਾਖਰ ਸੀ।

ਇੱਕ ਵੀ ਇੱਟ ਨਾ ਲਾਈ ਉਸਨੇ, ਏਸ ਇਮਾਰਤ 'ਤੇ,
ਆਪਣਾ ਨਾਂ ਖੁਣਵਾ ਕੇ ਜਿਸਨੇ ਲਾਇਆ ਪੱਥਰ ਸੀ।

ਪੋਰਸ ਦੇ ਉੱਤਰ ਨੇ ਦਿੱਤੀ, ਹਾਰ ਸਿਕੰਦਰ ਨੂੰ,
ਬੇਸ਼ਕ ਪੋਰਸ ਕੈਦੀ ਬਣਿਆ, ਹਰਿਆ ਲਸ਼ਕਰ ਸੀ।

ਉਸ ਪਲ ਝੂਠੇ ਦਿਲਜਾਨੀ ਦਾ ਚਿਹਰਾ ਉਤਰ ਗਿਆ,
ਜਦ ਉਸ ਤੱਕਿਆ ਸਾਡੀ ਹਾਲਤ, ਹੋਈ ਬਿਹਤਰ ਸੀ।

ਉਸਦੇ ਅੱਖੀਂ ਘੱਟਾ ਕੋਈ ਕਿੱਦਾਂ ਪਾ ਜਾਂਦਾ,
ਜਿਸ ਵੇਖੀ ਸੀ ਦੁਨੀਆਂ ਜਿਸ ਦੀ ਅੱਖ 'ਚ ਅੱਖਰ ਸੀ।

2.

ਵੇਖ ਕਿਸ ਨੂੰ ਦੇ ਰਿਹਾ ਉਹ ਲੋਰੀਆਂ।
ਜਿਸ ਖ਼ੁਦਾ 'ਤੇ ਛੱਡੀਆਂ ਤੂੰ ਡੋਰੀਆਂ।

ਪੁੱਟ ਬਹਿੰਦੇ ਹਾਂ ਅਸੀਂ ਨਵਾਂ ਹੋਰ ਖੂਹ,
ਮੂੰਦੀਆਂ ਨਾ ਜਾਣ ਹਾਲੇ ਮੋਰੀਆਂ।

ਜ਼ਿੰਦਗੀ ਇਹ ਬੇ-ਮਜ਼ਾ ਹੋ ਜਾਏਗੀ,
ਜੇ ਗਰਾਂ ਤੋਂ ਤੰਗੀਆਂ ਨਾ ਤੋਰੀਆਂ।

ਕਰ ਗਈ ਬਰਬਾਦ ਸਾਨੂੰ ਦੁਸ਼ਮਣੀ,
ਹੁਣ ਭਰਾਵਾਂ ਛੱਡ ਬਦਲਾ ਖੋਰੀਆਂ।

ਭੁਗਤਦਾ ਹੈ ਦਿਲ ਵਿਚਾਰਾ ਹੁਣ ਸਜ਼ਾ,
ਅੱਖੀਆਂ ਨੇ ਕੀਤੀਆਂ ਸੀ ਚੋਰੀਆਂ।

ਹੁਣ ਉਨ੍ਹਾਂ 'ਤੇ ਰੂਪ ਚਾੜ੍ਹੇ ਧਾਤ ਕੀ,
ਪੈ ਗਈਆਂ ਨੇ ਪੀਲੀਆਂ ਜੋ ਗੋਰੀਆਂ।

ਵੇਖ ਕਿੰਨੇ ਛੇਕ ਸੀਨੇ ਸਹਿੰਦੀਆਂ,
ਬਣਦੀਆਂ ਨੇ ਬੰਸਰੀ ਜੋ ਪੋਰੀਆਂ।

•••

ਹਿੰਦੀ ਕਹਾਣੀ

# ਭੇੜੀਏ

ਭਵਨੇਸ਼ਵਰ

'ਭੇੜੀਆ ਕੀ ਹੈ'- ਖਾਰੂ ਵਣਜਾਰੇ ਨੇ ਕਿਹਾ - ਮੈਂ ਇਕੱਲਾ ਪਨੇਠੀ ਨਾਲ ਇੱਕ ਭੇੜੀਆ ਮਾਰ ਸਕਦਾ ਹਾਂ, ਮੈਂ ਉਸਦਾ ਵਿਸ਼ਵਾਸ ਕਰ ਲਿਆ। ਖਾਰੂ ਕਿਸੇ ਚੀਜ਼ ਤੋਂ ਡਰ ਨਹੀਂ ਸਕਦਾ। ਅਜੇ ਕਿ ਸੱਤਰਾਂ ਦੇ ਨੇੜੇ-ਤੇੜੇ ਹੋਣ ਅਤੇ ਇੱਕ ਉਮਰ ਦੀ ਗਰੀਬੀ ਦੇ ਕਾਰਣ ਉਹ ਬੁਝਿਆ-ਬੁਝਿਆ ਜਿਹਾ ਦਿਖਾਈ ਦਿੰਦਾ ਸੀ, ਪਰ ਤਾਂ ਵੀ ਉਸਦੀਆਂ ਅਜਿਹੀਆਂ ਗੱਲਾਂ ਦਾ ਉਸਦੇ ਕਹਿਣ ਨਾਲ ਹੀ ਵਿਸ਼ਵਾਸ ਕਰਨਾ ਪੈਂਦਾ ਸੀ। ਉਸਦਾ ਅਸਲੀ ਨਾਂ ਸ਼ਾਇਦ ਇਫ਼ਤਖਾਰ ਜਾਂ ਅਜਿਹਾ ਹੀ ਕੁਝ ਸੀ। ਪਰ ਉਸਦਾ ਲਘੂਕਰਨ ਖਾਰੂ ਉਸ ਨਾਲ ਬਿਲਕੁਲ ਚਿਪਕਿਆ ਹੋਇਆ ਸੀ। ਉਸਦੇ ਚਾਰੇ ਪਾਸੇ ਅਜਿਹੀ ਹੀ ਔਖੀ ਅਤੇ ਅਭੇਦ ਕਠਿਨਾਈ ਸੀ। ਉਸਦੀਆਂ ਅੱਖਾਂ ਠੰਡੀਆਂ ਅਤੇ ਜੰਮੀਆਂ ਹੋਈਆਂ ਸਨ ਅਤੇ ਸੰਘਣੀਆਂ ਸਫ਼ੈਦ ਮੁੱਛਾਂ ਦੇ ਹੇਠਾਂ ਉਸਦਾ ਮੂੰਹ ਇੰਨਾ ਹੀ ਅਨਮਨੁੱਖੀ ਅਤੇ ਨਿਰਦਈ ਸੀ, ਜਿੰਨੀ ਇੱਕ ਚੂਹੇਦਾਨੀ।

"ਜ਼ਿੰਦਗੀ ਨਾਲ ਉਹ ਨਿਬੇੜਾ ਕਰ ਚੁੱਕਾ ਸੀ, ਮੌਤ ਉਸਨੂੰ ਨਹੀਂ ਸੀ ਚਾਹੁੰਦੀ, ਪਰ ਤਦ ਵੀ ਉਹ ਸਮੇਂ ਦੇ ਮੂੰਹ ਤੇ ਥੁੱਕ ਕੇ ਜ਼ਿੰਦਾ ਸੀ। ਤੁਹਾਡੀ ਚੰਗੀ ਜਾਂ ਮਾੜੀ ਰਾਇ ਦੀ ਪ੍ਰਵਾਹ ਕੀਤੇ ਬਿਨਾਂ ਵੀ, ਉਹ ਕਦੇ ਝੂਠ ਨਹੀਂ ਸੀ ਬੋਲਦਾ ਅਤੇ ਆਪਣੇ ਨਿਰਦਈ ਕੌੜੇ ਸੱਚ ਨਾਲ ਜਿਵੇਂ ਉਹ ਦਿਖਾ ਦਿੰਦਾ ਸੀ ਕਿ ਸੱਚ ਵੀ ਕਿੰਨਾ ਬੰਜਰ ਅਤੇ ਭਿਆਨਕ ਹੋ ਸਕਦਾ ਹੈ। ਖਾਰੂ ਨੇ ਮੈਨੂੰ ਇਹ ਕਹਾਣੀ ਦੱਸੀ, ਮੈਂ ਇਸਨੂੰ ਸ਼ਬਦਾਂ ਵਿਚ ਨਹੀਂ ਲਿਖ ਸਕਦਾ, ਪਰ ਤਾਂ ਵੀ ਇਹ ਕਹਾਣੀ ਮੈਂ ਸੱਚੀ ਮੰਨਦਾ ਹਾਂ - ਇਸਦਾ ਇਕ-ਇਕ ਅੱਖਰ।

"ਮੈਂ ਕਿਸੇ ਚੀਜ਼ ਤੋਂ ਨਹੀਂ ਡਰਦਾ, ਹਾਂ ਭੇੜੀਏ ਤੋਂ ਬਿਨਾਂ ਮੈਂ ਕਿਸੇ ਚੀਜ਼ ਤੋਂ ਨਹੀਂ ਡਰਦਾ", ਖਾਰੂ ਨੇ ਕਿਹਾ। ਇੱਕ ਭੇੜੀਆ ਨਹੀਂ, ਦੋ ਚਾਰ ਨਹੀਂ। 200-300 ਭੇੜੀਆਂ ਦਾ ਝੁੰਡ ਜੋ ਸਰਦੀ ਦੀਆਂ ਰਾਤਾਂ ਨੂੰ ਨਿਕਲਦੇ ਹਨ ਅਤੇ ਸਾਰੀ ਦੁਨੀਆਂ ਦੀਆਂ ਚੀਜ਼ਾਂ ਜਿਨ੍ਹਾਂ ਦੀ ਭੁੱਖ ਨਹੀਂ ਮਿਟਾ ਸਕਦੀਆਂ। ਉਨ੍ਹਾਂ ਸ਼ੈਤਾਨਾਂ ਦੀ ਫੌਜ ਦਾ ਕੋਈ ਵੀ ਮੁਕਾਬਲਾ ਨਹੀਂ ਕਰ ਸਕਦਾ। ਲੋਕ ਕਹਿੰਦੇ ਹਨ, ਇਕੱਲਾ ਭੇੜੀਆ ਡਰਪੋਕ ਹੁੰਦਾ ਹੈ, ਇਹ ਝੂਠ ਹੈ। ਭੇੜੀਆ ਡਰਪੋਕ ਨਹੀਂ ਹੁੰਦਾ, ਇਕੱਲਾ ਵੀ ਉਹ ਸਿਰਫ਼ ਚੌਕੰਨਾ ਹੁੰਦਾ ਹੈ। ਤੁਸੀਂ ਕਹਿੰਦੇ ਹੋ ਲੂੰਬੜੀ ਚਲਾਕ ਹੁੰਦੀ ਹੈ, ਤਾਂ ਤੁਸੀਂ ਭੇੜੀਏ ਨੂੰ ਨਹੀਂ ਜਾਣਦੇ। ਤੁਸੀਂ ਕਦੇ ਭੇੜੀਏ ਨੂੰ ਸ਼ਿਕਾਰ ਕਰਦੇ ਵੇਖਿਆ ਹੈ ਕਿਸੇ ਬਾਰ੍ਹਾਂ ਸਿੰਗੇ ਦਾ? ਇਹ ਸ਼ੇਰ ਵਾਂਗੂੰ ਨਾਟਕ ਨਹੀਂ ਕਰਦਾ, ਰਿੱਛ ਵਾਂਗੂੰ ਸ਼ੇਖੀ ਨਹੀਂ ਦਿਖਾਉਂਦਾ। ਇਕ ਵਾਰ ਸਿਰਫ਼ ਇਕ ਵਾਰ ਗੇਂਦ ਵਾਂਗੂੰ ਬੁੜਕ ਕੇ ਉਸਦੇ ਪੱਟ ਵਿਚ ਹਰਾ ਜ਼ਖ਼ਮ ਕਰ ਦਿੰਦਾ ਹੈ- ਬੱਸ। ਫਿਰ ਪਿੱਛੇ ਬਹੁਤ ਪਿੱਛੇ ਰਹਿ ਕੇ ਟਪਕਦੇ ਹੋਏ ਖ਼ੂਨ ਦੀ ਲਕੀਰ ਤੇ ਤੁਰ ਕੇ ਉੱਥੇ ਪਹੁੰਚ ਜਾਂਦਾ ਹੈ ਜਿੱਥੇ ਉਹ ਬਾਰ੍ਹਾਂ ਸਿੰਗਾ ਕਮਜ਼ੋਰ ਹੋ ਕੇ ਡਿੱਗ ਪਿਆ ਹੁੰਦਾ ਹੈ। ਜਾ, ਟੱਪ ਕੇ ਇਕ ਪਲ ਵਿਚ ਆਪਣੇ ਨਾਲੋਂ



ਤਿਗੁਣੇ ਜਾਨਵਰ ਦਾ ਢਿੱਡ ਚੀਰ ਦਿੰਦਾ ਹੈ - ਅਤੇ ਉੱਥੇ ਚਿੰਬੜ ਜਾਂਦਾ ਹੈ। ਭੇੜੀਆ ਬਹੁਤ ਚਲਾਕ ਅਤੇ ਬਹਾਦਰ ਜਾਨਵਰ ਹੈ। ਉਹ ਥੱਕਣਾ ਤਾਂ ਜਾਣਦਾ ਹੀ ਨਹੀਂ। ਚੰਗੇ ਤਕੜੇ ਬਲਦ ਸਾਡੇ ਵਣਜਾਰਿਆਂ ਦੇ ਗੱਡਿਆਂ ਨੂੰ ਘੋੜਿਆਂ ਤੋਂ ਤੇਜ਼ ਲੈ ਜਾਂਦੇ ਹਨ ਅਤੇ ਜਦੋਂ ਉਨ੍ਹਾਂ ਨੂੰ ਭੇੜੀਏ ਦੀ ਬੋਅ ਆਉਂਦੀ ਹੈ, ਤਾਂ ਭੱਜਦੇ ਨਹੀਂ, ਉੱਡਦੇ ਹਨ, ਪਰ ਭੇੜੀਏ ਤੋਂ ਤੇਜ਼ ਕੋਈ ਵੀ ਚਾਰ ਪੈਰਾਂ ਵਾਲਾ ਜਾਨਵਰ ਨਹੀਂ ਭੱਜ ਸਕਦਾ।

"ਸੁਣ, ਮੈਂ ਗਵਾਲੀਅਰ ਦੇ ਰਾਜ ਤੋਂ ਆਈਨ ਆ ਰਿਹਾ ਸੀ। ਅਜੀਬ ਠੰਡ ਸੀ ਅਤੇ ਭੇੜੀਏ ਝੁੰਡਾਂ ਵਿਚ ਨਿਕਲ ਪਏ ਸਨ। ਸਾਡਾ ਗੱਡਾ ਬਹੁਤ ਭਾਰਾ ਸੀ। ਮੈਂ, ਮੇਰਾ ਬਾਪ ਅਤੇ ਤਿੰਨ ਨਟਨੀਆਂ - 15, 15, 16 ਸਾਲ ਦੀਆਂ। ਅਸੀਂ ਉਨ੍ਹਾਂ ਨੂੰ ਪਿਛਾਂਹ ਲਈ ਜਾ ਰਹੇ ਸਾਂ।"

ਕਿਸ ਲਈ? ਮੈਂ ਪੁੱਛਿਆ।

"ਤੇਰਾ ਕੀ ਖ਼ਿਆਲ ਹੈ, ਮੁਜਰਾ ਕਰਵਾਉਣ? ਓ ਭਾਈ! ਵੇਚਣ ਲਈ ਹੋਰ ਕਾਹਦੇ ਲਈ? ਗਵਾਲੀਅਰ ਦੀਆਂ ਨਟਨੀਆਂ ਛੋਟੀਆਂ-ਛੋਟੀਆਂ ਅਤੇ ਸੁਡੌਲ ਹੁੰਦੀਆਂ ਹਨ ਅਤੇ ਪੰਜਾਬ ਵਿਚ ਖੂਬ ਵਿਕ ਜਾਂਦੀਆਂ ਹਨ। ਇਹ ਕੁੜੀਆਂ ਬੜੀਆਂ ਨਿੱਖਰਵੀਆਂ ਹੁੰਦੀਆਂ ਹਨ ਅਤੇ ਭਾਰੀਆਂ ਵੀ ਬਹੁਤ ਹੁੰਦੀਆਂ ਹਨ। ਸਾਡੇ ਕੋਲ ਇੱਕ ਤੇਜ਼ ਵਣਜਾਰੀ ਗੱਡਾ ਸੀ ਅਤੇ ਘੋੜਿਆਂ ਤੋਂ ਵੀ ਤੇਜ਼ ਭੱਜਣ ਵਾਲੇ ਬਲਦ।

"ਅਸੀਂ ਤੜਕੇ ਹੀ ਤੁਰ ਪਏ ਸੀ, ਦਿਨੇ ਦਿਨੇ ਹੀ ਅਸੀਂ ਅੱਗੇ ਜਾਣ ਵਾਲੇ ਸਾਥੀਆਂ ਨਾਲ ਮਿਲ ਜਾਣਾ ਚਾਹੁੰਦੇ ਸੀ। ਔਖੇ ਵੇਲੇ ਨਹੀਂ ਸਾਡੇ ਕੋਲ ਦੋ ਕਮਾਨ ਅਤੇ ਇਕ ਟੋਪੀਦਾਰ ਬੰਦੂਕ ਸੀ। ਬਲਦ ਹਿੰਮਤ ਨਾਲ ਭੱਜ ਰਹੇ ਹਨ ਅਤੇ ਅਸੀਂ 20 ਮੀਲ ਆ ਗਏ ਸਾਂ ਕਿ ਬੜੇ ਮੀਆਂ ਨੇ ਘੁੰਮ ਕੇ ਕਿਹਾ - ਖਾਰੇ ਭੇੜੀਏ ਹਨ?"

ਮੈਂ ਕਾਹਲੀ ਨਾਲ ਕਿਹਾ - "ਕੀ ਕਿਹਾ? ਭੇੜੀਏ? ਹੁੰਦੇ ਤਾਂ ਬਲਦ ਨਾ ਚੌਂਕਦੇ?"

ਬੁੱਢੇ ਨੇ ਸਿਰ ਹਿਲਾ ਕੇ ਕਿਹਾ - ਨਹੀਂ ਭੇੜੀਏ ਜ਼ਰੂਰ ਹਨ। ਖ਼ੈਰ, ਉਹ ਸਾਥੋਂ ਦਸ ਮੀਲ ਪਿੱਛੇ ਹਨ ਅਤੇ ਸਾਡੇ ਬਲਦ ਥੱਕ ਚੁੱਕੇ ਹਨ, ਪ੍ਰੰਤੂ ਅਸੀਂ ਪੱਚੀ ਮੀਲ ਹੋਰ ਜਾਣਾ ਹੈ। ਬੁੱਢੇ ਨੇ ਕਿਹਾ ਅਤੇ ਮੈਂ ਇਨ੍ਹਾਂ ਭੇੜੀਆਂ ਨੂੰ ਜਾਣਦਾ ਹਾਂ, ਪਿਛਲੇ ਸਾਲ ਇਨ੍ਹਾਂ ਨੇ ਕੁਝ ਕੈਦੀਆਂ ਨੂੰ ਖਾ ਲਿਆ ਸੀ ਅਤੇ ਬੇੜੀਆਂ ਅਤੇ ਸਿਪਾਹੀਆਂ ਦੀਆਂ ਬੰਦੂਕਾਂ ਦੇ ਬਿਨਾਂ ਕੁਝ ਨਹੀਂ ਸੀ ਬਚਿਆ। ਬੰਦੂਕ ਭਰ ਲੈ।

"ਮੈਂ ਕਮਾਨਾਂ ਨੂੰ ਤਾਣ ਕੇ ਦੇਖਿਆ, ਬੰਦੂਕ ਤੋੜੀ ਸਭ ਠੀਕ ਸੀ। ਬੰਦੂਕ ਦੀ ਨਵੀਂ ਪੋਂਗਲੀ ਵੀ ਕੱਢ ਕੇ ਦੇਖ ਲੈ।" ਮੇਰੇ ਬਾਪ ਨੇ ਕਿਹਾ।

"ਬਾਰੂਦ ਦੀ ਪੋਂਗਲੀ - ਮੈਂ ਕਿਹਾ, ਮੇਰੇ ਕੋਲ ਤਾਂ ਪੁਰਾਣੀ ਹੀ ਹੈ।"

ਤਦ ਬੁੱਢੇ ਨੇ ਮੈਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ, "ਤੂੰ ਇਹ ਹੈ ਤੂੰ ਉਹ ਹੈ। ਮੈਂ ਪੂਰਾ ਗੱਡਾ ਫ਼ੋਲ ਮਾਰਿਆ, ਪਰ ਨਵੀਂ ਪੋਂਗਲੀ ਕਿਤੇ ਨਹੀਂ ਸੀ।

ਮੇਰੇ ਬਾਪ ਨੇ ਸਭ ਟੋਹਿਆ - ਤੂੰ ਝੂਠ ਬੋਲਦਾ ਏਂ, ਤੂੰ ਭੇੜੀਏ ਦੀ ਉਲਾਦ, ਮੈਂ ਤੈਨੂੰ

ਨਵੀਂ ਪੋਂਗਲੀ ਦਿੱਤੀ ਸੀ। ਪਰ ਉਹ ਬਾਰੂਦ ਇੱਥੇ ਕਿਤੇ ਨਹੀਂ ਸੀ। ਮੇਰੇ ਬਾਪ ਨੇ ਮੇਰੀ ਪਿੱਠ ਤੇ ਕੂਹਣੀ ਮਾਰਦਿਆਂ ਹੋਇਆਂ ਕਿਹਾ" - ਸ਼ਹਿਰ ਪਹੁੰਚ ਕੇ ਮੈਂ ਤੇਰੀ ਚਮੜੀ ਉਧੇੜ ਦਿਆਂਗਾ, ਸ਼ਹਿਰ ਪਹੁੰਚ ਕੇ ..... ਅਤੇ ਉਸੇ ਵੇਲੇ ਅਚਾਨਕ ਬਲਦ ਇਕ ਕਦਮ ਰੁਕ ਕੇ ਪੂਛ ਹਿਲਾ ਕੇ ਜ਼ੋਰ ਨਾਲ ਭੱਜੇ। ਮੈਂ ਸੁਣਿਆ ਕਈ ਮੀਲ ਦੂਰੋਂ ਇੱਕ ਆਵਾਜ਼ ਆ ਰਹੀ ਸੀ, ਬਹੁਤ ਧੀਮੀ, ਜਿਵੇਂ ਖੰਡਰਾਂ ਵਿਚੋਂ ਹਨ੍ਹੇਰੀ ਲੰਘਣ ਨਾਲ ਆਉਂਦੀ ਹੈ।

ਹੂ.....ਆ ਆ ਆ ਆ ਆ ਆ ਆ ਆ।

ਹਵਾ - ਮੈਂ ਸਹਿਮ ਕੇ ਕਿਹਾ। 'ਭੇੜੀਏ'! ਬਾਪ ਨੇ ਨਫ਼ਰਤ ਨਾਲ ਕਿਹਾ ਅਤੇ ਬਲਦਾਂ ਨੂੰ ਇਕੱਠੇ ਕੀਤਾ। ਪਰ ਉਨ੍ਹਾਂ ਨੂੰ ਮਾਰਨ ਦੀ ਲੋੜ ਨਹੀਂ ਸੀ। ਉਨ੍ਹਾਂ ਨੂੰ ਭੇੜੀਏ ਦੀ ਬੋਅ ਆ ਗਈ ਸੀ ਅਤੇ ਉਹ ਜਾਨ ਤੋੜ ਕੇ ਭੱਜ ਰਹੇ ਸਨ। ਦੂਰ ਮੈਂ ਇੱਕ ਛੋਟੇ ਜਿਹੇ ਕਾਲੇ ਧੱਬੇ ਨੂੰ ਹਰਕਤ ਕਰਦਿਆਂ ਦੇਖ ਰਿਹਾ ਸਾਂ। ਉਸ ਸੈਂਕੜੇ ਮੀਲਾਂ ਦੇ ਚਪਟੇ ਰੇਗਿਸਤਾਨੀ ਬੰਜਰ ਵਿਚ ਤੁਸੀਂ ਦੋਵੇਂ ਚੀਜ਼ਾਂ ਦੇਖ ਸਕਦੇ ਹੋ ਅਤੇ ਦੂਰ ਉਸ ਕਾਲੇ ਧੱਬੇ ਨੂੰ ਬੱਦਲ ਵਾਂਗੂ ਆਉਂਦਿਆਂ ਮੈਂ ਦੇਖ ਰਿਹਾ ਸੀ। ਬੁੱਢੇ ਨੇ ਕਿਹਾ - ਜਿਵੇਂ ਉਹ ਨੇੜੇ ਆ ਜਾਣ, ਮਾਰੀਂ। ਇੱਕ ਵੀ ਤੀਰ ਬੇਕਾਰ ਗਵਾਇਆ ਤਾਂ ਮੈਂ ਕਲੇਜਾ ਕੱਢ ਲਵਾਂਗਾ ਅਤੇ ਤਦ ਤਿੰਨੇ ਕੁੜੀਆਂ ਨੇ ਇੱਕ ਦੂਸਰੀ ਨਾਲ ਚਿੰਬੜ ਕੇ ਅੱਥਰੂ ਵਗਾਉਣੇ ਸ਼ੁਰੂ ਕਰ ਦਿੱਤੇ। ਚੁੱਪ ਰਹੋ। ਮੈਂ ਉਨ੍ਹਾਂ ਨੂੰ ਕਿਹਾ - ਜੇ ਤੁਸੀਂ ਆਵਾਜ਼ ਕੱਢੀ ਤਾਂ ਮੈਂ ਤੁਹਾਨੂੰ ਧੱਕਾ ਦੇ ਦਿਆਂਗਾ।

ਭੇੜੀਏ ਅੱਗੇ ਆਉਂਦੇ ਜਾ ਰਹੇ ਸਨ, ਅਸੀਂ ਭੂਰੀ ਪਥਰੀਲੀ ਧਰਤੀ ਤੇ ਉੱਡਦੇ ਜਾ ਰਹੇ ਸਾਂ, ਪਰ ਭੇੜੀਏ। ਬੁੱਢੇ ਨੇ ਲਗਾਮਾਂ ਛੱਡ ਦਿੱਤੀਆਂ ਅਤੇ ਬੰਦੂਕ ਸੰਭਾਲ ਕੇ ਬਹਿ ਗਿਆ। ਮੈਂ ਕਮਾਨ ਸੰਭਾਲੀ - ਮੈਂ ਹਨ੍ਹੇਰੇ ਵਿਚ ਉੱਡਦੀਆਂ ਹੋਈਆਂ ਮੁਰਗਾਬੀਆਂ ਦਾ ਸ਼ਿਕਾਰ ਕਰ ਸਕਦਾ ਸੀ ਅਤੇ ਮੇਰਾ ਬਾਪ - ਉਹ ਜਿਸ ਚੀਜ਼ ਤੇ ਨਿਸ਼ਾਨਾ ਲਾਉਂਦਾ ਸੀ ਅੱਲਾ ਉਸਨੂੰ ਭੁੱਲ ਜਾਂਦਾ ਸੀ। ਕੋਈ 400 ਗਜ਼ ਤੇ ਮੇਰੇ ਬਾਪ ਨੇ ਅਗਲੇ ਭੇੜੀਏ ਨੂੰ ਡੇਗ ਦਿੱਤਾ। ਠਾਹ! ਉਸਨੇ ਨਟਾਂ ਵਾਂਗੂ ਇਕ ਬਾਜ਼ੀ ਪਾਈ ਅਤੇ ਫਿਰ ਦੂਜੀ ਬਿਲਕੁਲ ਨਟਾਂ ਵਾਂਗੂ। ਬਲਦ ਪਾਗਲ ਹੋ ਕੇ ਭੱਜ ਰਹੇ ਸਨ। ਹਵਾ ਨਾਲ, ਉਨ੍ਹਾਂ ਦੇ ਮੂੰਹ ਦਾ ਫ਼ੇਨ ਉੱਡ ਕੇ ਸਾਡੇ ਮੂੰਹਾਂ ਤੇ ਮੀਂਹ ਵਾਂਗੂੰ ਡਿੱਗਦਾ ਸੀ ਅਤੇ ਉਹ ਰੰਭ ਰਹੇ ਸਨ, ਜਿਵੇਂ ਵਣਜਾਰਨਾਂ ਸੂਣ ਵਾਲੀਆਂ ਮੱਝਾਂ ਦੀਆਂ ਨਕਲਾਂ ਕਰਦੀਆਂ ਹਨ। ਪਰ ਭੇੜੀਏ ਨੇੜੇ ਹੀ ਆਉਂਦੇ ਜਾ ਰਹੇ ਸਨ। ਡਿੱਗੇ ਹੋਏ ਭੇੜੀਏ ਨੂੰ ਉਹ ਬਿਨਾਂ ਰੁਕੇ ਖਾ ਲੈਂਦੇ ਸਨ, ਉਹ ਉਨ੍ਹਾਂ ਦੇ ਉੱਪਰ ਤੈਰ ਜਾਂਦੇ ਸਨ। ਮੇਰੇ ਬਾਪ ਨੇ ਮੇਰੇ ਮੋਢੇ ਤੇ ਬੰਦੂਕ ਦੀ ਨਾਲੀ ਰੱਖ ਲਈ ਸੀ। ਠਾਂਹ-ਠਾਂਹ (ਮੇਰੀ ਧੌਣ ਤੇ ਹੁਣ ਤੱਕ ਸੜੇ ਦਾ ਦਾਗ ਹੈ) ਮੈਂ ਵੀ 16 ਤੀਰਾਂ ਨਾਲ 16 ਭੇੜੀਏ ਸੁੱਟੇ, ਬੁੱਢੇ ਨੇ ਦਸ ਮਾਰੇ ਸਨ, ਪਰ ਤਦ ਵੀ ਉਹ ਝੁੰਡ ਵੱਧਦਾ ਹੀ ਆਉਂਦਾ ਸੀ।

'ਲੈ ਬੰਦੂਕ ਫੜ!' ਉਸਨੇ ਕਿਹਾ - ਮੈਂ ਬਲਦਾਂ ਨੂੰ ਦੇਖਦਾ ਹਾਂ।

ਉਸਦਾ ਖ਼ਿਆਲ ਸੀ ਕਿ ਬਲਦ ਉਸਤੋਂ ਵੀ ਤੇਜ਼ ਭੱਜ ਸਕਦੇ ਸਨ, ਪਰ ਇਹ ਖ਼ਿਆਲ ਗਲਤ ਸੀ। ਦੁਨੀਆਂ ਦੇ ਕੋਈ ਬਲਦ ਇਸ ਤੋਂ ਤੇਜ਼ ਨਹੀਂ ਸਨ ਭੱਜ ਸਕਦੇ।



ਮੈਂ ਬੰਦੂਕ ਦਾ ਨਿਸ਼ਾਨਾ ਵੀ ਬਹੁਤ ਚੰਗਾ ਲਾਉਂਦਾ ਸਾਂ, ਪਰ ਉਹ ਦੇਸੀ ਜੰਗਾਲ ਲੱਗੀ ਬੰਦੂਕ। ਖ਼ੈਰ, ਉਹ ਕੁੜੀ ਉਸਨੂੰ ਪੰਜ ਮਿੰਟ ਵਿਚ ਭਰ ਦਿੰਦੀ ਸੀ। ਬਾਂਦੀ ਚੰਗੀ ਕੁੜੀ ਸੀ, ਉਹ ਬੰਦੂਕ ਭਰਦੀ ਸੀ, ਮੈਂ ਨਿਸ਼ਾਨਾ ਮਾਰਦਾ ਸੀ - ਅਚੁੱਕ। ਮੈਂ ਦਸ ਹੋਰ ਸੁੱਟੇ, ਠਾਂਹ-ਠਾਂਹ-ਠਾਂਹ। ਜਦ ਸਾਰਾ ਬਾਰੂਦ ਮੁੱਕ ਗਿਆ ਤਾਂ ਭੇੜੀਏ ਵੀ ਕੁਝ ਹਾਰੇ ਜਿਹੇ ਲੱਗਣ ਲੱਗੇ।

ਮੈਂ ਕਿਹਾ - "ਹੁਣ ਉਹ ਪਿੱਛੜ ਗਏ ਹਨ।"

ਬੁੱਢਾ ਹੱਸਿਆ - "ਉਹ ਇੰਨੀ ਕੁ ਗੱਲ ਨਾਲ ਨਹੀਂ ਪਿੱਛੜ ਸਕਦੇ। ਪਰ ਮੈਂ ਮਰਦਿਆਂ-ਮਰਦਿਆਂ ਕਹਿ ਜਾਵਾਂਗਾ ਕਿ ਸੱਤ ਦੇਸ਼ਾਂ ਦੇ ਵਣਜਾਰਿਆਂ ਵਿਚ ਖਾਰੇ ਵਰਗਾ ਖਰਾ ਨਿਸ਼ਾਨੇਬਾਜ਼ ਨਹੀਂ ਹੈ।"

ਮੇਰਾ ਬਾਪ ਬੁਢਾਪੇ ਵਿਚ ਬੜਾ ਹਸਮੁੱਖ ਹੋ ਗਿਆ ਸੀ।

ਹਾਂ, ਤਾਂ ਭੇੜੀਏ ਕੁਝ ਪਿੱਛੇ ਰਹਿ ਗਏ ਸਨ। ਉਨ੍ਹਾਂ ਨੂੰ ਕੁਝ ਖਾਣ ਲਈ ਮਿਲ ਗਿਆ ਸੀ। 'ਸਪ-ਸਪ-ਚਟ' ਬਲਦਾਂ ਤੇ ਛਾਂਟਾ ਬੋਲ ਰਿਹਾ ਸੀ ਕਿ ਪੰਜ ਮਿੰਟ ਬਾਅਦ ਹੀ ਉਨ੍ਹਾਂ ਨੇ ਫਿਰ ਸਾਡਾ ਪਿੱਛਾ ਸ਼ੁਰੂ ਕੀਤਾ। ਉਹ ਸਾਡੇ ਕੋਲੋਂ 200 ਗਜ਼ ਤੇ ਰਹਿ ਗਏ ਹੋਣਗੇ ਅਤੇ ਵਧਦੇ ਹੀ ਆਉਂਦੇ ਸਨ। ਸਮਾਨ ਕੱਢ ਕੇ ਸੁੱਟ ਦਿਉ, ਗੱਡਾ ਹੌਲਾ ਕਰੋ।

ਇੱਕ ਵਾਰ ਠੋਕਰ ਖਾ ਕੇ ਗੱਡਾ ਚਰਮਰਾ ਗਿਆ। ਸਾਰੇ ਵਣਜਾਰਿਆਂ ਦੇ ਗੱਡਿਆਂ ਵਿਚੋਂ ਇਹ ਗੱਡਾ ਅਫ਼ਸਰ ਸੀ ਅਤੇ ਸਾਰਾ ਸਾਮਾਨ ਸੁੱਟ ਕੇ ਅਸੀਂ ਇਸ ਨੂੰ ਫੁੱਲ ਵਰਗਾ ਹੌਲਾ ਕਰ ਦਿੱਤਾ ਸੀ। ਕੁਝ ਦੇਰ ਤਾਂ ਭੇੜੀਆਂ ਤੋਂ ਦੂਰ ਨਿਕਲਦੇ ਜਾਪੇ, ਪਰ ਛੇਤੀ ਹੀ ਉਹ ਫਿਰ ਵਾਪਸ ਆ ਗਏ।

ਬੜੇ ਮੀਆਂ ਨੇ ਕਿਹਾ - ਹੁਣ ਤਾਂ ਇੱਕ ਬਲਦ ਖੋਲ੍ਹ ਦੇ।

ਕੀ? ਮੈਂ ਕਿਹਾ - ਦੋ ਬਲਦ ਗੱਡਾ ਖਿੱਚ ਕੇ ਲੈ ਜਾਣਗੇ?

ਉਸਨੇ ਕਿਹਾ - "ਚੰਗਾ ਤਾਂ ਇੱਕ ਨਟਨੀ ਸੁੱਟ ਦੇ।" ਮੈਂ ਉਨ੍ਹਾਂ ਵਿਚੋਂ ਮੋਟੀ ਨੂੰ ਹੀ ਚੁੱਕਿਆ ਅਤੇ ਗੱਡੇ ਤੋਂ ਬਾਹਰ ਝੁਲਾ ਕੇ ਸੁੱਟ ਦਿੱਤਾ। ਹਾਂ! ਗਵਾਲੀਅਰ ਦੀਆਂ ਨਟਨੀਆਂ, ਉਨ੍ਹਾਂ ਦੇ ਦੰਦ ਲਾ ਦਿਉ ਤਾਂ ਉਹ ਵੀ ਭੇੜੀਏ ਦਾ ਮੁਕਾਬਲਾ ਕਰ ਲੈਣ। ਪਹਿਲਾਂ ਤਾਂ ਉਹ ਭੱਜੀ, ਪਰ ਇਹ ਦੇਖ ਕੇ ਕਿ ਭੱਜਣਾ ਫਿਜ਼ੂਲ ਹੈ, ਘੁੰਮ ਕੇ ਖੜ੍ਹੀ ਹੋ ਗਈ ਅਤੇ ਅਗਲੇ ਭੇੜੀਏ ਦੀਆਂ ਲੱਤਾਂ ਫੜ ਲਈਆਂ, ਪਰ ਇਸਦਾ ਵੀ ਕੀ ਫ਼ਾਇਦਾ ਸੀ। ਇਕਦਮ ਉਹ ਨਜ਼ਰ ਤੋਂ ਓਝਲ ਹੋ ਗਈ। ਜਿਵੇਂ ਕਿਸੇ ਖੂਹ ਵਿਚ ਡਿੱਗ ਪਈ ਹੋਵੇ। ਗੱਡਾ ਹੌਲਾ ਹੋ ਕੇ ਅੱਗੇ ਵਧਿਆ, ਪਰ ਭੇੜੀਏ ਫਿਰ ਮੁੜ ਆਏ।

'ਦੂਜੀ ਸੁੱਟ ਦੇ' ਬੜੇ ਮੀਆਂ ਨੇ ਕਿਹਾ ਪਰ ਹੁਣ ਮੈਂ ਕਿਹਾ - "ਆਖ਼ਰ ਕੀ ਅਸੀਂ ਸੈਰ ਕਰਨ ਲਈ ਮਾਰੇ-ਮਾਰੇ ਫਿਰਦੇ ਹਾਂ, ਇਕ ਬਲਦ ਨਾ ਖੋਲ੍ਹ ਦੇਈਏ।"

ਮੈਂ ਇੱਕ ਬਲਦ ਖੋਲ੍ਹ ਦਿੱਤਾ। ਉਹ ਪਿੱਠ ਤੇ ਪੂਛ ਰੱਖ ਕੇ ਚਿੰਘਾੜਦਾ ਹੋਇਆ ਭੱਜਾ ਅਤੇ ਝੁੰਡ ਉਸਦੇ ਪਿੱਛੇ ਮੁੜ ਗਿਆ।

ਮੇਰੇ ਬਾਪ ਦੀਆਂ ਅੱਖਾਂ ਵਿਚ ਅੱਥਰੂ ਆ ਗਏ। "ਬੜਾ ਸੀਲ ਬਲਦ ਸੀ, ਬੜਾ ਸੀਲ ਬਲਦ" ..... ਉਹ ਬੁੜਬੁੜਾ ਰਿਹਾ ਸੀ।

ਅਸੀਂ ਤਾਂ ਬਚ ਗਏ। ਪਰ ਤਦੇ ਹੂ ਆ ਆ ਆ ਆ ਆ। ਝੁੰਡ ਵਾਪਸ ਆ ਗਿਆ ਸੀ। ਅੱਜ ਕਿਆਮਤ ਦਾ ਦਿਨ ਹੈ - ਮੈਂ ਕਿਹਾ ਅਤੇ ਬਲਦਾਂ ਨੂੰ ਇੰਨਾ ਭਜਾਇਆ ਕਿ ਮੇਰੀ ਤਲੀ ਵਿਚ ਖ਼ੂਨ ਸਿੰਮ ਪਿਆ।

ਪਰ ਭੇੜੀਏ ਪਾਣੀ ਵਾਂਗੂ ਵਧੇ ਆ ਰਹੇ ਸਨ ਅਤੇ ਸਾਡੇ ਬਲਦ ਮਰ ਕੇ ਡਿੱਗਣ ਹੀ ਵਾਲੇ ਸਨ ਦੂਜੀ ਕੁੜੀ ਵੀ ਸੁੱਟ। ਮੇਰੇ ਬਾਪ ਨੇ ਚੀਕ ਕੇ ਕਿਹਾ।

ਇਨ੍ਹਾਂ ਦੋਵਾਂ ਵਿਚੋਂ ਬਾਂਦੀ ਭਾਰੀ ਸੀ ਅਤੇ ਕੁਝ ਸੋਚ ਕੇ ਕੰਬਦੇ ਹੱਥਾਂ ਨਾਲ ਉਹ ਆਪਣੀ ਚਾਂਦੀ ਦੀ ਨੱਥ ਲਾਹੁਣ ਲੱਗੀ ਸੀ ਪਰ ਮੈਂ ਸ਼ਾਇਦ ਦੱਸਿਆ ਨਹੀਂ, ਮੈਨੂੰ ਉਹ ਕੁਝ ਚੰਗੀ ਵੀ ਲੱਗਦੀ ਸੀ।

ਇਸ ਲਈ ਮੈਂ ਦੂਜੀ ਨੂੰ ਕਿਹਾ - ਤੂੰ ਚੱਲ। ਪਰ ਉਸਨੂੰ ਜਿਵੇਂ ਲਕਵਾ ਮਾਰ ਗਿਆ ਸੀ। ਮੈਂ ਉਸਨੂੰ ਸੁੱਟ ਦਿੱਤਾ ਅਤੇ ਉਹ ਜਿਵੇਂ ਡਿੱਗੀ ਸੀ, ਉਂਝ ਹੀ ਪਈ ਰਹੀ। ਗੱਡਾ ਹੋਰ ਹੌਲਾ ਹੋ ਗਿਆ ਅਤੇ ਤੇਜ਼ ਭੱਜਣ ਲੱਗਾ, ਪਰ ਪੰਜ ਮੀਲ ਵਿਚ ਹੀ ਭੇੜੀਏ ਮੁੜ ਆਏ। ਬੜੇ ਮੀਆਂ ਨੇ ਡੂੰਘਾ ਸਾਹ ਲਿਆ, ਮੱਥਾ ਠੋਕ ਲਿਆ - "ਅਸੀਂ ਕੀ ਕਰੀਏ, ਭੀਖ ਮੰਗ ਕੇ ਖਾਣਾ ਵਣਜਾਰਿਆਂ ਦਾ ਦੀਨ ਹੈ, ਅਸੀਂ ਰਈਸ ਬਣਨ ਚੱਲੇ ਸਾਂ".....।

ਮੈਂ ਬਾਂਦੀ ਵੱਲ ਦੇਖਿਆ, ਉਸਨੇ ਮੇਰੇ ਵੱਲ। ਮੈਂ ਕਿਹਾ - ਤੂੰ ਖ਼ੁਦ ਛਾਲ ਮਾਰੇਗੀ ਕਿ ਮੈਂ ਤੈਨੂੰ ਧੱਕਾ ਦੇਵਾਂ। ਉਸਨੇ ਚਾਂਦੀ ਦੀ ਨੱਥ ਲਾਹ ਕੇ ਮੈਨੂੰ ਦੇ ਦਿੱਤੀ ਅਤੇ ਬਾਹਾਂ ਨਾਲ ਅੱਖਾਂ ਢੱਕ ਕੇ ਛਾਲ ਮਾਰ ਦਿੱਤੀ। ਗੱਡਾ ਬਿਲਕੁਲ ਹਵਾ ਵਿਚ ਉੱਡਣ ਲੱਗਾ। ਉਹ ਪੂਰੇ ਵਣਜਾਰਿਆਂ ਵਿਚ ਗੱਡਿਆਂ ਦਾ ਅਫਸਰ ਸੀ।

ਪਰ ਸਾਡੇ ਬਲਦ ਬਹੁਤ ਥੱਕ ਗਏ ਸਨ ਅਤੇ ਬਸਤੀ ਤੱਕ ਪਹੁੰਚਣ ਲਈ ਅਜੇ ਵੀ 30 ਮੀਲ ਬਾਕੀ ਸੀ। ਮੈਂ ਬੰਦੂਕ ਦੇ ਕੁੰਦੇ ਨਾਲ ਉਨ੍ਹਾਂ ਨੂੰ ਮਾਰ ਰਿਹਾ ਸੀ, ਪਰ ਭੇੜੀਏ ਫਿਰ ਮੁੜ ਆਏ ਸਨ।

ਮੇਰੇ ਬਾਪ ਦੇ ਮੂੰਹ ਤੇ ਪਸੀਨਾ ਟਪਕਣ ਲੱਗ ਪਿਆ, ਦੂਜਾ ਬਲਦ ਵੀ ਖੋਲ੍ਹ ਦੇਈਏ।

ਮੈਂ ਕਿਹਾ - ਇਹ ਮੌਤ ਦੇ ਮੂੰਹ ਵਿਚ ਜਾਣਾ ਹੈ। ਅਸੀਂ ਦੋਵੇਂ ਮਾਰੇ ਜਾਵਾਂਗੇ, ਮੈਨੂੰ ਜਾਂ ਤੈਨੂੰ ਕਿਸੇ ਨੂੰ ਤਾਂ ਬਚਣਾ ਚਾਹੀਦਾ ਹੈ।

ਤੂੰ ਠੀਕ ਆਖਦਾ ਹੈ। ਉਸਨੇ ਕਿਹਾ- "ਮੈਂ ਬੁੱਢਾ ਬੰਦਾ ਹਾਂ। ਮੇਰਾ ਜੀਵਨ ਖ਼ਤਮ ਹੋ ਗਿਆ ਹੈ। ਮੈਂ ਛਾਲ ਮਾਰ ਦਿਆਂਗਾ।"

ਮੈਂ ਕਿਹਾ- "ਨਿਰਾਸ਼ ਨਾ ਹੋਵੀਂ। ਮੈਂ ਬਚ ਗਿਆ ਤਾਂ ਇਕ-ਇਕ ਭੇੜੀਏ ਨੂੰ ਵੱਢ ਦਿਆਂਗਾ।

'ਤੂੰ ਮੇਰਾ ਅਸਲੀ ਪੁੱਤ ਏਂ।' ਮੇਰੇ ਬਾਪ ਨੇ ਕਿਹਾ ਅਤੇ ਮੇਰੀਆਂ ਦੋਵਾਂ ਗੱਲ੍ਹਾਂ ਚੁੰਮ ਲਈਆਂ। ਉਸਨੇ ਆਪਣੇ ਦੋਵਾਂ ਹੱਥਾਂ ਵਿਚ ਵੱਡੀਆਂ-ਵੱਡੀਆਂ ਛੁਰੀਆਂ ਫੜ ਲਈਆਂ ਅਤੇ ਗਲ ਤੇ ਮਜ਼ਬੂਤੀ ਨਾਲ ਕੱਪੜਾ ਲਪੇਟ ਲਿਆ।



ਰੁਕ, ਉਸਨੇ ਕਿਹਾ, ਮੈਂ ਨਵੀਂ ਜੁੱਤੀ ਪਾਈ ਹੈ, ਉਸਨੂੰ ਮੈਂ ਦਸ ਸਾਲ ਪਾਉਂਦਾ, ਪਰ ਦੇਖ ਤੂੰ ਇਸ ਨੂੰ ਨਾ ਪਾਈਂ, ਮਰੇ ਹੋਏ ਬੰਦਿਆਂ ਦੀ ਜੁੱਤੀ ਨਹੀਂ ਪਾਉਂਦੇ, ਤੂੰ ਇਸਨੂੰ ਵੇਚ ਦਈਂ।

ਉਸਨੇ ਜੁੱਤੀ ਲਾਹ ਕੇ ਗੱਡੇ ਤੇ ਸੁੱਟ ਦਿੱਤੀ ਅਤੇ ਭੇੜੀਆਂ ਦੇ ਵਿਚਕਾਰ ਛਾਲ ਮਾਰ ਦਿੱਤੀ ਸੀ। ਮੈਂ ਪਿੱਛੇ ਮੁੜ ਕੇ ਨਹੀਂ ਦੇਖਿਆ। ਪਰ ਥੋੜ੍ਹੀ ਦੇਰ ਮੈਂ ਉਸਨੂੰ ਚੀਕਦੇ ਸੁਣਦਾ ਰਿਹਾ - ਇਹ ਲੈ! ਭੇੜੀਏ ਦੀ ਔਲਾਦ। ਭੇੜੀਏ ਦੀ ਔਲਾਦ ਅਤੇ ਫਿਰ ਚਟ-ਚਟ। ਚਟ-ਚਟ। ਮੈਂ ਹੀ ਕਿਸੇ ਤਰ੍ਹਾਂ ਭੇੜੀਆਂ ਕੋਲੋਂ ਬਚ ਗਿਆ।

ਖਾਰੂ ਨੇ ਮੇਰੇ ਡਰੇ ਹੋਏ ਚਿਹਰੇ ਵੱਲ ਦੇਖਿਆ, ਜ਼ੋਰ ਨਾਲ ਹੱਸਿਆ ਅਤੇ ਫਿਰ ਘੰਗਾਰਦੇ ਹੋਏ ਧਰਤੀ ਤੇ ਕਿੰਨਾ ਸਾਰਾ ਥੁੱਕ ਦਿੱਤਾ।

ਮੈਂ ਦੂਜੇ ਹੀ ਸਾਲ ਉਨ੍ਹਾਂ ਵਿਚੋਂ ਸੱਠ ਭੇੜੀਏ ਹੋਰ ਮਾਰੇ। ਖਾਰੂ ਨੇ ਫਿਰ ਹੱਸ ਕੇ ਕਿਹਾ। ਪਰ ਉਸਦੇ ਨਾਲ ਹੀ ਉਸਦੀਆਂ ਅੱਖਾਂ ਵਿਚ ਇਕ ਅਣਹੋਣੀ ਕਠਿਆਈ ਆ ਗਈ ਅਤੇ ਉਹ ਭੁੱਖਾ, ਨੰਗਾ ਉੱਠ ਕੇ ਸਿੱਧਾ ਖੜ੍ਹਾ ਹੋ ਗਿਆ। • ਅਨੁਵਾਦ - ਭਜਨ ਬੀਰ ਸਿੰਘ

(239, ਪ੍ਰੀਤ ਕਲੋਨੀ, ਜ਼ੀਰਕਪੁਰ (ਮੋਹਾਲੀ) ਪੰਜਾਬ)

## ਗ਼ਜ਼ਲ

- ਤ੍ਰੈਲੋਚਨ ਲੋਚੀ

ਲੈ ਜਾਂਦੀ ਹੈ ਸਿਰ ਤੋਂ ਲਾਹਕੇ ਤਾਜ ਹਵਾ।
ਜ਼ੋਰ ਜ਼ੁਲਮ ਨਾ ਸਹਿੰਦੀ ਹੁਣ ਨਾਰਾਜ਼ ਹਵਾ।

ਇਸਦੇ ਅੰਦਰ ਲੱਖਾਂ ਹੀ ਸੁਰ ਜਾਗ ਰਹੇ,
ਪੱਤੇ-ਪੱਤੇ ਨੂੰ ਕਰ ਜਾਂਦੀ ਸਾਜ਼ ਹਵਾ।

ਤੂੰ ਤੇ ਮੈਂ ਜੋ ਅਣਲਿਖਿਆ ਛੱਡ ਆਏ ਸਾਂ,
ਰੇਤੇ ਉੱਤੇ ਲਿਖ ਗਈ ਉਹ ਅਲਫਾਜ਼ ਹਵਾ।

ਜ਼ੱਰਾ-ਜ਼ੱਰਾ ਉੱਡਣਾ ਸਿੱਖਦਾ ਇਸ ਕੋਲੋਂ,
ਮਿੱਟੀ ਵਿਚ ਵੀ ਭਰ ਦਿੰਦੀ ਪਰਵਾਜ਼ ਹਵਾ।

ਜਿਉਂਦੇ ਜੀਅ ਤੂੰ ਸੁਣਨੋਂ ਕਿਉਂ ਇਨਕਾਰੀ ਏਂ,
ਸਿਵਿਆਂ ਵਿਚ ਵੀ ਦਿੰਦੀ ਹੈ ਆਵਾਜ਼ ਹਵਾ।

ਇਕ ਦੂਜੇ ਦੀ ਅਗਨੀ ਤੋਂ ਕਿਉਂ ਡਰਦੇ ਨੇ,
ਧੁਖਦੇ ਬੰਦਿਆਂ 'ਤੇ ਕਰਦੀ ਇਤਰਾਜ਼ ਹਵਾ।

ਕਿੱਥੇ 'ਲੋਚੀ' ਮਹਿਕਾਂ ਵਰਗੇ ਬੋਲ ਤਿਰੇ,
ਅੱਜਕੱਲ ਤੇਰੇ ਤੇ ਦਿਸਦੀ ਨਾਰਾਜ਼ ਹਵਾ।

# ਮਹਿੰਦਰ ਸਾਥੀ ਦੀਆਂ ਤਿੰਨ ਗ਼ਜ਼ਲਾਂ

1.

ਸ਼ੌਕ ਨਾ, ਆਦਤ ਸੀ ਸਾਡੀ, ਲੋੜ ਸੀ ਲੜਦੇ ਰਹੇ।
ਰਹਿ ਗਏ ਦੋ ਚਾਰ ਭਾਵੇਂ ਸੱਚ ਵੱਲ ਖੜ੍ਹਦੇ ਰਹੇ।

ਰੋਕਿਆ ਤਾਂ ਬਹੁਤ ਸਾਨੂੰ ਦਾਨਿਆਂ ਤੇ ਸਿਆਣਿਆਂ,
ਪਰ ਅਸੀਂ ਪਰਵਾਨੇ ਸੀ ਨਾ, ਸ਼ਮ੍ਹਾਂ 'ਤੇ ਸੜਦੇ ਰਹੇ।

ਵੰਝਲੀ ਦੀ ਲੈਅ 'ਤੇ ਤੁਰਦੇ ਹਾਂ ਅਸੀਂ ਤਾਂ ਮਸਤ ਚਾਲ,
ਰੋਕ ਆਈ ਰਾਹ 'ਚ ਤੇਸਾ, ਤੇਗ਼ ਵੀ ਫੜਦੇ ਰਹੇ।

ਜਦ ਹਵਾ ਸੰਗ ਝੂਮਦੇ, ਗੁਲਮੋਹਰ ਦੇ ਫੁੱਲ ਵੇਖੇ ਮੈਂ,
ਝਾਉਲੇ ਪੈਂਦੇ ਤੇਰੀ ਉੱਡਦੀ ਚੁੰਨੀ ਦੇ ਲੜ ਦੇ ਰਹੇ।

ਦਿੱਲੀਏ! ਤੇਰਾ ਦਗ਼ਾ ਨੀ, ਹੈ ਕਮਾਲ, ਇਹ ਲਾਜਵਾਬ,
ਜੋ ਚੰਡੀਗੜ੍ਹ ਦੇ ਸੀ ਮਾਲਿਕ, ਨਾ ਚੰਡੀਗੜ੍ਹ ਦੇ ਰਹੇ।

ਇਸ਼ਕ ਦੇ ਅਰਥਾਂ ਨੂੰ ਉਹਨਾਂ ਨੇ ਪੁਚਾਇਐ ਅਰਸ਼ 'ਤੇ,
ਤਵੀਆਂ 'ਤੇ ਤਪ ਕਰਦੇ ਰਹੇ ਜੋ ਦੇਗਾਂ ਵਿਚ ਕੜ੍ਹਦੇ ਰਹੇ।

ਬਹਿਰਾਂ ਦੇ ਤੈਰਾਕ ਸੀ, ਪਰ ਦੂਨੀਆਂ ਦਰਿਆ ਵੇਖ ਕੇ,
ਨਿੱਜ ਦੇ ਛੱਪੜ 'ਚ ਹੀ ਉਹ ਨਿਕਲਦੇ ਵੜਦੇ ਰਹੇ।

ਜਦ ਅਸੀਂ ਨਰ-ਭਖਸ਼ੀ ਬਘਿਆੜਾਂ ਦੇ ਸੰਗ ਸੀ ਜੂਝਦੇ,
ਯਾਰ ਸਾਡੇ ਚ ਕਲਿਆਂ 'ਚੋਂ ਤਿੱਤਲੀਆਂ ਫੜਦੇ ਰਹੇ।

ਜੇ ਵਿਦੇਸ਼ੀ ਡਾਕੂ ਕੱਢਕੇ ਦੇਸੀ ਹੀ ਸਨ ਲਿਆਉਣੇ ਤਾਂ,
ਕਿਸ ਲਈ ਉਹ ਜੇਲ੍ਹੀਂ ਸੜਦੇ, ਫਾਂਸੀਆਂ ਤੇ ਚੜ੍ਹਦੇ ਰਹੇ।

ਦਿੱਲੀਏ! ਤੂੰ ਨਾ ਸਬਰ ਅਜ਼ਮਾ ਉਨ੍ਹਾਂ ਦਾ ਲੋਕ ਜੋ,
ਸਿਰ ਜਿਨ੍ਹਾਂ ਦੇ ਕੱਟ ਗਏ ਉਹ ਫਿਰ ਵੀ ਲੜਦੇ ਰਹੇ।

ਮੌਤ ਦਾ ਡਰ ਲਾਹ ਕੇ ਜਦ ਵੀ ਨੇ ਤੁਰੇ ਮਜ਼ਲੂਮ ਲੋਕ,
ਜ਼ੁਲਮ ਦੇ ਤਾਬੂਤ ਵਿਚ ਕਿੱਲ ਆਖਰੀ ਜੜਦੇ ਰਹੇ।



ਮਿਣਮਿਣਾਉਂਦੀ ਬੱਕਰੀਆਂ ਨੂੰ ਕੌਣ ਪਾਉਂਦੇ ਪਿੰਜਰੇ,
ਸ਼ੇਰ ਬੁੱਕਣ ਵਾਲੇ ਹੀ ਨੇ ਪਿੰਜਰੀਂ ਤੜਦੇ ਰਹੇ।

ਇਹ ਨਾ ਵੇਖੋ ਹਰ ਗਏ ਹਾਂ, ਮਰ ਗਏ ਹਾਂ, ਮਿਟ ਗਏ ਹਾਂ,
ਇਹ ਵੀ ਵੇਖੋ! ਕਿਸ ਦੇ ਸਾਹਵੇਂ ਕਿਸ ਤਰ੍ਹਾਂ ਅੜਦੇ ਰਹੇ।

ਜੇ ਗਿਰੇਬਾਂ ਆਪਣੇ ਵਿਚ ਮੂੰਹ ਉਹ ਪਾ ਕੇ ਵੇਖਦੇ,
ਮੌਨ ਰਹਿੰਦੇ ਦੋਸ਼ ਸਾਡੇ ਉੱਤੇ ਜੋ ਮੜ੍ਹਦੇ ਰਹੇ।

'ਸਾਥੀਆ' ਜ਼ਿੰਦਾ-ਦਿਲੀ ਤੇਰੀ ਵੀ ਹੈ ਉਹਨਾਂ ਜਿਹੀ,
ਕਿਸ਼ਤੀਆਂ ਨੂੰ ਠੇਲਦੇ ਜੋ ਵਿਚ ਨੇ ਹੜ੍ਹਦੇ ਰਹੇ।

2.

ਕਿਸ ਕਿਸ ਨੇ ਕਿੰਝ ਕਿੰਝ ਮਾਰਿਐ, ਦੱਸਣਾ ਮੁਹਾਲ ਹੈ।
ਮੁੜ ਮੁੜ ਕੇ ਅੱਗ ਨੂੰ ਜੀਭ 'ਤੇ ਰੱਖਣਾ ਮੁਹਾਲ ਹੈ।

ਹੱਸਣ ਨੂੰ ਸਾਰੇ ਹੱਸਦੇ ਨੇ, ਹਾਸਿਲ 'ਤੇ ਆਪਣੇ,
ਹਾਸਿਲ ਲੁਟਾ ਕੇ ਫੇਰ ਵੀ, ਹੱਸਣਾ ਮੁਹਾਲ ਹੈ।

ਤੂੰ ਹੰਸ, ਬਗਲੇ ਨਾਲ ਪਰ, ਕਾਹਤੋਂ ਹੈਂ ਤੁਰ ਪਿਆ,
ਅੰਮ੍ਰਿਤ ਨੂੰ ਵਿਸ਼ ਦੇ ਨਾਲ ਇਉਂ ਤੱਕਣਾ ਮੁਹਾਲ ਹੈ।

ਜੋ ਦੁੱਖ ਮੁਸੀਬਤ ਨਾ ਜ਼ਰੇ, ਕੱਚਾ ਹੈ ਆਦਮੀ,
ਕੱਚੇ ਦਾ ਆਵੀ ਤੋਂ ਬਿਨਾਂ ਪੱਕਣਾ ਮੁਹਾਲ ਹੈ।

ਇਸ ਦੌਰ ਦਾ ਇਨਸਾਨ ਤਾਂ ਮਾਇਆ ਨੇ ਮੋਹ ਲਿਐ,
ਇਨਸਾਨੀਅਤ ਦਾ ਉਸ ਬਿਨਾਂ ਬਚਣਾ ਮੁਹਾਲ ਹੈ।

ਤੇਰੇ ਕਥਨ, ਮੇਰੇ ਕਥਨ, ਫ਼ਰਹਾਦ ਬਣ ਗਏ,
ਪਰਬਤ ਕਰਮ ਦਾ ਦੋਸਤਾ, ਕੱਟਣਾ ਮੁਹਾਲ ਹੈ।

ਮੈਂ ਉਮਰ ਭਰ ਵੀ ਸਹਿ ਲਊਂ ਤੇਰੀ ਜੁਦਾਈ, ਪਰ,
ਇੱਕ ਪਲ ਵੀ ਤੈਨੂੰ ਗ਼ੈਰਾਂ ਸੰਗ ਤੱਕਣਾ ਮੁਹਾਲ ਹੈ।

ਸ਼ਕਤੀ, ਸਮਝ, ਮਿਹਨਤ, ਸਮਰਪਣ, ਇਹ ਲਗਨ ਬਿਨਾਂ,
ਫ਼ਲ ਸਫ਼ਲਤਾ ਦਾ ਦੋਸਤੋ! ਚੱਖਣਾ ਮੁਹਾਲ ਹੈ।

'ਸਾਥੀ' ਨੇ ਲਿਖਿਆ, ਜੀਵਿਆ ਹੈ, ਜਿਸ ਤਰ੍ਹਾਂ ਉਵੇਂ,
ਮੰਨਿਆ ਨਾ-ਮੁਮਕਿਨ ਨਹੀਂ ਹੈ ਪਰ, ਮੱਖਣਾ! ਮੁਹਾਲ ਹੈ।

3.

ਮੂੰਹ ਖੋਲ੍ਹ ਕੁਝ ਤਾਂ ਬੋਲ, ਸਿਤਮ ਨੂੰ ਸਵਾਲ ਕਰ।
ਜ਼ਿੰਦਾ ਏਂ ਤਾਂ ਹਯਾਤ ਦਾ ਇਹ ਹੱਕ ਹਲਾਲ ਕਰ।

ਨੌਹਾਗਰੀ ਤੂੰ ਨਿੱਜ ਦੀ ਕਾਫ਼ੀ ਹੈ ਕਰ ਲਈ,
ਪੀੜਾਂ ਪਰਾਈਆਂ ਰੁਲਦੀਆਂ ਦੀ ਹੁਣ ਸੰਭਾਲ ਕਰ।

ਸੰਸਦ 'ਚ ਸੌਂਦੀ ਊਂਘਦੀ ਡੈਮੋਕਰੇਸੀਏ,
ਸੜਕਾਂ 'ਤੇ ਵੇਖ ਕਿਸ ਤਰ੍ਹਾਂ ਰੱਖਿਆ ਕੀ ਹਾਲ ਕਰ।

ਪਾਣੀ ਜੋ ਬਣ ਗਿਆ ਲਹੂ ਚਿੱਟਾ ਜੋ ਹੋ ਗਿਆ,
ਜੇ ਕਰ ਸਕੇਂ ਕਮਾਲ ਕਰ ਉਸਨੂੰ ਤੂੰ ਲਾਲ ਕਰ।

ਅੱਜ ਏਥੇ, ਕੱਲ੍ਹ ਨੂੰ ਓਥੇ, ਤੇ ਪਰਸੋਂ ਦਾ ਨਹੀਂ ਪਤਾ,
ਖ਼ਾਨਾ-ਬਦੋਸ਼ਾਂ ਦਾ ਭਲਾ ਕੀ ਲਊ ਭੁਚਾਲ ਕਰ।

ਹੱਕ ਸੱਚ ਨੂੰ ਕੰਧ 'ਚ ਚਿਣਦਾ ਹੈ ਅੱਜ ਵੀ ਵਜੀਦ ਖਾਂ,
ਬੰਦਾ ਹੈ ਬੈਠਾ ਕਿਸ ਜਗ੍ਹਾ, ਬੰਦੇ ਦੀ ਭਾਲ ਕਰ।

ਸੰਸਦ 'ਚੋਂ ਉੱਠ ਕੇ ਮਹਿਲਾਂ ਦੇ ਬਾਗਾਂ 'ਤੇ ਵਰ੍ਹਦੀਏ,
ਅੜੀਏ! ਘਟਾਏ ਪਿਆਸੇ ਖੇਤਾਂ ਦਾ ਵੀ ਖ਼ਿਆਲ ਕਰ।

ਚੰਗਾ ਭਲਾ ਸੀ ਆਦਮੀ ਕੁਰਸੀ ਉਹ ਬਣ ਗਿਆ,
ਕਿੰਨਾ ਕਿਹਾ ਸੀ, ਨੇੜ ਨਾ, ਨੇਤਾ ਦੇ ਨਾਲ ਕਰ।

ਮਜ਼ਦੂਰ ਹਾਂ ਮੈਂ ਮੁੜ੍ਹਕਾ ਹੈ ਮੇਰਾ ਨਸੀਬ ਬੱਸ,
ਤੂੰ ਹਾੜ ਕਰ ਜਾਂ ਸਾਉਣ ਕਰ ਚਾਹੇ ਸਿਆਲ ਕਰ।

ਮਹਿਫ਼ਿਲ ਨਹੀਂ ਮੁਹਾਜ਼ ਹੈ ਨੇਰ੍ਹੇ ਖ਼ਿਲਾਫ ਇਹ,
ਦੀਵਾ ਨਹੀਂ, ਤੂੰ ਕਵਿਤਾ ਨੂੰ ਬਲਦੀ ਮਸ਼ਾਲ ਕਰ।

ਪੱਟੀ ਵਾਲੀ ਗਲੀ, ਮੋਗਾ-142001





# ਆਧੁਨਿਕ ਪੰਜਾਬੀ ਗ਼ਜ਼ਲਗੋ - ਗੁਲਾਮ ਮੁਸਤਫ਼ਾ ਬਿਸਮਿਲ

ਹਰਭਜਨ ਸਿੰਘ ਹੁੰਦਲ

ਗ਼ਜ਼ਲ ਕਵਿਤਾ ਦਾ ਸਭ ਤੋਂ ਪ੍ਰਭਾਵਸ਼ਾਲੀ, ਸਭ ਤੋਂ ਹੁਸੀਨ, ਸਭ ਤੋਂ ਹਰਮਨ ਪਿਆਰਾ, ਸਭ ਤੋਂ ਗੁੰਝਲਦਾਰ ਤੇ ਲਿਖਣ ਵਿਚ ਸਭ ਤੋਂ ਔਖੇਰਾ ਕਾਵਿ-ਰੂਪ ਹੈ। ਇਸਦਾ ਅਨੁਸ਼ਾਸਨ ਅਤਿ ਦਾ ਸਖ਼ਤ, ਜਟਿਲ ਤੇ ਸਭ ਤੋਂ ਵੱਧ ਅਭਿਆਸ ਤੇ ਸਿਖਲਾਈ ਦੀ ਮੰਗ ਕਰਦਾ ਹੈ। ਸਿਰਫ਼ ਏਹੀ ਕਾਵਿ-ਰੂਪ ਹੈ, ਜਿਸਦੀ ਸਿਖਲਾਈ ਤੇ ਸੁਧਾਈ ਲਈ ਨਵੇਂ ਕਵੀ ਪੁਰਾਣੇ ਕਵੀਆਂ ਨੂੰ ਆਪਣੇ ਉਸਤਾਦ ਧਾਰਦੇ, ਉਨ੍ਹਾਂ ਨੂੰ ਮਾਣ ਵਜੋਂ ਦਸਤਾਰਾਂ ਭੇਂਟ ਕਰਦੇ, ਉਨ੍ਹਾਂ ਦੇ ਹੁੱਕਿਆਂ ਦੀ ਅੱਗ ਧੁਖਾਉਂਦੇ ਤੇ ਹਰ ਮਿਲਣੀ ਸਮੇਂ ਉਨ੍ਹਾਂ ਦੇ ਚਰਨਾਂ ਨੂੰ ਹੱਥ ਲਾਉਂਦੇ ਹਨ। ਆਖ਼ਿਰ ਇਸ ਅਲੋਕਾਰ ਵਰਤਾਰੇ ਦੀ ਵਜ੍ਹਾ ਕਿਆ ਹੈ?

ਗ਼ਜ਼ਲ ਸਭ ਮਹਿਫ਼ਿਲਾਂ ਦੀ ਜਿੰਦ-ਜਾਨ ਹੁੰਦੀ ਹੈ ਤੇ ਜੇ ਕਿਤੇ ਗ਼ਜ਼ਲ ਗਾਈ ਜਾ ਰਹੀ ਹੋਵੇ ਤਾਂ ਸਰੋਤੇ ਅਤੇ ਮੰਚ ਉੱਤੇ ਬੈਠੇ ਸਾਥੀ ਕਵੀ, ਸਭ ਵਜਦ ਵਿਚ ਆ ਕੇ ਝੂੰਮਣ ਲੱਗ ਜਾਂਦੇ ਹਨ। 'ਵਾਹ-ਵਾਹ' ਕਰਦੇ ਹਨ ਅਤੇ ਦੇਰ ਤੀਕਰ ਗ਼ਜ਼ਲ ਦੇ ਜਾਦੂ ਦੇ ਅਸਰ ਹੇਠ ਆਪਣੀ ਹੋਂਦ ਤੀਕਰ ਨੂੰ ਵੀ ਭੁੱਲ ਭੁਲਾ ਜਾਂਦੇ ਹਨ।

ਇਸ ਸਾਰੇ ਅਦਭੁੱਤ ਵਰਤਾਰੇ ਦਾ ਅਸਲ ਰਾਜ਼ ਇੱਕ ਜਾਦੂਮਈ ਸ਼ਬਦ ਵਿਚ ਲੁਕਿਆ ਹੋਇਆ ਹੈ, ਜਿਸਨੂੰ ਵਿਦਵਾਨ ਲੋਕ 'ਤਗ਼ਜ਼ਲ' ਆਖਦੇ ਹਨ। ਜਿਸ ਪਾਠਕ, ਸਰੋਤੇ ਜਾਂ ਕਵੀ ਨੂੰ ਇਸ ਸ਼ਬਦ ਦੇ ਲੁਕਵੇਂ ਤੇ ਡੂੰਘੇਰੇ ਅਰਥ ਸਮਝ ਆ ਜਾਵਣ, ਉਹ ਸਮਝੋ, ਕੋਈ ਵੱਡਾ ਰੁਤਬਾ ਪ੍ਰਾਪਤ ਕਰ ਜਾਂਦਾ ਹੈ। ਅਸੀਂ ਸਤਿਕਾਰ ਨਾਲ ਉਸਨੂੰ 'ਉਸਤਾਦ' ਦਾ ਦਰਜਾ ਦੇ ਦਿੰਦੇ ਹਾਂ। 'ਤਗ਼ਜ਼ਲ' ਗ਼ਜ਼ਲ ਕਾਵਿ-ਰੂਪ ਦੀ ਅਸਲ ਘੁੰਡੀ ਇਕ ਵਿਧੀ ਤੇ ਅਲੰਕਾਰਕ ਜੁਗਤ ਹੁੰਦੀ ਹੈ, ਜੋ ਇਸਨੂੰ ਬਾਕੀ ਰੂਪਾਂ ਤੋਂ ਵਖਰਾਉਂਦੀ ਤੇ ਇਸਦੀ ਵੱਖਰੀ ਪਛਾਣ ਕਾਇਮ ਕਰਦੀ ਹੈ। ਇਸ ਦਾ ਭਾਵ ਹੈ, ਗ਼ਜ਼ਲ ਦੇ ਸ਼ਿਅਰ ਦੀਆਂ ਦੋ ਪੰਗਤੀਆਂ ਵਿਚ ਤਜ਼ਾਦ ਅਥਵਾ ਟਕਰਾ ਪੈਦਾ ਕਰਨਾ, ਸ਼ਿਅਰ ਵਿਚ ਆਪਾਵਿਰੋਧੀ ਸਥਿਤੀ ਪੈਦਾ ਕਰਨੀ। ਜੇ ਇਸ ਗੱਲ ਨੂੰ ਹੋਰ ਸਪੱਸ਼ਟ ਕਰਨਾ ਹੋਵੇ ਤਾਂ ਇਹਦਾ ਅਰਥ ਇਹ ਬਣਦਾ ਹੈ ਕਿ ਸ਼ਿਅਰ ਦੀ ਪ੍ਰਹਿਲੀ ਪੰਗਤੀ ਵਿਚ ਆਖੀ ਗੱਲ ਦੇ, ਦੂਸਰੀ ਪੰਗਤੀ ਵਿਚ ਉਲਟ, ਗੱਲ ਆਖਣੀ ਤੇ ਇੰਝ ਕਰਦਿਆਂ ਇਕ ਅਚੰਭਾ ਪੈਦਾ ਕਰਨਾ ਤੇ ਸਰੋਤੇ ਜਾਂ ਪਾਠਕ ਨੂੰ ਚੌਂਕਾ ਦੇਣਾ ਅਥਵਾ ਉਸਦੇ ਕੰਨ ਖੜ੍ਹੇ ਕਰ ਦੇਣਾ। ਜੇ ਕਿਸੇ ਸ਼ਿਅਰ ਵਿਚ ਇਹ ਟਕਰਾ ਜਾਂ ਤਗ਼ਜ਼ਲ ਦੀ ਨਾਟਕੀ ਸਥਿਤੀ ਪੈਦਾ ਨਹੀਂ ਹੁੰਦੀ ਤਾਂ ਸਮਝ ਲਈਏ ਕਿ ਉਹ ਸ਼ਿਅਰ ਗ਼ਜ਼ਲ ਦਾ ਨਹੀਂ, ਨਜ਼ਮ ਦਾ ਹੈ।

ਕਦੇ ਗ਼ਜ਼ਲ "ਔਰਤਾਂ ਨਾਲ ਗੱਲਾਂ" ਕਰਨ ਵਾਲਾ ਕਾਵਿ-ਰੂਪ ਸਮਝਿਆ ਜਾਂਦਾ ਸੀ, ਕਦੇ ਹਿਰਨ ਦੀ ਚੁੰਗੀ ਭਰਨ ਵਾਂਗ, ਕਦੇ ਸ਼ਿਕਾਰੀ ਹੱਥੋਂ ਫੱਟੜ ਹੋਏ ਹਿਰਨ ਦੀ ਚੀਕ ਵਾਂਗ। ਪਰ ਹੁਣ ਗ਼ਜ਼ਲ ਦੇ ਸ਼ਿਅਰਾਂ ਦਾ ਘੇਰਾ ਧਰਤੀ, ਜਿੰਨਾ ਵਿਸ਼ਾਲ, ਸਮਝਿਆ ਜਾਣ ਲੱਗ ਪਿਆ ਹੈ। ਹੁਣ ਗ਼ਜ਼ਲ ਮੈਖ਼ਾਨੇ ਤੇ ਸ਼ਹਿਨਸ਼ਾਹੀ ਮਹਿਫ਼ਿਲਾਂ ਤੋਂ ਮੁਕਤ ਹੋ ਕੇ ਪਿੰਡਾਂ,

ਸ਼ਹਿਰਾਂ ਦੀਆਂ ਗਲੀਆਂ ਵਿਚ ਵਿਚਰਦੇ ਜਨ-ਸਾਧਾਰਨ ਦੇ ਦੁੱਖਾਂ-ਦਰਦਾਂ, ਖੁਸ਼ੀਆਂ, ਗਮੀਆਂ, ਸੁਪਨਿਆਂ, ਤਾਂਘਾਂ, ਜਿੱਤਾਂ-ਹਾਰਾਂ ਤੇ ਲੜੇ ਜਾਂ ਰਹੇ ਸੰਗਰਾਮਾਂ ਬਾਰੇ ਖੁੱਲ ਕੇ ਗੱਲ ਕਰਨ ਦੇ ਸਮਰੱਥ ਹੋ ਗਈ ਹੈ।

ਉਹ ਵੀ ਦਿਨ ਸੀ ਕਿ ਗਾਉਂਦੀ ਸੀ, ਮਹਿਮਾ ਜਾਮ ਸਰਾਹੀ ਦੀ,
ਵੇਖ! ਗ਼ਜ਼ਲ ਨੂੰ ਗਾਉਣੇ ਪੈ ਗਏ, ਸੋਗੀ ਗੀਤ ਗਰਾਵਾਂ ਦੇ।

ਗ਼ਜ਼ਲ ਰਾਹੀਂ ਸੰਘਰਸ਼ਾਂ ਦੀ ਗੱਲ ਤਾਂ ਕਰਨੀ ਹੈ ਔਖੀ,
ਕਿਹੜੀ ਗੱਲ ਨਹੀਂ ਕਰ ਸਕਦੇ, ਚਾਨਣ ਦੇ ਵਣਜਾਰੇ ਲੋਕ।

ਜਾਂ

ਗ਼ਜ਼ਲ ਦੀ ਸੀਮਾ ਹੈ ਕਿਹੜੀ ਆਖਰੀ?
ਲੱਗਦੇ ਇਤਰਾਜ਼ ਤੇ ਇਤਰਾਜ਼ ਵੇਖ।

ਪਰ ਗ਼ਜ਼ਲ ਵਿਚ ਨਜ਼ਾਕਤ, ਚੁਸਤ ਬਿਆਨੀ, ਖ਼ਿਆਲ ਦੀ ਉਡਾਨ ਤੇ ਵਿਚਾਰਧਾਰਕ ਡੂੰਘਿਆਈ ਵੀ ਹਾਜ਼ਰ ਜਾਂ ਪੇਸ਼ ਹੋਣੀ ਚਾਹੀਦੀ ਹੈ। ਜੇ ਗ਼ਜ਼ਲ ਦੇ ਸ਼ਿਅਰਾਂ ਵਿਚ ਇਹ ਗੁਣ ਜਾਂ ਵਿਸ਼ੇਸ਼ਤਾਈਆਂ ਉਜਾਗਰ ਨਹੀਂ ਹੁੰਦੀਆਂ ਤਾਂ ਫਿਰ ਇਹ ਸ਼ਿਅਰ, ਸਪਾਟ ਤੇ ਅਖ਼ਬਾਰ ਦੀ ਖ਼ਬਰ ਵਰਗੇ ਬਣ ਕੇ ਰਹਿ ਜਾਣਗੇ।

2.

ਆਓ ਵੇਖੀਏ ਕਿ ਪੱਛਮੀ ਪੰਜਾਬ ਦਾ ਗ਼ਜ਼ਲ-ਗੋ ਗੁਲਾਮ ਮੁਸਤਫ਼ਾ ਬਿਸਮਿਲ ਕਿਸ ਭਾਂਤ ਦੀ ਗ਼ਜ਼ਲ ਲਿਖ ਰਿਹਾ ਹੈ। ਬਿਸਮਿਲ ਉਸਤਾਦ ਕਵੀ, ਤੇ ਵਿਦਵਾਨ ਬੰਦਾ ਹੈ। ਜਿਸਨੇ 1998 ਵਿਚ 'ਪੰਜਾਬੀ ਗ਼ਜ਼ਲ ਦਾ ਇਰਤਕਾ' ਅਰਥਾਤ ਗ਼ਜ਼ਲ ਦਾ ਵਿਕਾਸ ਪੁਸਤਕ ਲਿਖ ਕੇ ਆਪਣਾ ਸਿੱਕਾ ਮੰਨਵਾ ਲਿਆ ਸੀ।

ਪਰ ਇਹ ਜ਼ਰੂਰੀ ਨਹੀਂ ਹੈ ਕਿ ਕੋਈ ਵਿਅਕਤੀ ਜੋ ਗ਼ਜ਼ਲ ਦਾ ਸਿਆਣਾ ਸਿਧਾਂਤਕਾਰ ਹੋਵੇ ਤੇ ਨਾਲ ਦੀ ਨਾਲ ਉਹ ਵਧੀਆ ਗ਼ਜ਼ਲ-ਗੋ ਵੀ ਹੋਵੇ। ਜੇ ਉਹ ਚੰਗਾ ਗ਼ਜ਼ਲ-ਗੋ ਵੀ ਹੋਵੇ ਤੇ ਨਾਲ ਦੀ ਨਾਲ ਗ਼ਜ਼ਲ ਦੇ ਕਾਵਿ-ਸ਼ਾਸਤਰ ਦਾ ਚੰਗਾ ਮਾਹਿਰ ਵੀ ਹੋਵੇ ਤਾਂ ਅਸੀਂ ਪੰਜਾਬੀ ਲੋਕ ਉਸਨੂੰ 'ਸੋਨੇ ਉੱਤੇ ਸੁਹਾਗੇ' ਵਾਲੀ ਗੱਲ ਕਹਿੰਦੇ ਹਾਂ। ਉਸ ਵਿਚ ਇਹ ਦੋਵੇਂ ਗੁਣ ਹਨ ਤੇ ਖਾਸੀ ਮਾਤਰਾ ਵਿਚ ਹਨ।

ਪਾਕਿਸਤਾਨ ਦੇ ਪੰਜ-ਛੇ ਸੰਖੇਪ ਗੇੜਿਆਂ ਦੌਰਾਨ, ਜਨਾਬ ਬਿਸਮਿਲ ਦੇ ਦਰਸ਼ਨ ਨਹੀਂ ਹੋਏ। ਮੇਰੀ ਬਦਕਿਸਮਤੀ! ਐਪਰ ਜਨਾਬ ਇਲਿਆਸ ਘੁੰਮਣ ਦੀ ਮਿਹਰਬਾਨੀ ਸਦਕਾ ਉਸਦਾ ਵੱਡਾ ਗ਼ਜ਼ਲ-ਗ੍ਰੰਥ ਮੈਨੂੰ ਪ੍ਰਾਪਤ ਹੋ ਗਿਆ ਸੀ। ਜਿਸਦਾ ਨਾਂ ਹੈ, "ਅੱਖੀਆਂ ਵਿਚ ਉਤਰੀ ਸ਼ਾਮ"। ਇਹ ਦੁਰਲੱਭ ਗ੍ਰੰਥ 2002 ਵਿਚ ਇੰਸਟੀਚਿਊਟ ਆਫ਼ ਆਰਟ ਅਤੇ ਕਲਚਰ ਲਾਹੌਰ ਵਲੋਂ ਪ੍ਰਕਾਸ਼ਿਤ ਹੋਇਆ ਸੀ। ਇਸ ਵਿਚ ਹੇਠ ਲਿਖੇ ਗ਼ਜ਼ਲ-ਸੰਗ੍ਰਹਿ ਸ਼ਾਮਿਲ ਕੀਤੇ ਗਏ ਹਨ। 'ਬੇਲਾ ਪੀੜਾਂ ਦਾ' (1980), 'ਤਲੀਆਂ ਉੱਤੇ ਅੱਖਾਂ' (1993), 'ਅੱਖ ਹੰਝੂਆਂ ਦੀ ਯਾਰੀ' (2002) ਅਤੇ 'ਅੱਖੀਆਂ ਵਿਚ ਉੱਤਰੀ ਸ਼ਾਮ'



(2002) ਅਰਥਾਤ ਇਸ ਵੱਡ-ਆਕਾਰੀ ਸੰਗ੍ਰਹਿ ਵਿਚ 1980 ਤੋਂ 2002 ਤੀਕ ਦਾ ਬਾਈ ਸਾਲਾਂ ਦਾ ਸਮੁੱਚਾ ਕਲਾਮ ਪੇਸ਼ ਹੈ।

ਬਿਸਮਿਲ ਗ਼ਜ਼ਲ ਤੋਂ ਬਿਨਾਂ ਨਜ਼ਮ ਵੀ ਲਿਖਦਾ ਹੈ, ਕਹਾਣੀ ਵੀ ਤੇ ਆਲੋਚਨਾ ਵੀ। ਉਸਨੇ ਹੋਰਨਾਂ ਲੇਖਕਾਂ ਨਾਲ ਮਿਲ ਕੇ ਕਈ ਪੁਸਤਕਾਂ ਦਾ ਸੰਪਾਦਨ ਵੀ ਕੀਤਾ ਹੈ। ਇਸ ਤੋਂ ਬਿਨਾਂ ਉਸਨੇ ਮੋਢੀ ਪੰਜਾਬੀ ਗ਼ਜ਼ਲ-ਗੋਆਂ ਬਾਰੇ ਇੱਕ ਵੱਡਮੁੱਲੀ ਪੁਸਤਕ ਛਾਪੀ ਹੈ। ਜਿਸ ਦਾ ਨਾਂ ਹੈ "ਬਾਰਾਂ ਬੁਰਜ ਪੰਜਾਬ ਦੇ"। ਇਸ ਵਿਚ ਸ਼ਾਮਿਲ ਕਵੀਆਂ ਬਾਰੇ ਲੰਮੇ ਲੇਖਾਂ ਦੇ ਨਾਲ, ਉਹਨਾਂ ਦਾ ਚੋਣਵਾਂ ਕਲਾਮ ਵੀ ਪੇਸ਼ ਹੈ, ਇੰਝ ਬਿਸਮਿਲ ਸਾਹਿਤਕ ਖੇਤਰ ਵਿਚ ਇੱਕ ਉੱਦਮੀ ਸਾਹਿਤਕਾਰ ਦੇ ਤੌਰ ਤੇ ਸਰਗਰਮ ਹੈ।

ਬਿਸਮਿਲ ਦਾ ਜਨਮ 14 ਅਪ੍ਰੈਲ 1952 ਦਾ ਹੈ ਤੇ ਉਸਦੇ ਪਿਤਾ ਦਾ ਨਾਂ ਹਾਜੀ ਸ਼ੇਖ਼ ਗੁਲਾਮ ਰਸੂਲ ਹੈ। ਉਸਦਾ ਜਨਮ ਅਸਥਾਨ ਵੱਸਣ-ਪੁਰਾ ਲਾਹੌਰ ਹੈ ਤੇ ਪੱਕਾ ਪਤਾ ਹੈ, ਪੰਜ ਸ਼ਹਿਜ਼ਾਦਾ ਸ਼ਹੀਦ ਕਾਲੋਨੀ ਗੁਜਰਾਂਵਾਲਾ ਹੈ। ਸਪੱਸ਼ਟ ਹੈ ਕਿ ਉਹ ਸੰਤਾਲੀ ਤੋਂ ਬਾਅਦ ਦੀ ਪੀੜ੍ਹੀ ਵਿਚੋਂ ਹੈ।

3.

"ਅੱਖੀਆਂ ਵਿਚ ਉੱਤਰੀ ਸ਼ਾਮ" ਦਾ ਅਧਿਐਨ ਕਰਨਾ ਕੋਈ ਸੌਖੀ ਬਾਤ ਨਹੀਂ ਹੈ। ਸ਼ਾਹਮੁਖੀ ਲਿਪੀ ਵਿਚ ਲਿਖੀ ਗਈ ਪੰਜਾਬੀ ਗ਼ਜ਼ਲ ਪੜ੍ਹਦਿਆਂ ਲਗਾਂ-ਮਾਤਰਾ ਦੀਆਂ ਕਈ ਔਕੜਾਂ ਆਉਂਦੀਆਂ ਹਨ ਤੇ ਕਈ ਥਾਈਂ ਦੰਦੇ ਐਸੇ ਫਸਦੇ ਹਨ ਕਿ ਕੰਨੇ ਤੇ ਣਾਣੇ ਦੇ ਫ਼ਰਕ ਦਾ ਪਤਾ ਹੀ ਨਹੀਂ ਲੱਗਦਾ ਤੇ ਬਹੁਤ ਵਾਰ ਅਨੁਮਾਨ ਲਾ ਕੇ ਹੀ ਕੰਮ ਸਾਰਨਾ ਪੈਂਦਾ ਹੈ। ਇਸ ਗ੍ਰੰਥ ਵਿਚ 309 ਗ਼ਜ਼ਲਾਂ ਸ਼ਾਮਿਲ ਹਨ। ਇਸ ਤੋਂ ਕਵੀ ਰਚਨਾਤਮਿਕ ਊਰਜਾ ਦਾ ਭੰਡਾਰਾ ਪ੍ਰਤੀਤ ਹੁੰਦਾ ਹੈ।

ਆਪਣੀ ਗ਼ਜ਼ਲ ਰਚਨਾ ਬਾਰੇ ਲਿਖਦੇ ਹੋਏ ਖ਼ੁਦ ਕਵੀ ਆਖਦਾ ਹੈ, 'ਮੈਨੂੰ ਨਾ ਗ਼ਜ਼ਲ ਦੇ ਮਿਜ਼ਾਜ-ਸ਼ਨਾਸ ਹੋਣ ਦਾ ਦਾਅਵਾ ਏ ਤੇ ਨਾ ਹੀ ਨਵਾਂ ਤਰਜ਼ੇ-ਅਹਿਸਾਸ ਰੱਖਣ ਦਾ ਗਰੂਰ। ਮੈਂ ਨਾ ਇਸਦੇ ਚਾਲੂ ਰਵੱਈਆਂ ਤੇ ਨਾਬਰ ਹੋਇਆ ਤੇ ਨਾ ਹੀ ਕੋਈ ਲਸਾਨੀ (ਭਾਸ਼ਾਈ) ਅਰੂਜ਼ੀ ਤੇ ਫਨੀ (ਕਲਾਤਮਿਕ) ਤਜਰਬਿਆਂ ਵਿਚ ਵਾਧਾ ਕਰਨ ਦਾ ਦਾਅਵਾ ਕਰਦਾ ਹਾਂ। ਹਾਂ ਆਪਣੇ ਜਜ਼ਬਿਆਂ ਦੀ ਸੱਚਾਈ ਉੱਤੇ ਮੇਰਾ ਈਮਾਨ ਜ਼ਰੂਰ ਹੈ। ਮੈਂ ਜ਼ਿੰਦਗੀ ਦੇ ਸੱਚੇ ਤਜਰਬੇ ਤੇ ਇਨਸਾਨੀ ਰਿਸ਼ਤਿਆਂ ਦੀ ਪੱਕਿਆਈ ਅਤੇ ਤਕੱਦਸ ਦਾ ਕਾਇਲ ਹਾਂ। ਮੇਰੇ ਸ਼ਿਅਰ ਮੇਰੀ ਸ਼ਖ਼ਸੀਅਤ, ਮੇਰੀ ਅਣਖ ਤੇ ਮੇਰੇ ਜ਼ਮੀਰ ਦੀ ਆਵਾਜ਼ ਨੂੰ ਸਾਹਮਣੇ ਲਿਆਉਂਦੇ ਨੇ। ਮੈਂ ਤੇ ਮੇਰੇ ਵਿਚਾਰ ਦੋ ਵੱਖਰੇ ਰੂਪ ਨਹੀਂ। ਮੇਰੀ ਜ਼ਾਤ ਵਿਚੋਂ ਮੇਰੀ ਸ਼ਾਇਰੀ ਦਾ ਅਕਸ ਤੇ ਮੇਰੀ ਗ਼ਜ਼ਲ ਵਿਚੋਂ ਮੇਰਾ ਆਪਣਾ ਸੁਭਾਅ ਲੱਭਦਾ ਏ।" (ਮੇਰੀ ਗ਼ਜ਼ਲ ਪੰਨਾ 173)

ਉਸ ਦਾ ਇਕ ਸ਼ਿਅਰ ਹੈ -

**ਜਜ਼ਬਿਆਂ ਦੀ ਰੱਤ ਨਾ ਹੋਵੇ ਮਹਿਕਦੀ ਜਿਸ ਸ਼ਿਅਰ ਵਿਚ,**
**ਉਸ ਦਾ ਖ਼ਾਲਕ ਤੇ ਸਮਝੋ ਕਾਫੀਏ ਘੜਦਾ ਰਿਹਾ।**

ਕਾਫੀਏ ਘੜਨਾ ਕੋਈ ਸ਼ਾਇਰੀ ਨਹੀਂ ਹੈ। ਉਹ ਖ਼ੁਦ ਮੰਨਦਾ ਹੈ ਕਿ "ਜਿਹੜੀ ਗੱਲ ਮੇਰੇ ਦਿਲ ਦੇ ਤਾਰ ਨਹੀਂ ਹਿਲਾਉਂਦੀ, ਅੱਖਾਂ ਮੀਟ ਕੇ ਉਸਨੂੰ ਮੈਂ ਕਿਵੇਂ ਕਬੂਲ ਕਰ ਲਵਾਂ। ਠੇਠ ਲਫਜ਼ਈ ਕੰਪੋਜ਼ ਕਰਨ ਵਾਲੀ ਗੱਲ ਤੇ 'ਮੰਜੀ ਪੀੜ੍ਹੀ ਠੁਕਵਾ ਲਵੋ' ਵਾਲਾ ਅਮਲ ਏ। ਚੂਲਾਂ ਠੋਕਦਿਆਂ-ਠੋਕਦਿਆਂ ਹੀਆਂ ਤੇ ਸੇਰੂ ਹੀ ਤਰੇੜੇ ਜਾਣ ਤੇ ਫਿਰ ਫਾਇਦਾ ਕੀ....?"

ਬਿਸਮਿਲ ਦੀ ਰਚਨਾ ਦਾ ਆਕਾਰ ਤੇ ਪਰਕਾਰ ਵੇਖ ਇੰਝ ਪ੍ਰਤੀਤ ਹੁੰਦਾ ਹੈ, ਜਿਵੇਂ ਉਹ ਗ਼ਜ਼ਲ ਦਾ ਭਰ ਵਗਦਾ ਇੱਕ ਦਰਿਆ ਹੋਵੇ। ਉਸ ਦੀਆਂ ਗ਼ਜ਼ਲਾਂ ਵਿਚ ਨਵੇਂ, ਅਲੋਕਾਰ ਤੇ ਵੰਨ-ਸੁਵੰਨੇ ਰਦੀਫ ਤੇ ਕਾਫੀਏ ਮਿਲਦੇ ਹਨ ਤੇ ਗ਼ਜ਼ਲਾਂ ਵਿਚ ਪ੍ਰਗਟ ਕੀਤੇ ਅਨੁਭਵ ਦੀ ਡੂੰਘਾਈ ਅਤੇ ਵਿਸ਼ਾਲਤਾ, ਜੀਵਨ ਦੇ ਅਨੇਕ ਰੰਗ ਤੇ ਕਲਪਣਾ ਦੀ ਉਡਾਰੀ ਹੈਰਾਨ ਕਰਨ ਵਾਲੀ ਹੈ।

**ਅੱਖਰ ਅੱਖਰ ਮੇਰੀ ਹੋਂਦ ਦੀ ਦੇਵੇ ਪਿਆ ਗਵਾਹੀ,**
**ਮੇਰੇ ਸ਼ਿਅਰਾਂ ਚੋਂ ਮੇਰੀ ਪਹਿਚਾਣ ਵਿਖਾਲੀ ਦੇਵੇ।**

**ਜਿਗਰ ਦੀ ਰੱਤ ਪਿਆ ਕੇ ਬਿਸਮਿਲ, ਆਵਣ ਵਾਲੇ ਕਵੀਆਂ ਲਈ,**
**ਸ਼ਿਅਰ ਚਮਨ ਵਿਚ ਹਰ ਟਹਿਣੀ ਤੇ, ਫ਼ਿਕਰ ਦੇ ਫੁੱਲ ਖਿੜਾਵੇ।**

4.

ਕਿਸੇ ਵੀ ਕਲਾਕਾਰ ਦੀ ਰਚਨਾ, ਉਸਦੇ ਆਪਣੇ ਦੇਸ਼ ਦੇ ਸਿਆਸੀ ਹਾਲਾਤ ਤੇ ਸਮਾਜੀ ਤਣਾਵਾਂ, ਚੁਣੌਤੀਆਂ ਤੋਂ ਨਿਰਲੇਪ ਤੇ ਬੇਨਿਆਜ਼ ਨਹੀਂ ਰਹਿ ਸਕਦੀ। ਸੁਰਚਨਾਵਾਦੀ ਸਿਧਾਂਤਕਾਰ, ਕਿਸੇ ਵੀ ਕਿਤਾਬ ਨੂੰ ਵਿਚਾਰਨ ਲੱਗੇ ਉਸਦੇ ਅੰਦਰਲੇ ਪਾਠ ਨੂੰ ਹੀ ਆਧਾਰ ਬਣਾ ਕੇ ਵੇਖਣ ਦੀ ਕੋਸ਼ਿਸ਼ ਕਰਦੇ ਹਨ। ਵਿਚਾਰ ਅਧੀਨ ਰਚਨਾ ਨੂੰ ਸਮੇਂ ਤੇ ਸਥਾਨ ਨਾਲੋਂ ਤੋੜ ਕੇ ਵੇਖਣ ਨਾਲ ਜੋ ਸਿੱਟੇ ਕੱਢੇ ਜਾਣਗੇ, ਉਹ ਬਹੁਤ ਵਾਰ ਇੱਕ ਪਾਸੜ ਅਧੂਰੇ ਤੇ ਬਹੁਤ ਵਾਰ ਗਲਤ ਹੋਣਗੇ।

ਪਾਕਿਸਤਾਨ ਦੀ ਕਿਸੇ ਵੀ ਰਚਨਾ ਨੂੰ ਉਥੋਂ ਦੀਆਂ ਤਾਨਾਸ਼ਾਹੀ ਪਾਬੰਦੀਆਂ ਤੇ ਫੌਜੀ ਰਾਜ ਦੀਆਂ ਨਾਦਰਸ਼ਾਹੀਆਂ ਤੇ ਹਿਟਲਰ ਸ਼ਾਹੀਆਂ ਅਤੇ ਮੁੱਲਾਂ-ਮੌਲਾਣਿਆਂ ਦੀਆਂ ਗ਼ੈਰ-ਇਨਸਾਨੀ ਤੇ ਕੱਟੜ ਨੀਤੀਆਂ ਤੋਂ ਤੋੜ-ਵਿਛੋੜ ਕੇ ਨਹੀਂ ਵੇਖਿਆ ਜਾ ਸਕਦਾ। ਜਿਸ ਦੇਸ਼ ਦੇ ਪਿਛਲੇ ਸੱਠ ਸਾਲਾਂ ਦੇ ਇਤਿਹਾਸ ਵਿਚ ਤੀਹ ਸਾਲਾਂ ਤੋਂ ਵੱਧ ਫੌਜੀ ਤਾਨਾਸ਼ਾਹੀ ਦਾ ਰਾਜ ਰਿਹਾ ਹੋਵੇ ਜਿਥੇ ਜਮਹੂਰੀ ਕਦਰਾਂ-ਕੀਮਤਾਂ ਤੇ ਪਰੰਪਰਾਵਾਂ ਨੂੰ ਪੁੰਗਰਨ ਤੇ ਪਨਪਣ ਦਾ ਮੌਕਾ ਹੀ ਨਾ ਮਿਲਿਆ ਹੋਵੇ। ਜਿੱਥੇ ਹਰ ਪਲ ਫੌਜੀ ਤਾਨਾਸ਼ਾਹੀ ਦੇ ਮੁੜ ਆਉਣ ਦਾ ਖ਼ਤਰਾ ਬਣਿਆ ਰਹੇ, ਉਥੋਂ ਦੇ ਲੋਕ, ਕਿਵੇਂ ਖੁੱਲ ਕੇ ਆਪਣੇ ਮਨ ਦੇ ਹਾਵਾਂ-ਭਾਵਾਂ ਨੂੰ ਪ੍ਰਗਟ ਕਰ ਸਕਦੇ ਹਨ। ਕਦੇ ਮੁੱਲਾਂ-ਮੌਲਾਣਿਆਂ ਦੀ ਕੱਟੜਤਾ, ਕਦੇ ਫੌਜੀ ਰਾਜ ਦਾ ਸਾਹ ਘੁੱਟਵਾਂ ਵਾਤਾਵਰਨ ਤੇ ਕਦੇ ਅਤਿਵਾਦੀ ਕਾਤਲਾਂ ਦੀ ਦਹਿਸ਼ਤ ਤੇ ਕਤਲੇਆਮ ਦਾ ਖ਼ਤਰਾ ਹੋਵੇ, ਉਥੇ ਸਿਰਫ਼ ਹਾਕਮ ਧਿਰ ਨੂੰ ਸ਼ਹਿਰੀ ਆਜ਼ਾਦੀਆਂ ਹੁੰਦੀਆਂ



ਹਨ ਤੇ ਉਥੇ ਆਜ਼ਾਦੀ ਦਾ ਮਾਹੌਲ ਵਿਕਸਿਤ ਹੀ ਨਹੀਂ ਹੋ ਸਕਦਾ।

ਅਜਿਹੇ ਹਾਲਾਤ ਵਿਚ ਕਲਾਕਾਰ ਕੀ ਕਰੇ। ਉਹ ਆਪਣਿਆਂ ਜਜ਼ਬਿਆਂ ਦਾ ਪ੍ਰਗਟਾਵਾ ਕਿਵੇਂ ਕਰੇ? ਕੀ ਉਹ ਚੁੱਪ ਰਹਿ ਕੇ ਦਿਨ ਕੱਟੇ ਤੇ ਭਲੇ ਵੇਲਿਆਂ ਦੀ ਆਮਦ ਨੂੰ ਉਡੀਕਦਾ ਰਹੇ? ਜੇ ਉਹ ਇਸ ਰਾਹ ਤੁਰਦਾ ਹੈ ਤਾਂ ਇਹ ਜਿਊਂਦੇ-ਜੀਅ ਆਤਮਘਾਤ ਦਾ ਰਾਹ ਹੈ। ਐਸੀ ਹਾਲਤ ਵਿਚ ਸੁਹਿਰਦ ਤੇ ਵਚਨਬੱਧ ਕਵੀ ਤੇ ਕਲਾਕਾਰ ਕੀ ਕਰੇ? ਜਾਂ ਫਿਰ ਉਹ ਹਿਜਰਤ ਕਰਕੇ, ਦੇਸ਼ ਤੋਂ ਬਾਹਰ ਚਲਾ ਜਾਵੇ ਤੇ ਜਾਂ ਚੁੱਪ ਵੱਟ ਲਵੇ

**ਕੋਈ ਪੁੱਛਦਾ ਬਹਿ ਕੇ ਤੇ ਕਹਿ ਦੇਨਾਂ ਖ਼ੁਦਾ ਨੇ ਹਿਜਰਤਾਂ ਵੰਡੀਆਂ,**
**ਕਿਸੇ ਨੂੰ ਇਹ ਕਿਵੇਂ ਦੱਸਾਂ ਭਰਾ ਨੇ ਹਿਜਰਤਾਂ ਵੰਡੀਆਂ।**

**ਬੜਾ ਨਿੱਘਾ ਸੀ ਸੁੱਤਾ, ਆਹਲਣੇ ਵਿਚ ਹਰ ਕੋਈ ਪੰਛੀ,**
**ਅਚਾਨਕ ਤੇਜ਼ ਗੋਲੀ ਦੀ ਸਦਾ ਨੇ ਹਿਜਰਤਾਂ ਵੰਡੀਆਂ।**

**ਕਿਤੇ ਮਜ਼ਹਬ, ਕਿਤੇ ਫਿਰਕੇ, ਕਿਤੇ ਜਾਤਾਂ ਦੇ ਝਗੜੇ ਨੇ,**
**ਹਰ ਇਕ ਥਾਂ ਤੇ ਤਅੱਸਬ ਦੀ ਬਲਾ ਨੇ ਹਿਜਰਤਾਂ ਵੰਡੀਆਂ।**

**ਕੋਈ ਸ਼ਾਹਦੀ ਨਾ ਦੇਵੇ ਉਹਦੇ ਇਸ ਕਾਰਨਾਮੇ ਦੀ,**
**ਖਰੇ ਤਾਹੀਓਂ ਹਨ੍ਹੇਰੇ ਵਿਚ 'ਜ਼ਿਆ' ਨੇ ਹਿਜਰਤਾਂ ਵੰਡੀਆਂ।**
**ਕਦੋਂ ਜੀ ਕਰਦਾ ਸੀ 'ਬਿਸਮਿਲ' ਸਮੁੰਦਰ ਪਾਰ ਜਾਵਣ ਦਾ,**
**ਗ਼ਮਾਂ ਮਾਰੀ ਦੇ ਪੁੱਤਰਾਂ ਨੂੰ, ਗਜ਼ਾ ਨੇ ਹਿਜਰਤਾਂ ਵੰਡੀਆਂ।**

(ਅੱਖੀਆਂ ਵਿਚ ਉੱਤਰੇ ਸ਼ਾਮ ਪੰਨਾ 192)

ਕਲਾਕਾਰ ਲਈ ਅਜਿਹੇ ਦੇਸ਼ ਵਿਚ ਤਿੰਨ ਰਾਹ ਅਥਵਾ ਮੁਤਬਾਦਲ ਰਹਿ ਜਾਂਦੇ ਹਨ ਜਾਂ ਉਹ ਚੁੱਪ ਰਹੇ ਜਾਂ ਦੇਸ਼ ਛੱਡ ਕੇ ਹਿਜਰਤ ਕਰ ਜਾਵੇ ਤੇ ਜਾਂ ਫਿਰ ਹਬੀਬ ਜਾਲਿਬ ਤੇ ਫੈਜ਼ ਵਾਂਗ ਜੇਲ੍ਹ ਦੀਆਂ ਤੰਗੀਆਂ ਤੇ ਮੁਸੀਬਤਾਂ ਝੱਲੇ।

ਇਹਨਾਂ ਤਿੰਨਾਂ ਰਾਹਾਂ ਤੋਂ ਬਿਨਾਂ ਇੱਕ ਚੌਥਾ ਰਾਹ ਵੀ ਮੁਮਕਿਨ ਹੈ ਤੇ ਉਹ ਹੈ ਕਿ ਕਲਾਕਾਰ ਆਤਮ ਪ੍ਰਗਟਾਵੇ ਲਈ ਰਮਜ਼ਾਂ, ਸੈਨਤਾਂ ਤੇ ਜਾਂ ਪ੍ਰਤੀਕਾਂ ਦੀ ਸਹਾਇਤਾ ਲਵੇ। ਇਹ ਰਾਹ ਵੀ ਸੌਖਾ ਨਹੀਂ। ਕਲਾਕਾਰ ਐਸੀ ਰਮਜ਼ ਵਰਤੇ ਕਿ ਸਰਕਾਰੀ ਅਧਿਕਾਰੀਆਂ ਨੂੰ ਪਤਾ ਹੀ ਨਾ ਲੱਗੇ। ਜੇ ਉਹਨਾਂ ਨੂੰ ਪਤਾ ਹੀ ਨਾ ਲੱਗੇ, ਤਾਂ ਫਿਰ ਪਾਠਕਾਂ ਨੂੰ ਕਿਵੇਂ ਪਤਾ ਲੱਗੇ। ਕੀ ਸਾਰੇ ਸਰੋਤੇ, ਸਾਹਿਤਕ ਤੇ ਕਲਾਤਮਿਕ ਪੱਖੋਂ ਐਨੇ ਸੁਚੇਤ ਤੇ ਸਿੱਖਿਅਤ ਹੁੰਦੇ ਹਨ ਕਿ ਉਹ ਕਲਾ ਦੇ ਲਿਬਾਸ ਵਿਚ ਆਖੀ ਗੱਲ ਨੂੰ ਸਮਝ ਜਾਣ?

ਕਈ ਸਾਹਿਤ ਦੇ ਸਿਧਾਂਤਕਾਰ ਇਹ ਦਲੀਲ ਵੀ ਦਿੰਦੇ ਹਨ ਕਿ ਪਾਬੰਦੀਆਂ ਭਰੇ ਮਾਹੌਲ ਵਿਚ ਪ੍ਰਤੀਕ ਤੇ ਬਿੰਬ ਅਥਵਾ ਇਸ਼ਤਿਹਾਰਿਆਂ ਦੀ ਵਰਤੋਂ ਨਾਲ ਸਾਹਿਤ ਦੇ ਖੇਤਰ ਵਿਚ ਨਵੀਆਂ ਵਿਧੀਆਂ ਦਾ ਵਿਕਾਸ ਹੁੰਦਾ ਹੈ। ਕਲਾਕਾਰ ਨਵੇਂ ਪ੍ਰਗਟਾ-ਢੰਗ

ਲੱਭਦਾ ਹੈ, ਉਹ ਵਧੇਰੇ ਪ੍ਰਯੋਗਸ਼ੀਲ ਹੋ ਜਾਂਦਾ ਹੈ। ਪਰ ਇਹ ਸਭ ਦਲੀਲਾਂ ਮਰਦਿਆਂ ਦੇ ਤਰਲੇ ਹਨ। ਸਾਡੇ ਆਪਣੇ ਦੇਸ਼ ਵਿਚ 1975-77 ਵਿਚ ਲੱਗੀ ਐਮਰਜੈਂਸੀ ਦੀ ਮਿਸਾਲ ਤੋਂ ਬਿਨਾਂ ਜਰਮਨੀ ਵਿਚ ਆਈ ਫਾਸ਼ੀਵਾਦ ਦੀ ਭਿਆਨਕ ਦਹਿਸ਼ਤ ਦਾ ਤਜਰਬਾ ਸਾਡੇ ਸਾਹਮਣੇ ਹੈ।

ਮੇਰਾ ਜ਼ਾਤੀ ਤਜਰਬਾ ਵੀ ਹੈ ਕਿ ਐਮਰਜੈਂਸੀ ਸਮੇਂ ਮੈਂ ਇੱਕ ਗ਼ਜ਼ਲ ਵਿਚ ਸ਼ਹਿਰ ਦਾ ਪ੍ਰਤੀਕ ਵਰਤ ਕੇ ਗੱਲ ਕਹਿਣ ਦੀ ਕੋਸ਼ਿਸ਼ ਕੀਤੀ ਸੀ, ਪਰ ਚੰਡੀਗੜ੍ਹ ਵਿਚ ਬੈਠੇ ਪ੍ਰੈਸ ਦੇ ਸੈਂਸਰ ਅਧਿਕਾਰੀਆਂ ਨੇ ਇਸਦੇ ਅਰਥ ਸਮਝ ਕੇ ਮੇਰੀ ਗ੍ਰਿਫਤਾਰੀ ਦਾ ਆਦੇਸ਼ ਦੇ ਦਿੱਤਾ ਸੀ।

ਉਸ ਸ਼ਹਿਰੀ ਦੇ ਸਦਕੇ ਜਾਈਏ, ਧੰਨ ਕਮਾਈ ਉਸਦੀ,
ਜਿਸਨੇ ਕਾਲੀ ਰਾਤ-ਬਨੇਰੇ, ਦੀਵਾ ਆਣ ਜਗਾਇਆ। (ਕਾਲੇ ਦਿਨ)

ਨਿਰਸੰਦੇਹ ਬਿਸਮਿਲ ਵੀ ਪ੍ਰਤੀਕਮਈ ਢੰਗ ਨਾਲ ਅਥਵਾ ਰਮਜ਼ ਨਾਲ ਗੱਲ ਕਰਨ ਦੀ ਵਿਧੀ ਅਪਣਾਉਂਦਾ ਹੈ।

ਲਹੂ ਦੇ ਨਾਲ ਭਿੱਜੇ ਸਭ ਵਰਕ, ਸੋਚਾਂ ਤੇ ਫ਼ਿਕਰਾਂ ਦੇ,
ਭਲਾ ਗ਼ਮ ਦੇ ਰਸਾਲੇ ਦੀ ਅਦਾਰਤ ਹੋਰ ਕੀ ਹੋਣੀ।

ਆਹਲਣੇ ਸਾਰੇ ਈ ਕਬਰਾਂ ਵਾਂਗ ਸਨ,
ਫੁੱਲ, ਪੱਤੇ, ਸ਼ਾਖ ਤੇ ਪਹਿਰੇ ਮਿਲੇ।

ਕਾਤਲ ਹਵਾਵਾਂ, ਵੈਣ ਇਹ ਨੋਹੇ ਤੇ ਸਿਸਕੀਆਂ,
ਐਸੀ ਵਗੀ ਹਵਾ ਕਿ ਦਰੀਚੇ ਵਿਖਰ ਗਏ।

ਜਾਂਦੀ ਏ ਅਜੇ, ਪਹਿਲੀ ਬਲਾ ਆਉਂਦੀ ਏ ਦੂਜੀ,
ਉਤਰੇ ਨੇ ਮੇਰੇ ਘਰ ਤੇ ਅਜ਼ਾਬ ਏਸ ਤਰ੍ਹਾਂ ਦੇ।

ਕੰਧਾਂ ਤੋਂ ਪੁੱਛਦੇ ਰੋਜ਼ ਈ ਬੂਹੇ ਤੇ ਬਾਰੀਆਂ,
ਕਦ ਜਾਣਗੇ ਘਰਾਂ ਤੋਂ ਬਲਾਵਾਂ ਦੇ ਕਾਫਲੇ।

ਆਈ ਕਦੋਂ ਏ ਅਮਨ ਸਵੇਰ ਦੀ ਵਾਸ਼ਨਾ,
ਥੰਮਣੇ ਕਦੋਂ ਨੇ ਜਬਰ ਹਵਾਵਾਂ ਦੇ ਕਾਫਲੇ।

ਸੱਪ ਲਮਕੇ ਹੋਏ ਦੀਵਾਰਾਂ ਤੇ,
ਘਰ 'ਚ ਡੈਣਾਂ ਦਾ ਮੇਰੇ ਕਬਜ਼ਾ ਸੀ।

ਪਰ ਕਵੀ ਕੇਵਲ ਦਹਿਸ਼ਤ ਦੇ ਮਾਹੌਲ ਨੂੰ ਹੀ ਨਹੀਂ ਚਿਤਰਦਾ, ਉਹ ਇਸ ਦੇ ਵਿਰੋਧ ਵਿਚ ਉੱਠੀ ਹਰ ਆਹਟ, ਹਰ ਹਰਕਤ ਉੱਤੇ ਵੀ ਨਜ਼ਰ ਟਿਕਾਈ, ਹਰ ਪਲ ਬਦਲ ਰਹੀ ਸਥਿਤੀ ਨੂੰ, ਆਮ ਲੋਕਾਂ ਨਾਲੋਂ ਕੁਝ ਪਹਿਲਾਂ ਹੀ ਵੇਖ ਲੈਂਦਾ ਹੈ। ਉਹ ਨਵੀਂ ਉਮੀਦ



ਜਗਾਉਂਦਾ ਹੈ।

ਵੇਲੇ ਨੇ ਜਦ ਸਲੀਬ ਤੇ ਮੈਨੂੰ ਸੀ ਚਾਹੜਿਆ,
ਮੇਰੀ ਵੰਗਾਰ ਤੇ ਕਈ ਬਾਜ਼ੂ ਨਿਕਲ ਤੁਰੇ।

ਜਦ ਅਣਖ ਤੇ ਵੱਕਾਰ ਦੀ ਗੁਲਸ਼ਨ 'ਚ ਗੱਲ ਛਿੜੀ,
ਲੈ ਕੇ ਸਿਰਾਂ ਨੂੰ ਤਲੀਆਂ ਤੇ ਗੱਭਰੂ ਨਿਕਲ ਤੁਰੇ।

ਜਦੋਂ ਪੈਰਾਂ 'ਚ ਸਾਡੇ, ਜ਼ੁਲਮ ਦੀ ਜ਼ੰਜੀਰ ਬੋਲੇਗੀ,
ਹਰ ਇੱਕ ਸੰਗਲੀ ਚੋਂ ਸਾਡੇ ਅਜ਼ਮ ਦੀ ਤਕਦੀਰ ਬੋਲੇਗੀ।
ਦਿਲਾਂ ਦੇ ਅੰਬਰਾਂ ਤੇ ਝਿਲਮਿਲਾ ਉੱਠਣਗੇ ਤਾਰੇ,
ਮਿਰੇ ਅੱਖਰਾਂ ਦੇ ਸੂਰਜ ਚੋਂ ਜਦ ਤਨਵੀਰ ਬੋਲੇਗੀ।

ਹਨ੍ਹੇਰਾ ਆਪਣੀ ਮਨਮਾਨੀ ਕਦੇ ਇਸਰਾਂ ਨਾ ਕਰ ਸਕਦਾ,
ਸਿਰਾਂ ਦੇ ਬਾਲ ਕੇ ਦੀਵੇ, ਜੇ ਤਲੀਆਂ ਤੇ ਧਰੇ ਹੁੰਦੇ।

5.

ਗ਼ਜ਼ਲ ਦੇ ਸਮਰਥਕ ਕਵੀ ਅਕਸਰ ਹੀ ਇਹ ਗੱਲ ਦਾਅਵੇ ਨਾਲ ਕਹਿੰਦੇ ਸੁਣੀਂਦੇ ਹਨ ਕਿ ਇਹ ਕਾਵਿ-ਰੂਪ ਮਨੁੱਖ ਦੇ ਹਰ ਜਜ਼ਬੇ ਹਰ ਅਨੁਭਵ ਤੇ ਹਰ ਸਮਾਜਿਕ / ਰਾਜਸੀ ਸਰੋਕਾਰ ਨੂੰ ਸਫਲਤਾਪੂਰਵਕ ਤੇ ਸੰਪੂਰਨ ਰੂਪ ਵਿਚ ਪ੍ਰਗਟ ਕਰਨ ਦੇ ਸਮਰੱਥ ਹੈ। ਮੇਰਾ ਇਸ ਬਾਰੇ ਅਕਸਰ ਇਹ ਕਿੰਤੂ ਹੁੰਦਾ ਹੈ ਕਿ ਗ਼ਜ਼ਲ ਦਾ ਅਨੁਸ਼ਾਸਨ ਤੇ ਬੰਧੇਜ ਐਨਾ ਸਖ਼ਤ ਹੈ ਕਿ ਹਰ ਵਿਕੋਲਿਤਰਾ ਤੇ ਨਵਾਂ ਅਨੁਭਵ ਇਸ ਵਿਚ ਫਿੱਟ ਕਰਕੇ ਪੇਸ਼ ਨਹੀਂ ਕੀਤਾ ਜਾ ਸਕਦਾ। ਵਿਸ਼ਵ-ਭਰ ਦੀ ਸਮੁੱਚੀ ਕਵਿਤਾ ਵਿਚ ਹਰ ਦੇਸ਼ ਦੀ ਹਰ ਭਾਸ਼ਾ ਦਾ ਆਪਣਾ ਹੀ ਛੰਦ-ਪ੍ਰਬੰਧ ਹੁੰਦਾ ਹੈ, ਜੋ ਉਥੋਂ ਦੇ ਲੋਕਾਂ ਦੇ ਸੁਰਾਂ ਤੇ ਤਾਲਾਂ ਅਤੇ ਆਵਾਜ਼ਾਂ ਦੇ ਅਨੁਕੂਲ ਪ੍ਰਚਲਿਤ ਹੋਇਆ ਹੁੰਦਾ ਹੈ ਤੇ ਵਿਸ਼ਵ ਦੀਆਂ ਪੰਜ ਸੱਤ ਭਾਸ਼ਾਵਾਂ ਵਿਚ ਹੀ ਗ਼ਜ਼ਲ ਕਿਸੇ ਹੱਦ ਤੀਕ ਪ੍ਰਚਲਿਤ ਹੈ, ਬਾਕੀ ਥਾਵਾਂ ਤੇ ਭੂਗੋਲਿਕ ਸਥਿਤੀ ਤੇ ਭਾਸ਼ਾਈ ਲੋੜਾਂ ਅਨੁਕੂਲ ਵੱਖੋ-ਵੱਖਰੇ ਛੰਦ-ਪ੍ਰਬੰਧ ਪ੍ਰਚਲਿਤ ਹਨ।

ਜਿਹਨਾਂ ਭਾਸ਼ਾਵਾਂ ਵਿਚ ਗ਼ਜ਼ਲ ਕਾਵਿ-ਰੂਪ ਪ੍ਰਚਲਿਤ ਹੈ, ਉਹਨਾਂ ਵਿਚ ਵੀ ਗ਼ਜ਼ਲ ਇੱਕੋ ਇਕ ਕਾਵਿ-ਰੂਪ ਨਹੀਂ ਹੈ, ਸਗੋਂ ਉੱਥੇ ਵੀ ਹੋਰ ਵੰਨ-ਸੁਵੰਨੇ ਸਥਾਨਕ ਕਾਵਿ-ਰੂਪ ਪ੍ਰਚਲਿਤ ਹਨ। ਖ਼ੁਦ ਗੁਲਾਮ ਮੁਸਤਫਾ ਬਿਸਮਿਲ ਗ਼ਜ਼ਲ ਤੋਂ ਬਿਨਾਂ ਆਜ਼ਾਦ ਨਜ਼ਮ ਵੀ ਲਿਖਦਾ ਹੈ। ਉਸ ਨੂੰ ਹੋਰ ਕਾਵਿ-ਰੂਪ ਕੇਵਲ ਤਾਂ ਹੀ ਵਰਤੋਂ ਵਿਚ ਲਿਆਉਣੇ ਪਏ ਹਨ, ਕਿਉਂਕਿ ਉਸਨੇ ਅਨੁਭਵ ਕੀਤਾ ਸੀ ਕਿ ਇਹ ਅਨੁਭਵ ਗ਼ਜ਼ਲ ਵਿਚ ਪ੍ਰਗਟ ਨਹੀਂ ਕੀਤੇ ਜਾ ਸਕਦੇ ਤੇ ਇਹਨਾਂ ਨੂੰ ਪ੍ਰਗਟ ਕਰਨ ਲਈ ਹੋਰ ਕਾਵਿ-ਰੂਪਾਂ ਜਾਂ ਆਜ਼ਾਦ

ਨਜ਼ਮ ਦੀ ਅਵੱਸ਼ਕਤਾ ਹੈ। ਪ੍ਰਮਾਣ ਵਜੋਂ ਉਸਦੇ ਨਜ਼ਮ-ਸੰਗ੍ਰਹਿ 'ਆਹਲਣਾ' ਤੇ 'ਡੂੰਘੇ ਪਾਣੀਆਂ ਦੀ ਚੁੱਪ' ਵੇਖੇ ਵਿਚਾਰੇ ਜਾ ਸਕਦੇ ਹਨ।

6.

ਗੁਲਾਮ ਮੁਸਤਫਾ ਬਿਸਮਿਲ ਦੀ ਸਮੁੱਚੀ ਗ਼ਜ਼ਲ ਦਾ ਨਿਕਟ ਅਧਿਐਨ ਕਰਦਿਆਂ ਮੇਰੇ ਧਿਆਨ ਵਿਚ ਇਹ ਗੱਲ ਵੀ ਆਈ ਹੈ ਕਿ ਉਹ ਦੇਰ ਤੋਂ ਗ਼ਜ਼ਲ ਤੇ ਨਜ਼ਮ ਲਿਖਦਾ ਆ ਰਿਹਾ ਹੈ ਤੇ ਉਸਦਾ ਪਹਿਲਾ ਗ਼ਜ਼ਲ-ਸੰਗ੍ਰਹਿ 1980 (ਵੇਲਾ ਪੀੜਾਂ ਦਾ) ਵਿਚ ਛਪਦਾ ਹੈ। ਚਲੋ ਮੰਨ ਲਈਏ ਕਿ ਪਹਿਲੀ ਪੁਸਤਕ ਦਾ ਇਧਰ ਕਿਸੇ ਕਾਰਨ ਨੋਟਿਸ ਨਹੀਂ ਲਿਆ ਜਾ ਸਕਿਆ। ਪਰ ਫਿਰ ਉਸ ਦਾ ਦੂਸਰਾ ਸੰਗ੍ਰਹਿ "ਤਲੀਆਂ ਉੱਤੇ ਅੱਖਾਂ" (1993) ਵਿਚ ਛਪਦਾ ਹੈ, ਫਿਰ 'ਅੱਖੀਆਂ ਵਿਚ ਉੱਤਰੀ ਸ਼ਾਮ' (2002) ਵਿਚ ਛਪਿਆ ਸੀ। ਪਰ ਸਾਡੇ ਇਥੇ ਅਜੇ ਤੀਕ ਵੀ ਗੁਲਾਮ ਮੁਸਤਫ਼ਾ ਬਿਸਮਿਲ ਦਾ ਜ਼ਿਕਰ ਤੀਕ ਨਹੀਂ ਹੋਇਆ। ਇਸ ਪ੍ਰਸੰਗ ਵਿਚ ਮੈਂ ਹੁਣ ਤੀਕ ਛਪੇ ਖੋਜ-ਕਾਰਜ ਤੇ ਚੋਣਵੇਂ ਗ਼ਜ਼ਲ-ਸੰਗ੍ਰਹਿਆਂ ਦੀ ਪੁਣ-ਛਾਣ ਕੀਤੀ ਹੈ, ਜਿਨ੍ਹਾਂ ਤੀਕ ਮੇਰੀ ਪਹੁੰਚ ਹੋ ਸਕੀ ਹੈ। ਉਹਨਾਂ ਵਿਚ ਐਡੇ ਵੱਡੇ ਤੇ ਸਿਰਕੱਢ ਗ਼ਜ਼ਲ-ਗੋ ਦਾ ਜ਼ਿਕਰ ਨਹੀਂ ਮਿਲਦਾ "ਕੁਝ ਪਾਰ ਦੀਆਂ ਸੰਗ੍ਰਹਿ ਸੰਪਾਦਕ ਅਸ਼ਫਾਕ ਸਰਵਰ ਸਾਡੇ ਇਧਰ 1984 ਵਿਚ ਛਪਿਆ ਸੀ। "ਦੁੱਖ ਦਰਿਆਓਂ ਪਾਰ ਦੇ, ਸੰਪਾਦਕ ਡਾ. ਅਤਰ ਸਿੰਘ ਤੇ ਡਾ. ਜਗਤਾਰ ਦਾ ਸੰਗ੍ਰਹਿ ਇਧਰ 1990 ਵਿਚ ਛਪਦਾ ਹੈ। ਪਾਕਿਸਤਾਨੀ ਚੋਣਵੀ ਪੰਜਾਬੀ ਕਵਿਤਾ, ਜੋ ਪਾਕਿਸਤਾਨੀ ਮੂਲ ਦੇ ਲੇਖਕ ਡਾ. ਜਮਾਲ ਹੁਸ਼ਿਆਰਪੁਰੀ ਨੇ 1993 ਵਿਚ ਵੱਡ-ਆਕਾਰੀ ਸੰਗ੍ਰਹਿ ਛਾਪਿਆ ਸੀ, ਉਸ ਵਿਚ ਵੀ ਬਿਸਮਿਲ ਦੀ ਕੋਈ ਰਚਨਾ ਪੇਸ਼ ਨਹੀਂ। ਡਾ. ਜਗਤਾਰ ਵਲੋਂ 1998 ਵਿਚ ਸੰਪਾਦਤ ਕੀਤੇ ਗ਼ਜ਼ਲ-ਸੰਗ੍ਰਹਿ 'ਗਵਾਚੀ ਛਾਂ' ਵਿਚ ਵੀ ਬਿਸਮਿਲ ਗੈਰਹਾਜ਼ਰ ਹੈ। ਡਾ. ਜਗਤਾਰ ਦੇ ਖੋਜ-ਪ੍ਰਬੰਧ ਪਾਕਿਸਤਾਨੀ ਪੰਜਾਬੀ ਕਾਵਿ ਦਾ ਆਲੋਚਨਾਤਮਕ ਅਧਿਐਨ ਜੋ 1947 ਤੋਂ 2005 ਤੀਕ ਹੈ ਤੇ ਜਿਹੜਾ 2007 ਵਿਚ ਇਧਰ ਛਪਿਆ ਹੈ, ਵਿਚ ਬਿਸਮਿਲ ਦਾ ਕਿਤੇ ਮਾੜਾ-ਮੋਟਾ ਜ਼ਿਕਰ ਨਹੀਂ। ਡਾ. ਜਗਜੀਤ ਕੌਰ ਜੌਲੀ ਦੇ ਖੋਜ-ਪ੍ਰਬੰਧ ਪਾਕਿਸਤਾਨੀ ਪੰਜਾਬੀ ਕਵਿਤਾ ਦਾ ਸਮਾਜੀ ਸਭਿਆਚਾਰਕ ਅਧਿਐਨ (2008) ਵਿਚ ਛਪਿਆ ਵਿਚ ਕੇਵਲ ਬਿਸਮਿਲ ਦੇ ਇੱਕ ਕਾਵਿ-ਸੰਗ੍ਰਹਿ "ਉਡਾਰੀਆਂ" ਦਾ ਜ਼ਿਕਰ ਹੈ, ਜੋ ਕਿ ਪਾਕਿਸਤਾਨ ਵਿਚ 1975 ਵਿਚ ਛਪਿਆ ਸੀ। ਡਾ. ਕਰਨੈਲ ਸਿੰਘ ਥਿੰਦ ਵਲੋਂ ਲਿਖੀ ਗਈ ਆਲੋਚਨਾ-ਪੁਸਤਕ "ਪਾਕਿਸਤਾਨੀ ਪੰਜਾਬੀ ਸਾਹਿਤ ਦਾ ਸੰਖੇਪ ਜਾਇਜ਼ਾ", ਜੋ 2006 ਵਿਚ ਛਪਦਾ ਹੈ, ਵਿਚ ਬਿਸਮਿਲ ਦੇ ਕੇਵਲ ਇੱਕ ਸ਼ਿਅਰ ਦਾ ਜ਼ਿਕਰ ਹੈ ਤੇ ਕਿਸੇ ਸੰਗ੍ਰਹਿ ਦਾ ਨਹੀਂ।

ਇੰਝ ਮੈਂ ਅਨੁਭਵ ਕੀਤਾ ਹੈ ਕਿ ਪਾਕਿਸਤਾਨ ਵਿਚਲੇ ਚੰਗੇ ਤੇ ਵੱਡੇ ਕਵੀਆਂ ਤੇ ਲੇਖਕਾਂ ਦਾ ਇਧਰ ਸਾਡੇ ਪਾਸੇ ਜ਼ਿਕਰ-ਜ਼ਕਾਰ ਹੋਣ ਤੋਂ ਰਹਿ ਜਾਂਦਾ ਹੈ। ਜਿਹੜਾ ਕੋਈ ਖ਼ੁਸ਼ਕਿਸਮਤ ਲੇਖਕ ਪਾਕਿਸਤਾਨ ਤੋਂ ਕਿਸੇ ਨਾ ਕਿਸੇ ਬਹਾਨੇ ਕਿਸੇ ਡੈਲੀਗੇਸ਼ਨ ਵਿਚ



ਭਾਰਤ ਜਾਂ ਪੰਜਾਬ ਦਾ ਗੇੜਾ ਮਾਰ ਜਾਂਦਾ ਹੈ, ਤਾਂ ਉਸਦੇ ਭਾਗ ਖੁੱਲ ਜਾਂਦੇ ਹਨ ਜਾਂ ਫਿਰ ਗੁਰਦੁਆਰਿਆਂ ਦੀ ਯਾਤਰਾ ਉੱਤੇ ਗਏ ਟਾਵੇਂ-ਟਾਵੇਂ ਪੰਜਾਬੀ ਲੇਖਕ, ਉਧਰੋਂ ਕੁਝ ਕਿਤਾਬਾਂ ਲੈ ਆਉਂਦੇ ਹਨ ਤੇ ਉਹਨਾਂ ਦਾ ਕੁਝ ਜ਼ਿਕਰ ਹੋ ਜਾਂਦਾ ਹੈ।

ਇਸਦੇ ਉਲਟ ਇੰਝ ਹੀ ਸਾਡੇ ਇਧਰਲੇ ਪੰਜਾਬੀ ਲੇਖਕਾਂ ਦੀਆਂ ਪਾਕਿਸਤਾਨ ਵਿਚ ਨਾ-ਗਿਣਾਉਣੀਆਂ ਹੀ ਕਿਤਾਬਾਂ ਛਪੀਆਂ ਹਨ। ਇਸ ਖੇਤਰ ਵਿਚ ਪੰਚਮ ਪਤ੍ਰਿਕਾ ਤੇ 'ਸੁਚੇਤ' ਕਿਤਾਬ ਘਰ ਦੇ ਮਾਲਕ ਮਕਸੂਦ ਸਾਹਿਬ ਨੇ ਪੰਜ-ਸੱਤ ਲੇਖਕਾਂ ਦੀਆਂ ਕਿਤਾਬਾਂ ਉਰਦੂ ਲਿਪੀ ਵਿਚ ਛਾਪੀਆਂ ਹਨ।

ਕੇਵਲ ਦੋਵਾਂ ਦੇਸ਼ਾਂ ਦੇ ਲੇਖਕਾਂ ਦੇ ਖੁੱਲੇ-ਡੁੱਲੇ ਮੇਲ-ਮਿਲਾਪ ਨਾਲ ਹੀ, ਇਸ ਸਮੱਸਿਆ ਦਾ ਕੋਈ ਹੱਲ ਨਿਕਲ ਸਕਦਾ ਹੈ।

7.

ਜੇ ਬਿਸਮਿਲ ਦੀ ਸਮੁੱਚੀ ਗ਼ਜ਼ਲ ਦਾ ਵਿਸ਼ੇਗਤ ਅਧਿਐਨ ਕਰਦਿਆਂ ਉਸਦਾ ਵਰਗੀਕਰਨ ਕੀਤਾ ਜਾਵੇ ਤਾਂ ਮੈਂ ਨੋਟ ਕੀਤਾ ਹੈ ਕਿ ਉਸ ਦੀ ਗ਼ਜ਼ਲ ਦੇ ਤਿੰਨ ਭਾਗ ਵਿਚਾਰੇ ਜਾ ਸਕਦੇ ਹਨ। ਇਕ ਭਾਗ ਵਿਚ ਉਹ ਗ਼ਜ਼ਲਾਂ ਹਨ, ਜੋ ਵਿੱਚ-ਲਿਤਰੇ ਤੇ ਖਿੰਡੇ-ਪੁੰਡੇ ਖ਼ਿਆਲਾਂ ਵਾਲੀਆਂ ਹਨ। ਤੇ ਇਹਨਾਂ ਦੀ ਗਿਣਤੀ ਕਾਫ਼ੀ ਹੈ। ਇਹਨਾਂ ਵਿਚ ਕੋਈ ਸਾਰਥਕ ਵਿਚਾਰ ਪ੍ਰਗਟ ਨਹੀਂ ਕੀਤੇ ਗਏ, ਸਗੋਂ ਰਵਾਇਤੀ ਭਾਂਤ ਦੀ ਭਰਤੀ ਵਾਲੇ ਸ਼ਿਅਰ ਹਨ, ਜਿਨ੍ਹਾਂ ਦਾ ਕੋਈ ਮਕਸਦ ਨਹੀਂ ਬਣਦਾ। ਅਜਿਹੀ ਭਰਤੀ ਦਾ ਕਵੀ ਨੂੰ ਕੋਈ ਲਾਭ ਨਹੀਂ ਪਹੁੰਚਦਾ ਹੁੰਦਾ ਸਗੋਂ ਇਹ ਗ਼ਜ਼ਲ-ਗੋ ਦੀ ਮਜਬੂਰੀ ਹੁੰਦੀ ਹੈ। ਅਜਿਹੀਆਂ ਗ਼ਜ਼ਲਾਂ ਵਿਚ ਇੱਕ-ਅੱਧਾ ਸ਼ਿਅਰ ਹੀ ਕੰਮ ਦਾ ਹੁੰਦਾ ਹੈ, ਬਾਕੀ ਸਭ ਭਰਤੀ ਹੁੰਦੀ ਹੈ। ਅਜਿਹੀਆਂ ਗ਼ਜ਼ਲਾਂ ਦੇ ਚੋਣਵੇਂ ਸ਼ਿਅਰ ਦੇ ਕੇ ਮੈਂ ਪਾਠਕਾਂ ਦਾ ਵਕਤ ਗਵਾਉਣਾ ਨਹੀਂ ਚਾਹੁੰਦਾ। ਕੇਵਲ ਇੱਕ ਗ਼ਜ਼ਲ ਵਿਚੋਂ ਮਿਸਾਲ ਦੇਣੀ ਕਾਫ਼ੀ ਹੋਵੇਗੀ।

ਪੈਰਾਂ ਦੇ ਵਿਚ ਜਾਲ ਨੀ ਮਾਏ,
ਟੱਪੀਏ ਕੀਕਰ ਖਾਲ ਨੀ ਮਾਏ।

ਸਾਡੀ ਵੱਲ ਆਉਂਦੇ ਨੇ ਗ਼ਮ,
ਮਾਰ ਕੇ ਲੰਮੀ ਛਾਲ ਨੀ ਮਾਏ।

ਪਰੂੰ ਵੀ ਖਾਧੇ ਪਿਆਰ ਭੁਲੇਖੇ,
ਇਹ ਵੀ ਇੰਝ ਦਾ ਸਾਲ ਨੀ ਮਾਏ।

ਵਰਤ ਗਈਆਂ ਕੀ ਅੰਨ੍ਹੀਆਂ ਧੁੱਪਾਂ,
ਧਸਿਆ ਹੁਸਨ ਜਮਾਲ ਨੀ ਮਾਏ।

ਦੂਸਰੇ ਭਾਗ ਵਿਚ ਜੋ ਗ਼ਜ਼ਲਾਂ ਆਉਂਦੀਆਂ ਹਨ, ਉਹਨਾਂ ਵਿਚ ਸਮਾਜਿਕ, ਭਾਵਕ ਤੇ ਜ਼ਾਤੀ ਮਨੋਭਾਵਾਂ ਦੀ ਪੇਸ਼ਕਾਰੀ ਕੀਤੀ ਗਈ ਹੈ। ਇਹਨਾਂ ਵਿਚ ਮਨੁੱਖੀ ਰਿਸ਼ਤਿਆਂ ਦੇ ਵਿਗਾੜ ਤੇ ਟੁੱਟ-ਭੱਜ ਦਾ ਚਿਤਰਨ ਹੈ। ਕਵੀ ਦੀ ਖ਼ੂਬੀ ਇਹ ਹੈ ਕਿ ਉਹ ਸਾਧਾਰਨ ਮਨੁੱਖੀ ਅਨੁਭਵਾਂ ਨੂੰ ਆਪਣੀਆਂ ਕਾਲਪਨਿਕ ਛੋਹਾਂ ਨਾਲ ਉੱਚੀਆਂ ਕਲਾ ਕਿਰਤਾਂ ਬਣਾ ਧਰਦਾ ਹੈ। ਬਿਸਮਿਲ ਆਪਣੇ ਹੁਨਰ ਵਿਚ ਪਰਪੱਕ ਗ਼ਜ਼ਲ-ਗੋ ਹੈ। ਉਹ ਔਖੇ-ਔਖੇ ਰਦੀਫ਼ ਨਿਭਾ ਸਕਦਾ ਹੈ।

ਫੁੱਲ, ਪੱਤੇ ਸ਼ਾਖ ਕੀ, ਸਾਰਾ ਚਮਨ ਕਾਗਜ਼ ਦਾ ਸੀ,
ਤਿੱਤਲੀਆਂ ਦੇ ਸ਼ਹਿਰ ਦਾ ਹਰ ਪੈਰਹਨ ਕਾਗਜ਼ ਦਾ ਸੀ।

ਪਿਆਰ ਦੇ ਅੱਖਰਾਂ ਨੂੰ ਤੂੰ ਲਿਖਦਾ ਮਿਟਾਉਂਦਾ ਈ ਰਿਹਾ,
ਤੇਰੀਆਂ ਗ਼ਜ਼ਲਾਂ 'ਚ ਜਿਵੇਂ ਮੇਰਾ ਮਨ ਕਾਗਜ਼ ਦਾ ਸੀ।

ਕਿਸ ਤਰ੍ਹਾਂ ਆਉਂਦੀ ਵਫ਼ਾ ਦੀ ਵਾਸ਼ਨਾ ਇਸ ਸੰਗ੍ਰਹਿ ਚੋਂ,
ਜਿਣਸ ਦੀ ਮੰਡੀ 'ਚ ਜਿਹੜਾ ਸੀ, ਉਹ ਫਨ ਕਾਗਜ਼ ਦਾ ਸੀ।

8.

ਐਪਰ ਬਿਸਮਿਲ ਦੀ ਵਾਹਗੇ ਪਾਰ ਦੀ ਗ਼ਜ਼ਲ ਲਈ ਅਸਲ ਦੇਣ ਜਾਂ ਪ੍ਰਾਪਤੀ ਉਹਨਾਂ ਗ਼ਜ਼ਲਾਂ ਦੀ ਰਚਨਾ ਕਾਰਨ ਹੈ, ਜਿਨ੍ਹਾਂ ਵਿਚ ਉਹ ਸਲੀਬਾਂ ਤੇ ਕਤਲਗਾਹਾਂ, ਉੱਚੇ ਆਦਰਸ਼ਾਂ ਲਈ ਡੋਲ੍ਹੇ ਸੁਰਖ਼ ਲਹੂ ਦੀ ਗੱਲ ਕਰਦਾ ਹੈ। ਇਹ ਗ਼ਜ਼ਲਾਂ ਅਜਿਹੀਆਂ ਨੇ ਜੋ ਉਸਨੂੰ ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਗ਼ਜ਼ਲ-ਗੋਆਂ ਵਿਚ ਸਤਿਕਾਰਯੋਗ ਸਥਾਨ ਦਾ ਕਾਰਨ ਬਣਦੀਆਂ ਹਨ। ਇਹ ਗ਼ਜ਼ਲਾਂ "ਤਲੀਆਂ ਉੱਤੇ ਅੱਖਾਂ" ਸੰਗ੍ਰਹਿ ਵਿਚ 1980 ਵਿਚ ਤੇ ਦੂਜੀ ਵਾਰ 2002 ਛਪੀਆਂ ਸਨ।

ਆਉਣ ਵਾਲੇ ਸਾਡੀਆਂ ਲੀਹਾਂ ਤੇ ਮੰਜ਼ਿਲ ਪਾਉਣਗੇ,
ਆਪਨੀ ਰੱਤ ਦੇ ਸਜਾਏ, ਸੂਲੀਆਂ ਦੇ ਸਿਲਸਿਲੇ।

ਜ਼ੁਲਮਤਾਂ ਦਾ ਫੈਲਿਆ ਏ ਕਾਲ, ਦੀਵੇ ਬਾਲਦੇ,
ਪੈ ਗਿਆ ਏ ਰੌਸ਼ਨੀ ਦਾ ਕਾਲ, ਦੀਵੇ ਬਾਲਦੇ।

ਵਿਚ ਰਗਾਂ ਦੇ ਬਰਫ਼ ਬੈਠੀ ਏ ਪਥੱਲਾ ਮਾਰ ਕੇ,
ਬੇੜੀਆਂ ਛਣਕਾ ਕੇ ਸਾਡੇ ਖ਼ੂਨ ਨੂੰ ਗਰਮਾ ਦਿਓ।



ਜਿਸ ਤਰਫ਼ ਵੀ ਵੇਖਨਾ ਵਾਂ, ਸੁੰਞੀਆਂ ਨੇ ਸੂਲੀਆਂ,
ਖੌਰੇ ਸਾਰੇ ਵਿਕ ਗਏ, ਮਨਸੂਰ ਤੇਰੇ ਸ਼ਹਿਰ ਦੇ।

ਫਿਰ ਹਵਾ ਦੇ ਵਰਕਿਆਂ ਤੇ ਆਪਨੇ ਦਿਲ ਦੇ ਖ਼ੂਨ ਨਾਲ,
ਆਪਨੀ ਹਿਜਰਤ ਦਾ ਫਸਾਨਾ, ਇੱਕ ਪਰਿੰਦਾ ਲਿਖ ਗਿਆ।

ਪਾਧੀਆਂ ਨੂੰ ਮੰਜ਼ਿਲਾਂ ਦਾ ਖੋਜ ਦੱਸਿਆ ਓਸ ਨੇ,
ਜਾਨ ਦੇ ਕੇ ਜਿਹੜਾ ਸਫਰਾਂ ਦਾ ਕਸੀਦਾ ਲਿਖ ਗਿਆ।

ਆਪਨੀ ਰਤ ਥੀਂ ਬਾਲ ਕੇ ਰੌਸ਼ਨ ਕਰੋ ਘਰ ਬਾਹਰ ਨੂੰ,
ਮਾਂਗਵੇਂ ਚਾਨਣ ਨੂੰ ਡੂੰਘੀ ਕਬਰ ਵਿਚ ਦਫਨਾ ਦਿਓ।

ਸੂਚੀ ਦੇ ਲੰਮੀ ਹੋ ਜਾਣ ਦੇ ਡਰ ਤੋਂ ਹੋਰ ਸ਼ਿਅਰ ਨਹੀਂ ਦਿੱਤੇ ਜਾ ਰਹੇ।

## ਅੰਤਿਕਾ

ਗੁਲਾਮ ਮੁਸਤਫ਼ਾ ਬਿਸਮਿਲ ਦਾ ਗ਼ਜ਼ਲਾਂ ਦਾ ਇਹ ਗ੍ਰੰਥ, ਛਾਪ ਕੇ ਇਲਿਆਸ ਘੁੰਮਣ ਨੇ ਜ਼ਿਕਰਯੋਗ ਕੰਮ ਕੀਤਾ ਹੈ। ਅਜਿਹੀਆਂ ਗ਼ਜ਼ਲ ਸਦਕਾ ਹੁਣ ਉਹ ਚੜ੍ਹਦੇ ਤੇ ਲਹਿੰਦੇ ਪੰਜਾਬ ਦਾ ਸ੍ਰੇਸ਼ਟ ਗ਼ਜ਼ਲ ਕਹਿਣ ਵਾਲੇ ਸ਼ਾਇਰਾਂ ਵਿਚ ਆਦਰਯੋਗ ਸਥਾਨ ਦਾ ਹੱਕਦਾਰ ਹੋ ਗਿਆ ਹੈ। ਅੱਜ ਪਾਕਿਸਤਾਨ ਵਿਚਲੀ ਪੰਜਾਬੀ ਗ਼ਜ਼ਲ ਦਾ ਜ਼ਿਕਰ ਉਸ ਬਿਨ ਅਧੂਰਾ ਹੋਵੇਗਾ। ਉਸਦੀ ਚੋਣਵੀਂ ਗ਼ਜ਼ਲ ਦਾ ਸੰਗ੍ਰਹਿ ਜੇ ਇਧਰਲੇ ਪੰਜਾਬ ਵਿਚ ਵੀ ਛਾਪਿਆ ਜਾਵੇ ਤਾਂ ਸਾਡੀ ਗ਼ਜ਼ਲ ਹੋਰ ਅਮੀਰ ਹੋਵੇਗੀ। ਬਿਸਮਿਲ ਨੇ ਆਪਣੀ ਇਹ ਥਾਂ ਕਿਸੇ ਬਾਹਰਲੇ ਸਹਾਰੇ ਉੱਤੇ ਪ੍ਰਾਪਤ ਨਹੀਂ ਕੀਤੀ

ਹਰ ਪੈੜ ਤੋਂ ਮੁੱਕੇਗਾ ਆਸੇਬ ਹਨ੍ਹੇਰੇ ਦਾ,
ਬਿਸਮਿਲ ਨੇ ਜਗਾ ਦਿੱਤੇ ਕਿਰਨਾਂ ਦੇ ਸਵੇਰੇ ਨੇ।

ਵਗਦੇ ਹੋਏ ਪਾਣੀਆਂ ਤੇ ਜਦ ਉਸਾਰਾਂਗੇ ਮਕਾਨ,
ਸਾਡਿਆਂ ਉਦਮਾਂ ਨੂੰ ਇਹ ਜੱਗ ਵੇਖਦਾ ਰਹਿ ਜਾਵੇਗਾ।

ਬਿਸਮਿਲ ਵਗਦੇ ਹੋਏ ਪਾਣੀਆਂ ਦੀ ਸਤਿਹ ਉੱਤੇ ਆਪਣੀ ਗ਼ਜ਼ਲ ਦਾ ਭਵਨ ਉਸਾਰਿਆ ਹੈ। ਮੈਂ ਉਸ ਦੀ ਗ਼ਜ਼ਲ ਨੂੰ ਵਾਹਗੇ ਪਾਰ ਤੋਂ ਸਲਾਮ ਭੇਜਦਾ ਹਾਂ। •

## ਸੁਭਾਸ਼ ਕਲਾਕਾਰ ਦੀਆਂ ਦੋ ਗ਼ਜ਼ਲਾਂ

1.

ਖ਼ਾਬ ਜਲਵਾਗਰ ਨਹੀਂ ਤਾਂ ਕੁਝ ਨਹੀਂ।
ਸ਼ੌਕ ਜ਼ੋਰਾਵਰ ਨਹੀਂ ਤਾਂ ਕੁਝ ਨਹੀਂ।

ਤੇਰਿਆਂ ਪੈਰਾਂ ’ਚ ਜੋ ਜੰਜ਼ੀਰ ਹੈ,
ਇਹ ਅਗਰ ਝਾਂਜਰ ਨਹੀਂ ਤਾਂ ਕੁਝ ਨਹੀਂ।

ਰਾਤ ਹੈ ਤਾਂ ਰਾਤ ਦਾ ਮਾਹੌਲ ਇਹ,
ਸ਼ਾਮ ਤੋਂ ਬਿਹਤਰ ਨਹੀਂ ਤਾਂ ਕੁਝ ਨਹੀਂ।

ਹਰ ਤਰਫ ਜੋ ਬੇਬਸਾਂ ਦੀ ਭੀੜ ਹੈ,
ਇਹ ਅਗਰ ਲਸ਼ਕਰ ਨਹੀਂ ਤਾਂ ਕੁਝ ਨਹੀਂ।

ਨਫ਼ਰਤਾਂ ਦੇ ਨਾਗ ਕੀਲਣ ਵਾਲਿਓ,
ਪਿਆਰ ਜੇ ਮੰਤਰ ਨਹੀਂ ਤਾਂ ਕੁਝ ਨਹੀਂ।

ਧਰਤ ਭਾਵੇਂ ਆਪਣੀ ਹੈ ਦੋਸਤੋ,
ਆਪਣਾ ਅੰਬਰ ਨਹੀਂ ਤਾਂ ਕੁਝ ਨਹੀਂ।

ਐ ਜ਼ਮਾਨਾਸਾਜ਼ ਸਾਲਾਂ ਸਾਲ ਹੀ,
ਆਪਣਾ ਜੇ ਘਰ ਨਹੀਂ ਤਾਂ ਕੁਝ ਨਹੀਂ।

2.

ਜ਼ੁਲਮ ਕੀ ਹੈ! ਪਿਆਰ ਕੀ ਹੈ, ਵੇਖੀਏ।
ਤਖ਼ਤ ਕੀ ਹੈ! ਦਾਰ ਕੀ ਹੈ, ਵੇਖੀਏ।

ਜ਼ਿੰਦਗੀ ਜੋ ਮਿਸਰ ਦਾ ਬਜ਼ਾਰ ਹੈ,
ਮਿਸਰ ਦਾ ਬਜ਼ਾਰ ਕੀ ਹੈ, ਵੇਖੀਏ।

ਐ ਹਵਾਏ ਤੇਜ਼ ਸਾਡੇ ਨਾਲ ਚੱਲ,
ਆਪਣੀ ਰਫ਼ਤਾਰ ਕੀ ਹੈ, ਵੇਖੀਏ।

ਮੁੱਦਤਾਂ ਤੋਂ ਰਾਹ ਜੋ ਰੋਕੇ ਖੜ੍ਹੀ,
ਅਗਨੀ ਦੀਵਾਰ ਕੀ ਹੈ, ਵੇਖੀਏ।

ਸੱਚ ਨੇ ਭਾਵੇਂ ਸ਼ਹਾਦਤ ਪਾ ਲਈ,
ਝੂਠ ਦਾ ਕਿਰਦਾਰ ਕੀ ਹੈ, ਵੇਖੀਏ।

ਝੜ ਰਹੇ ਪੱਤੇ ਪੁਰਾਣੀ ਰੁੱਤ ਦੇ,
ਖਿੜ ਰਹੀ ਗੁਲਜ਼ਾਰ ਕੀ ਹੈ, ਵੇਖੀਏ।

ਜ਼ਿੰਦਗੀ ਕਿੰਨੀ ਕ੍ਰਿਸ਼ਮਾ-ਸਾਜ਼ ਹੈ,
ਨਿੱਤ ਨਵੀਂ ਵੰਗਾਰ ਕੀ ਹੈ, ਵੇਖੀਏ।

### ਸੋਗ ਸਮਾਚਾਰ

ਪਿਛਲੇ ਦਿਨੀਂ ਪ੍ਰਸਿੱਧ ਪੰਜਾਬੀ ਲੇਖਕ ਕਰਤਾਰ ਸਿੰਘ ਦੁੱਗਲ, ਪ੍ਰਵਾਸੀ ਲੇਖਕ ਡਾ. ਸਵਰਨ ਚੰਦਨ ਅਤੇ ਉੱਘੇ ਲੇਖਕ ਸੁਖਬੀਰ ਸੁਰਗਵਾਸ ਹੋ ਗਏ ਹਨ। ਅਦਾਰਾ ਚਿਰਾਗ਼ ਇਹਨਾਂ ਲੇਖਕਾਂ ਦੀ ਸਾਹਿਤਕ ਦੇਣ ਨੂੰ ਯਾਦ ਕਰਦਾ ਪੰਜਾਬੀ ਸਾਹਿਤ ਜਗਤ ਅਤੇ ਸਬੰਧਤ ਪਰਿਵਾਰਾਂ ਦੇ ਸੋਗ ਵਿਚ ਸ਼ਾਮਿਲ ਹੁੰਦਾ ਹੈ।

– ਸੰਪਾਦਕੀ ਮੰਡਲ



## ਕਸ਼ਮੀਰ ਨੀਰ ਦੀਆਂ ਦੋ ਗ਼ਜ਼ਲਾਂ

1.

ਵਕਤ ਨੇ ਸਾਡੇ ਦਿਲਾਂ ’ਚੋਂ ਭਾਵਨਾਵਾਂ ਖਾਧੀਆਂ।
ਜਿਉਂ ਸਰੀਰਾਂ ਚੋਂ ਗਈਆਂ ਹਨ ਆਤਮਾਵਾਂ ਖਾਧੀਆਂ।

ਆਖਦੇ ਹੋ ਮਾੜਿਆਂ ਦੇ ਹੱਕ ਤਕੜੇ ਖਾ ਰਹੇ,
ਜਾਂਦੀਆਂ ਸਾਬਤ ਇੱਥੇ ਤਾਂ ਸਭਿਆਤਾਵਾਂ ਖਾਧੀਆਂ।

ਲਿੱਸਿਆਂ ਤੋਂ ਟੁੱਕ ਖੋਹਣਾ ਤਾਂ ਮਾਮੂਲੀ ਗੱਲ ਹੈ,
ਰਹਿਣ ਨੂੰ ਕੁੱਲੀਆਂ ਦੀਆਂ ਵੀ ਜਾਣ ਥਾਵਾਂ ਖਾਧੀਆਂ।

ਖਾ ਰਹੀ ਹੁੰਦੀ ਏ ਛੋਟੀ ਨੂੰ ਵੱਡੀ ਮੱਛੀ ਇਥੇ,
ਪਿਛੜਿਆਂ ਹੋਇਆਂ ਦੀਆਂ ਗਈਆਂ ਭਾਸ਼ਾਵਾਂ ਖਾਧੀਆਂ।

ਜਾਂਦੀਆਂ ਨੇ ਖ਼ੁਦ ਬਣਾ ਲਈਆਂ ਸੁਆਰਥ ਵਾਸਤੇ,
ਲੋੜ ਨੂੰ ਫਿਰ ਜਾਣ ਖੁਦ ਹੀ ਧਾਰਨਾਵਾਂ ਖਾਧੀਆਂ।

ਤਕੜੀਆਂ ਕੌਮਾਂ ਦੀਆਂ ਬਲਵਾਨ ਰੀਤਾਂ ਦਿਨ੍-ਬ-ਦਿਨ,
ਜਾਂਦੀਆਂ ਕਮਜ਼ੋਰ ਦੀਆਂ ਮਾਨਤਾਵਾਂ ਖਾਧੀਆਂ।

ਹੱਥ ਵਿਚ ਹਾਲਾਤ, ਸਾਧਨ ਹੋਣ ਦੀ ਹੈ ਅਹਿਮੀਅਤ,
ਬੈਠ ਕੇ ਧੁੱਪੇ ਕਦੇ ਨਾ ਜਾਣ ਛਾਵਾਂ ਖਾਧੀਆਂ।

ਤੂੰ ਵਫ਼ਾਦਾਰੀ ਕਿਨ੍ਹਾਂ ਦੀ ‘ਨੀਰ’ ਹੈਂ ਕਰਦਾ ਰਿਹਾ,
ਤੇਰੀਆਂ ਨਾਸ਼ੁਕਰਿਆਂ ਨੇ ਹਨ ਵਫ਼ਾਵਾਂ ਖਾਧੀਆਂ।

2.

ਛੱਪਰ ਲਾਗੇ ਵਿਹੜੇ ਵਿਚ ਸੁਟਵਾਈਆਂ ਪਿੱਲੀਆਂ ਇੱਟਾਂ।
ਪੱਕਾ ਘਰ ਬਣ ਜਾਵੇ ਘਰ ਵਿਚ ਆਈਆਂ ਪਿੱਲੀਆਂ ਇੱਟਾਂ।

ਪੱਕੀਆਂ ਇੱਟਾਂ ਲੱਦੀਆਂ ਗਈਆਂ ਵਿਚ ਟਰੱਕ ਟਰਾਲੀ,
ਹੱਥ-ਰੇੜ੍ਹੇ ਵਿਚ ਖਿੱਚ ਧਿੱਕ ਪਹੁੰਚਾਈਆਂ ਪਿੱਲੀਆਂ ਇੱਟਾਂ।

ਅੱਵਲ ਦੋਇਮ ਉੱਚੇ ਭਾਅ ਖਰੀਦਣ ਮਹਿਲਾਂ ਵਾਲੇ,
ਸੋਇਮ ਸਸਤੀਆਂ ਸਾਡੇ ਹਿੱਸੇ ਆਈਆਂ ਪਿੱਲੀਆਂ ਇੱਟਾਂ।

ਕੇਂਦਰ ਦੇ ਜੋ ਨੇੜੇ ਤੇੜੇ, ਸੁਰਖ਼ ਪੱਕੀਆਂ ਉਹ ਹੀ,
ਭਖਦੇ ਭੱਠੇ ਵਿਚ ਪਰ ਦੂਰ ਵਿਛਾਈਆਂ ਪਿੱਲੀਆਂ ਇੱਟਾਂ।

ਜੀਵਨ ਦੇ ਸੂਰਜ ਦੀ ਤਪਸ਼ ਮਿਲੀ ਜਿਹਨਾਂ ਨੂੰ ਥੋੜ੍ਹੀ,
ਉਹਨਾਂ ਬੰਦਿਆਂ ਘਰ-ਕੋਠੇ ਵਿਚ ਲਾਈਆਂ ਪਿੱਲੀਆਂ ਇੱਟਾਂ।

ਜਤਨ ਨਿਮਾਣੇ, ਸਾਧਨ ਬਹੁਤ ਨਿਤਾਣੇ, ਲੋੜਾਂ ਥੋੜਾਂ,
ਊਣਾਂ ਕਿਸਮਾਂ ਦੀ ਅੱਗ ਵਿਚ ਤਪਾਈਆਂ ਪਿੱਲੀਆਂ ਇੱਟਾਂ।

ਬੜੇ ਕਾਫ਼ੀਏ ਤੰਗ ਹੁੰਦੇ ਨੇ 'ਨੀਰ' ਜ਼ਿੰਦਗੀ ਅੰਦਰ,
ਸ਼ਿਅਰਾਂ ਵਿਚ ਵੀ ਮੁਸ਼ਕਿਲ ਜਾਣ ਚਿਣਾਈਆਂ ਪਿੱਲੀਆਂ ਇੱਟਾਂ।

ਬੀ-207, ਵਿਵੇਕ ਵਿਹਾਰ, ਨੋਇਡਾ-82

## ਭੀਲੂ ਮੋਚੀ

- ਐੱਨ. ਨਵਰਾਹੀ

ਰਾਮ ਰਾਜ ਕਦੇ ਨਹੀਂ ਆਵੇਗਾ
ਕਿਸ ਰਾਮ ਰਾਜ ਦੀ
ਗੱਲ ਕਰਦੇ ਓ ਤੁਸੀਂ
ਜਦੋਂ ਦਸ਼ਰਥ ਪੁੱਤਰ ਰਾਮ ਦਾ ਰਾਜ ਸੀ
ਉਦੋਂ ਵੀ ਅਯੁੱਧਿਆ ਦੇ ਇਕ ਪਾਸੇ
ਕਿਧਰੇ ਛੇਕੀ ਹੋਈ ਥਾਂ 'ਤੇ
ਰਹਿ ਰਿਹਾ ਸੀ ਭੀਲੂ ਮੋਚੀ।

ਜਿਸ ਦਿਨ
ਹੋ ਰਿਹਾ ਸੀ ਰਾਮ ਦਾ ਰਾਜਾਭਿਸ਼ੇਕ
ਭੀਲੂ ਮੋਚੀ ਨੂੰ ਇਸ ਗੱਲ ਦਾ ਪਤਾ
ਬਜ਼ਾਰ ਦੀ ਚਹਿਲ-ਪਹਿਲ ਤੋਂ ਹੀ ਲੱਗਾ ਸੀ
ਮਹਿਲ ਨਾਲ ਉਹਦਾ
ਕੋਈ ਸਿੱਧਾ ਸੰਬੰਧ ਨਹੀਂ ਸੀ
ਨਾ ਹੀ ਕਦੇ ਮਹਿਲਾਂ ਵਿਚੋਂ ਕੋਈ
ਜੁੱਤੀ ਗੰਢਾਉਣ ਆਇਆ ਸੀ ਉਸ ਕੋਲ।

ਉਸ ਦਿਨ ਅਜੀਬ ਜਿਹੀ ਖੁਸ਼ੀ ਨਾਲ
ਘਰ ਪਹੁੰਚਿਆ ਸੀ ਭੀਲੂ
ਇਸ ਖੁਸ਼ੀ ਵਿਚ
ਕੁਝ ਵੀ ਨਹੀਂ ਸੀ ਓਹਦਾ ਆਪਣਾ
ਪਰ ਉਹ ਖੁਸ਼ ਸੀ
ਥੋੜ੍ਹੀ ਦੇਰ ਲਈ ਭੁੱਲ ਗਿਆ ਸੀ-
ਵਸਤਾਂ ਦੇ ਵੱਧ ਰਹੇ ਮੁੱਲ
ਤੇ ਦਿਨੋਂ-ਦਿਨ
ਜਵਾਨ ਹੋ ਰਹੀ ਬੇਟੀ ਬਾਰੇ.....
ਉਹ ਤਾਂ ਬਸ
ਇਕ ਸਹਿਕਦਾ ਜਿਹਾ ਸਾਇਆ ਸੀ
ਜਿਸਨੇ ਅਯੁੱਧਿਆ ਵਸਾਇਆ ਸੀ
ਦਸ਼ਰਥ ਪੁੱਤਰ ਰਾਮ ਦੇ ਰਾਜ ਵਿਚ ਵੀ
ਉਵੇਂ ਦੇ ਉਵੇਂ ਸਨ ਭੀਲੂ ਦੇ ਸਾਰੇ ਕਾਜ।
ਰਾਮ ਰਾਜ ਕਦੇ ਨਹੀਂ ਆਵੇਗਾ
ਕਿਸ ਰਾਮ ਰਾਜ ਦੀ ਗੱਲ ਕਰਦੇ ਓ ਤੁਸੀਂ...



## ਹਿੰਦੀ ਗ਼ਜ਼ਲਾਂ

- ਰਾਜੇਸ਼ ਰੇਡੇ

1.

ਲੋਕ ਗ਼ਜ਼ਲੇਂ ਕਹਿ ਰਹੇ ਹੈਂ, ਹਮ ਗ਼ਜ਼ਲੇਂ ਕੈਸੇ ਕਹੇਂ।
ਹੈ ਰਵਾਇਤ ਪਰ ਤ ਗੱਜ਼ਲ ਪਰ ਦਖਲ ਕੈਸੇ ਕਹੇਂ।

ਦਰਦੇ-ਦਿਲ ਕਹੀਏ, ਤੋ ਕਹਿ ਦੇਂ ਪਰ ਸੁਨਾਏਂਗੇ ਕਿਸੇ,
ਕਾਨ ਵਾਲੋਂ ਕੀ ਕਮੀ ਹੈ, ਆਜਕੱਲ ਕੈਸੇ ਕਹੇਂ।

ਏਕ ਦੁਨੀਆਂ ਚਾਹਤੋਂ ਮੇਂ, ਦੂਸਰੀ ਹੈ ਰੂ-ਬਰੂ,
ਕਿਸ ਤਰਹ ਹੋਗਾ ਅਸੂਲੋਂ ਪਰ ਅਮਲ ਕੈਸੇ ਕਹੇਂ।

ਮੰਚ ਪਰ ਜੋ ਸਜ ਰਹੇ ਹੈਂ, ਖ਼ੂਬਸੂਰਤ ਖ਼ੂਬ ਹੈਂ,
ਬਦਨੀਅਤ ਕਹੀਏ ਤੋਂ ਕਹੀਏ ਬਦਸ਼ਕਲ ਕੈਸੇ ਕਹੇਂ।

ਵਹਿ ਬਹੁਤ ਖੁਸ਼ ਹੈਂ ਹਿਰਾਵਲ ਹਰ ਤਰਹ ਬਿਖਰਾ ਹੂਆ,
ਫਿਰ ਕਹੀਂ ਸੇ ਭੀ ਨਹੀਂ ਹੋਗੀ ਪਹਲ ਕੈਸੇ ਕਹੇਂ।

ਆਦਮੀ ਕੀ ਮੌਤ ਕਾ ਕਿਆ ਹੈ ਦਿਖਾਈ ਦੇ ਨਾ ਦੇ,
ਰੂਹ ਕਾ ਹੋ ਹੀ ਨਹੀਂ ਸਕਤਾ ਕਤਲ ਕੈਸੇ ਕਹੇਂ।

ਯੂੰ ਤੋ ਹਮ ਨੇ ਆਜ ਤੱਕ ਕੁਛ ਭੀ ਨਹੀਂ ਐਸਾ ਕਹਾ,
ਹਾਂ, ਅਸਲ ਹੋ ਕਰ ਨਹੀਂ ਹੋਂਗੇ ਨਕਲ ਕੈਸੇ ਕਹੇਂ।

ਦੋਗਲਾ ਹੈ ਦੌਰ ਯਹਿ ਸੱਚ ਆਲਮੋਂ ਕੀ ਜੇਬ ਮੇਂ,
ਨਸਅਲਾ ਹੈ ਸ਼ਬਦ ਕੋ ਅਪਨੇ ਅਸਲ ਕੈਸੇ ਕਹੇਂ।

2.

ਗਿਰਤੇ ਗਿਰਤੇ ਏਕ ਦਿਨ ਆਖ਼ਿਰ ਸੰਭਲਨਾ ਆ ਗਿਆ।
ਜ਼ਿੰਦਗੀ ਕੋ ਵਕਤ ਕੀ ਰੱਸੀ ਪੇ ਚਲਨਾ ਆ ਗਿਆ।

ਹੋ ਗਏ ਹੈਂ ਹਮ ਭੀ ਦੁਨੀਆਂਦਾਰ ਹਮਕੋ ਭੀ,
ਬਾਤ ਕੋ ਬਾਤੋਂ ਹੀ ਬਾਤੋਂ ਮੇਂ ਬਦਲਨਾ ਆ ਗਿਆ।

ਬੁਝ ਕੇ ਰਹਿ ਜਾਤੇ ਹੈਂ ਤੂਫਾਂ ਉਸ ਦੀਏ ਕੇ ਸਮਾਨ,
ਜਿਸ ਦੀਏ ਕੋ ਤੇਜ ਤੂਫ਼ਾਨੋਂ ਮੇਂ ਜਲਨਾ ਆ ਗਿਆ।

ਦਿਲ ਖਿਲੌਨੋਂ ਸੇ ਬਹਿਲਤਾ ਹੀ ਨਹੀਂ, ਜਬ ਸੇ ਇਸੇ,
ਚਾਂਦ ਤਾਰੋਂ ਕੇ ਲੀਏ ਰੋਨਾ ਮਚਲਨਾ ਆ ਗਿਆ।

ਜਮ੍ਹਾਂ ਅਬ ਹੋਤੀ ਨਹੀਂ ਦਿਲ ਪੇ ਦੁਖੋਂ ਕੀ ਬਦਲੀਆਂ,
ਕਤਰਾ-ਕਤਰਾ ਅਬ ਉਨੇਹ ਅਸ਼ਕੋਂ ਮੇਂ ਢਲਨਾ ਆ ਗਿਆ।

ਜ਼ਿੰਦਗੀ ਤੋ ਬਸ ਉਸੀ ਕੀ ਹੈ, ਵਹੀ ਹੈ ਖੁਸ਼ਨਸੀਬ,
ਬਚ-ਬਚਾ ਕਰ ਜਿਸ ਕੋ ਦੁਨੀਆਂ ਸੇ ਨਿਕਲਨਾ ਆ ਗਿਆ।


**ਹਰਭਜਨ ਸਿੰਘ ਹੁੰਦਲ ਦੀਆਂ ਨਵੀਆਂ ਪੁਸਤਕਾਂ**

**(ਸਿਤਾਰਿਆਂ ਦੀ ਸੱਥ (ਕਲਾਕਾਰਾਂ ਬਾਰੇ ਲੇਖ)**
ਪੰਨੇ 224, ਮੁੱਲ 440/- ਮਨਪ੍ਰੀਤ ਪ੍ਰਕਾਸ਼ਨ, ਦਿੱਲੀ-31

•••

**ਅੰਮ੍ਰਿਤਾ ਸ਼ੇਰਗਿੱਲ (ਜੀਵਨੀ)**
ਅਨੁਵਾਦ ਹਰਭਜਨ ਸਿੰਘ ਹੁੰਦਲ
ਪੰਨੇ 320, ਮੁੱਲ 490/-
ਮਨਪ੍ਰੀਤ ਪ੍ਰਕਾਸ਼ਨ, ਦਿੱਲੀ-3

•••

**ਵਾਹਗੇ ਪਾਰ ਦੇ ਪੰਜਾਬੀ ਕਵੀ**
ਪੰਨੇ 210, ਮੁੱਲ 240/-
ਸੁੰਦਰ ਬੁੱਕ ਡਿਪੋ, ਮਾਈ ਹੀਰਾਂ ਗੇਟ, ਜਲੰਧਰ
ਫੋਨ - 0181-2213,84

•••

**ਭਾਰਤ ਦੀ ਵੰਡ (ਡਾ. ਅਨੀਤਾ ਇੰਦਰ ਸਿੰਘ)**
ਅਨੁਵਾਦ ਹਰਭਜਨ ਸਿੰਘ ਹੁੰਦਲ
ਨੈਸ਼ਨਲ ਬੁੱਕ ਟਰੱਸਟ, ਦਿੱਲੀ

•••






# ਕਿੱਲਿਆਂ ਵਰਗੇ ਬੰਦੇ

- ਕੰਵਲ ਮੁਸ਼ਤਾਕ

ਬੁੱਢੇ ਨੇ ਇੱਕ ਭਰਵਾਂ ਸਿਗਰਟ ਦਾ ਸੂਟਾ ਭਰਿਆ ਤੇ ਕਿਹਾ, 'ਹਯਾਤੀ ਤੇ ਖਿੱਦੋ ਹੁੰਦੀ ਏ, ਫਰੋਲੋ ਤਾਂ ਲੀਰੋ-ਲੀਰ, ਟਾਕੀ-ਟਾਕੀ ਤੇ ਕਦੇ ਹਯਾਤੀ ਧਾਗੇ ਦੀ ਗੁੰਝਲ ਹੋ ਵੈਂਹਦੀ ਏ। ਪਈ ਜਿਹਨੂੰ ਖੋਲ੍ਹਦਿਆਂ-ਖੋਲ੍ਹਦਿਆਂ ਹਯਾਤੀ ਦਾ ਸਿਰਾ ਮੌਤ ਤੀਕ ਅੱਪੜ ਜਾਂਦਾ ਏ।' ਇਹ ਕਹਿ ਕੇ ਬੁੱਢਾ ਜ਼ੋਰ-ਜ਼ੋਰ ਦੀ ਖੰਘਣ ਲੱਗ ਪਿਆ।

ਨਾਲ ਦੀ ਸੀਟ ਤੇ ਬੈਠੇ ਬਾਊ ਨੇ ਅਵਾਜ਼ਾਰੀ ਨਾਲ ਬੁੱਢੇ ਵੱਲ ਤੱਕਿਆ। ਗਲਘੋਟੂ ਜਿਹੀ ਖੰਘ ਬੁੱਢੇ ਨੂੰ ਸਾਹ ਨਹੀਂ ਸੀ ਲੈਣ ਦੇ ਰਹੀ। ਜਿਸ ਨਾਲ ਉਹਦੇ ਆਨੇ ਬਾਹਰ ਆ ਗਏ ਸਨ ਤੇ ਚਿਹਰੇ ਤੇ ਸੂਰਜ ਦੀ ਲਾਲੀ ਖਿੰਡ ਗਈ ਸੀ।

ਬਾਊ ਏਸ ਖੰਘ ਦੇ ਮੁੱਕਣ ਦੀ ਉਡੀਕ ਕਰਨ ਡਹਿ ਪਿਆ। ਘੜੀ ਕੁ ਮਗਰੋਂ ਜਦੋਂ ਬੁੱਢੇ ਦਾ ਸਾਹ ਟੁਰਿਆ ਤੇ ਇੰਝ ਲੱਗਾ ਜਿਵੇਂ ਸਾਹਵਾਂ ਦੀ ਗੰਢ ਖੁੱਲ੍ਹਦੀ-ਖੁੱਲ੍ਹਦੀ ਹੋਰ ਪੱਕੀ ਪੀਡੀ ਹੋ ਗਈ ਏ।

'ਤੰਮਾਕੂ ਨਾ ਪੀਆ ਕਰੋ। ਹਿੱਤ ਨੂੰ ਧੂੰ ਪੈ ਜਾਂਦਾ ਏ। ਫੇਫੜੇ ਛਾਨਣੀ ਵਾਂਗ ਛੇਕੋ-ਛੇਕ ਹੋ ਵੈਂਦੇ ਨੇ। ਏਸ ਉਮਰੇ ਤੇ ਬੰਦੇ ਨੂੰ, ਖਾਣ-ਪੀਣ, ਬੋਲਣ ਚਾਲਣ ਵਲੋਂ ਪਰਹੇਜ਼ ਕਰਨਾ ਚਾਹੀਦਾ ਏ।" ਬਾਊ ਦੇ ਕਹੇ ਵਿਚ ਭਾਵੇਂ ਤਰਲਾ ਜਿਹਾ ਸੀ ਪਰ ਫਿਰ ਵੀ ਬਾਬੇ ਨੂੰ ਇੰਝ ਲੱਗਾ ਜਿਵੇਂ ਕਿਸੇ ਨੇ ਉਹਨੂੰ ਡਾਂਗ ਕੱਢ ਮਾਰੀ ਹੋਵੇ। ਵਿੱਸ ਘੋਲਦੇ ਸੱਪ ਵਾਂਗੂ ਉਹਨੇ ਪਲਸੇਟਾ ਲਿਆ ਤੇ ਕਿਤਾਬ ਵੱਲ ਜਿਹੜੀ ਬਾਊ ਦੇ ਹੱਥ ਵਿਚ ਸੀ, ਉਂਗਲ ਕਰਕੇ ਪੁੱਛਿਆ,

'ਇਹਦੇ ਵਿਚ ਲਿਖਿਆ ਹੋਇਆ ਏ?'

ਇਹ ਸੁਣ ਕੇ ਬਾਊ ਨੂੰ ਐਨੀ ਖਿੱਝ ਚੜ੍ਹ ਗਈ ਪਈ ਉਹਨੇ ਬਾਬੇ ਨੂੰ ਮਗਰੋਂ ਲਾਹੁਣਾ ਹੀ ਮੁਨਾਸਿਬ ਸਮਝਿਆ। ਉਹ ਖਿਝੇ ਹੋਏ ਲਹਿਜੇ ਨਾਲ ਬੋਲਿਆ,

'ਇਹਦੇ ਵਿਚ ਨਹੀਂ ਲਿਖਿਆ ਪਰ ਮੈਂ ਕਿਧਰੋਂ ਸੁਣਿਆ ਤੇ ਪੜ੍ਹਿਆ ਜ਼ਰੂਰ ਏ।'

'ਤੇਰੇ ਹੱਥ ਵਿਚ ਕਿਹੜੀ ਕਿਤਾਬ ਏ?'

'ਪੰਜਾਬੀ ਲੋਕ ਕਿੱਸਿਆਂ ਦੀ।'

'ਇਹਦੇ ਵਿਚੋਂ ਕੋਈ ਚੋਂਦੀ-ਚੋਂਦੀ ਗੱਲ ਸਾਡੇ ਵੱਲ ਵੀ ਟੋਰੋ।'

'ਕੀ ਮਤਲਬ?' ਬਾਊ ਦਾ ਮੱਥਾ ਵੱਟੋ-ਵੱਟ ਹੋ ਗਿਆ ਸੀ।

ਉਹਨੇ ਸੋਚਿਆ ਇਹ ਬੁੱਢਾ ਵੀ ਦਰਜਨਾਂ ਬੁੱਢਿਆਂ ਵਾਂਗ ਲਸੂੜੇ ਦੀ ਗਿਟਕ ਹ ਸਾਬਤ ਹੋਇਆ ਏ। ਇਸ ਸੋਚ ਨਾਲ ਉਸਦੀਆਂ ਅੱਖਾਂ ਟੱਡੀਆਂ ਤੇ ਮੂੰਹ ਪੀਚਿ

ਗਿਆ।

ਬੁੱਢੇ ਨੇ ਬਾਊ ਵੱਲ ਤੱਕ ਕੇ ਨਿਹੋਰੇ ਜਿਹੇ ਲਹਿਜੇ ਨਾਲ ਕਿਹਾ, 'ਤੂੰ ਤੇ ਗੁੱਸਾ ਖਾ ਗਿਆ ਏਂ।'

ਇਸ ਤੋਂ ਪਹਿਲਾਂ ਕਿ ਬਾਊ ਤੱਤਾ ਤੇ ਤਿੱਖਾ ਜਿਹਾ ਜਵਾਬ ਦਿੰਦਾ। ਗੱਡੀ ਇੱਕ ਨਿੱਕੇ ਜਿਹੇ ਸਟੇਸ਼ਨ ਤੇ ਰੁਕੀ ਤੇ ਇਕ ਦਸਾਂ-ਬਾਰਾਂ ਸਾਲਾਂ ਦਾ ਮੁੰਡਾ ਡੱਬੇ ਵਿਚੋਂ ਲਹਿ ਕੇ ਭੱਜਦਾ ਹੋਇਆ ਪਲੇਟਫਾਰਮ ਤੇ ਲੱਗੇ ਨਲਕੇ ਤੀਕ ਗਿਆ ਤੇ ਹੱਥਲਾ ਨਿੱਕਾ ਜਿਹਾ ਡੋਲੂ ਪਾਣੀ ਦਾ ਭਰ ਕੇ ਲੈ ਆਇਆ। ਬਾਬੇ ਦੀਆਂ ਅੱਖਾਂ ਉਸ ਮੁੰਡੇ ਦੇ ਨਾਲ-ਨਾਲ ਈ ਰਹੀਆਂ ਜਦੋਂ ਤੀਕ ਕਿ ਉਹ ਪਾਣੀ ਭਰ ਕੇ ਮੁੜ ਗੱਡੀ ਤੇ ਨਾ ਚੜ੍ਹ ਗਿਆ। ਮੁੰਡੇ ਨੇ ਡੱਬੇ ਵਿਚ ਆ ਕੇ ਆਪਣੇ ਨਾਲ ਬੈਠੀ ਅਠਾਰਾਂ-ਉਨੀਆਂ ਵਰ੍ਹਿਆਂ ਦੀ ਕੁੜੀ ਨੂੰ ਪਾਣੀ ਵਾਲਾ ਡੋਲ ਫੜਾ ਦਿੱਤਾ ਤੇ ਉਹਦੇ ਕੋਲ ਈ ਬਹਿ ਗਿਆ। ਡੋਲੂ ਵਿਚੋਂ ਦੋ ਤਿੰਨ ਭਰਵੇਂ ਘੁੱਟ ਭਰ ਕੇ ਕੁੜੀ ਨੇ ਡੋਲ ਮੁੰਡੇ ਵੱਲ ਪਰਤਾਂਦਿਆਂ ਬਾਬੇ ਵੱਲ ਇਸ਼ਾਰਾ ਕੀਤਾ। ਮੁੰਡਾ ਡੋਲ ਫੜ ਕੇ ਬੁੱਢੇ ਕੋਲ ਆਇਆ ਤੇ ਪੁੱਛਿਆ

"ਬਾਬਾ ਪਾਣੀ ਪੀਣਾ ਏ?'

'ਨਹੀਂ ਪੁੱਤਰ ਤੂੰ ਪੀ.......।'

ਮੁੰਡਾ ਮੁੜ ਉਸ ਕੁੜੀ ਕੋਲ ਜਾ ਬੈਠਾ ਜਿਹੜੀ ਫਿਰ ਕੱਪੜਿਆਂ ਦੀ ਗੰਢ ਬਣ ਗਈ ਸੀ। ਹੁਣ ਬਾਊ ਦਾ ਧਿਆਨ ਬਾਬੇ ਤੇ ਉਸ ਕੁੜੀ ਵਿਚ ਵੰਡਿਆ ਗਿਆ ਸੀ। ਉਹਨੂੰ ਇੰਝ ਲੱਗ ਰਿਹਾ ਸੀ ਪਈ ਕੁੜੀ ਨੂੰ ਉਹਨੇ ਪਹਿਲਾਂ ਵੀ ਕਿਧਰੇ ਵੇਖਿਆ ਏ। ਪਰ ਕੁੜੀ ਨੇ ਉਹਦੇ ਵੱਲ ਇੱਕ ਵਾਰ ਵੀ ਅੱਖ ਭਰ ਕੇ ਨਹੀਂ ਸੀ ਤੱਕਿਆ। ਉਹ ਡਰੀ-ਡਰੀ ਤੇ ਸਹਿਮੀ-ਸਹਿਮੀ ਲੱਗ ਰਹੀ ਸੀ।

'ਬਾਊ ਸੁਣਾ ਨਾ ਕੋਈ ਟੋਟਾ' ਬਾਬੇ ਨੇ ਬਾਊ ਦਾ ਸਾਰਾ ਧਿਆਨ ਆਪਣੇ ਵੱਲ ਕਰਦਿਆਂ ਕਿਹਾ ਪਰ ਬਾਊ ਸਾਰੇ ਦਾ ਸਾਰਾ ਕੁੜੀ ਵਿਚ ਖੁੱਭਿਆ ਹੋਇਆ ਸੀ। ਉਹਨੇ ਐਵੇਂ ਬਾਬੇ ਨੂੰ ਟਾਲਦਿਆਂ ਪੁੱਛਿਆ -

'ਤੁਸਾਂ ਪਾਣੀ ਕਿਉਂ ਨਹੀਂ ਪੀਤਾ?'

'ਬਸ ਤਰੇਹ ਈ ਨਹੀਂ।'

'ਮੁੰਡੇ ਦਾ ਦਿਲ ਰੱਖਣ ਲਈ ਈ ਇੱਕ ਘੁੱਟ ਭਰ ਲੈਣਾ ਸੀ, ਇੰਝ ਉਹਦਾ ਦਿਲ ਮੈਲਾ ਹੋਇਆ ਹੋਵੇਗਾ।'

'ਨਹੀਂ, ਨਹੀਂ।'

'ਮੈਨੂੰ ਤੇ ਇੰਝ ਈ ਜਾਪਿਆ, ਜਿਹੜੀ ਖੁਸ਼ੀ ਮੁੰਡੇ ਦੇ ਚਿਹਰੇ ਤੇ ਆਣ ਵੇਲੇ ਸੀ ਉਹ ਜਾਂਦੀ ਵਾਰੀ ਨਹੀਂ ਸੀ। ਇੰਝ ਲੱਗਦਾ ਸੀ ਉਹਦੀ ਖੁਸ਼ੀ ਕਿਸੇ ਝਰੀਟ ਕੇ ਰੱਖ ਦਿੱਤੀ ਹੋਵੇ। ਇਹ ਮੁੰਡਾ ਤੁਹਾਡਾ ਕੀ ਲੱਗਦਾ ਏ?'



'ਮੇਰਾ ਪੋਤਰਾ ਏ।'

'ਨਾਲ ਤੁਹਾਡੀ ਨੂੰਹ ਏ?'

'ਨਹੀਂ ਮੇਰੀ ਧੀ ਏ।'

'ਤੁਸੀਂ ਇਹਨੂੰ ਸਹੁਰੇ ਛੱਡਣ ਜਾ ਰਹੇ ਓ।'

'ਉਹਨਾਂ ਕਮੀਨਿਆਂ ਦਾ ਨਾਂ ਨਾ ਲਓ ਜੀ।'

'ਕਿਉਂ.......?'

'ਬੱਸ ਐਵੇਂ, ਉਹਨਾਂ ਦੇ ਨੱਕਾਂ ਵਿਚੋਂ ਠੂੰਹੇ ਡਿੱਗਦੇ ਨੇ।'

'ਉਹ ਕਿਉਂ?'

'ਬੱਸ ਐਵੇਂ ਭੇੜ ਪਾਂਦੇ ਨੇ, ਆਟਾ ਗੁੰਨਦੀ ਦਾ ਸਿਰ ਕਿਉਂ ਹਿਲਦਾ ਏ, ਬਹੁਕਰ ਦੇਂਦੀਂ ਦਾ ਚੂੜਾ ਕਿਉਂ ਛਣਕਦਾ ਏ।'

'ਇਹ ਤਾਂ ਕੋਈ ਗੱਲ ਨਾ ਹੋਈ ਜੀ।'

'ਬੱਸ ਐਵੇਂ ਹੀਲੇ ਬਹਾਨੇ, ਸੱਚ ਪੁੱਛੋ ਤੇ ਸਾਡਾ ਵੀ ਜੀ ਉਸ ਘਰ ਇਹਨੂੰ ਵਸਾਣ ਨੂੰ ਨਹੀਂ ਕਰਦਾ, ਮੈਂ ਵੀ ਇਹਨੂੰ ਅੱਗੇ ਲਾ ਟੋਰ ਲਿਆਂਦਾ ਏ।'

'ਇਹ ਆਪਣੀ ਮਰਜ਼ੀ ਨਾਲ ਨਹੀਂ ਆਈ?'

'ਨਹੀਂ, ਨਹੀਂ। ਇਹ ਵੀ ਉਹਨਾਂ ਨਾਲ ਰਲੀ ਹੋਈ ਏ। ਸਾਰੀ ਰਾਤ ਉਹ ਸਾਡੀ ਟਹਿਲ ਸੇਵਾ ਕਰਦਾ ਰਿਹਾ। ਸਵੇਰੇ ਜਦ ਉਹ ਦਫ਼ਤਰ ਗਿਆ ਤੇ ਮੈਂ ਇਹਨੂੰ ਅੱਗੇ ਲਾ ਟੋਰ ਲਿਆਂਦਾ। ਤੂੰ ਇਹਨਾਂ ਗੱਲਾਂ ਨੂੰ ਛੱਡ, ਤੂੰ ਸੁਣਾ ਜੋ ਪੜ੍ਹ ਰਿਹਾ ਏਂ।'

'ਮੈਂ ਪੜ੍ਹ ਰਿਹਾ ਸਾਂ ਪਈ ਪੁਨੂੰ ਦੇ ਪਿਛਲਿਆਂ ਨੂੰ ਜਦੋਂ ਪਤਾ ਲੱਗਾ ਪਈ ਉਹ ਸੱਸੀ ਦੇ ਪਿਆਰ ਵਿਚ ਰੰਗਿਆ ਗਿਆ ਏ ਤੇ ਉਹ ਭੰਬੋਰ ਆਏ ਤੇ ਪੁਨੂੰ ਨੂੰ ਸਮਝਾਇਆ, ਪਈ ਸੱਸੀ ਦਾ ਇਸ਼ਕ ਸਾਨੂੰ ਵਾਰਾ ਨਹੀਂ ਖਾਂਦਾ। ਅਸੀਂ ਸੌਦਾਗਰ ਲੋਕ ਜਾਣ ਬੁੱਝ ਕੇ ਘਾਟੇ ਦਾ ਸੌਦਾ ਕਰੀਏ ਤੇ ਸਾਨੂੰ ਵਪਾਰੀ ਕੌਣ ਆਖੇਗਾ। ਪਰ ਪੁਨੂੰ ਕਿਥੇ ਸੁਣੇ, ਇਹੋ ਜਿਹੀਆਂ ਗੱਲਾਂ। ਬਸ ਫਿਰ ਪਿਛਲਿਆਂ ਨੇ ਮਤਾ ਪਕਾਇਆ ਤੇ ਉਹਨਾਂ ਨੇ ਉਸੇ ਰਾਤ ਦੋਵਾਂ ਦਾ ਵਿਆਹ ਕਰ ਦਿੱਤਾ। ਨਾ ਪਰ ਜਦੋਂ ਉਹ ਦਫਤਰੋਂ ਮੁੜੇਗਾ ਤਾਂ ਕੀ ਸੋਚੇਗਾ। ਹੋ ਸਕਦਾ ਏ ਉਹ ਟਿਕਟ ਕਟਾਵੇ ਤੇ ਤੁਹਾਡੇ ਤੋਂ ਪਹਿਲਾਂ ਇਥੇ ਅੱਪੜ ਜਾਵੇ।'

'ਅਸਾਂ ਨਹੀਂ ਟੋਰਨੀ।'

'ਪਰ ਕਿਉਂ .....?'

'ਵੇਖੋ ਜੀ ਅਸਾਂ ਕੁੜੀ ਨੂੰ ਉਸਤਾਨੀ ਦਾ ਕੋਰਸ ਕਰਾਇਆ, ਪਈ ਜੇ ਰੱਬ ਨਾ ਕਰੇ ਕੋਈ ਅਜਿਹਾ ਵੇਲਾ ਆ ਜਾਵੇ ਤੇ ਬੱਚੇ ਪੜ੍ਹਾ ਕੇ ਵੇਲਾ ਟਪਾ ਲਵੇ। ਮਾਪੇ ਹਮੇਸ਼ਾ ਤਾਂ ਨਹੀਂ ਨਾ ਔਲਾਦ ਨਾਲ ਬੱਝੇ ਰਹਿੰਦੇ। ਇਹਦੇ ਅਸਾਂ ਚੰਗੇ ਸਾਕ ਲੱਭੇ ਤੇ ਵਿਆਹ ਦਿੱਤੀ। ਹੁਣ ਮੁੰਡਾ ਕਹਿੰਦਾ ਏ ਪਈ ਇਹ ਵੀ ਨੌਕਰੀ ਕਰੇ।'

'ਕਿਹੜੀ .....

'ਬਾਲ ਪੜ੍ਹਾਉਣ ਦੀ ਹੋਰ ਕਾਹਦੀ, ਸਾਨੂੰ ਤੇ ਇਹ ਵਾਰਾ ਨਹੀਂ ਖਾਂਦਾ।'

'ਕਿਉਂ'....?'

'ਭਈ ਜੇ ਸਹੁਰਿਆਂ ਘਰ ਵੀ ਧੀ ਨੇ ਕਮਾ ਕੇ ਖਾਣਾ ਏ ਤੇ ਉਹਨੂੰ ਪੇਕਾ ਘਰ ਵੱਢਦਾ ਏ।'

'ਮੁੰਡਾ ਕੀ ਕਰਦਾ ਏ?'

'ਕਿਸੇ ਦਫ਼ਤਰ ਵਿਚ ਵਾਹ-ਵਾਹ ਬਾਊ ਲੱਗਾ ਏ।'

'ਆਪਣੇ ਮਾਂ ਪਿਉ ਕੋਲ ਰਹਿੰਦਾ ਏ?'

'ਸਗੋਂ ਉਹਨਾਂ ਕੋਲ ਰਹੇ ਤੇ ਚੰਗਾ ਸੌਖਾ ਰਹੇ। ਪਰ ਉਹ ਕਹਿੰਦਾ ਏ ਮੈਂ ਆਪਣਾ ਘਰ ਆਪ ਬਣਾਉਣਾ ਏ। ਮੈਨੂੰ ਕਿਸੇ ਦੇ ਸਹਾਰੇ ਦੀ ਲੋੜ ਨਹੀਂ।'

'ਫਿਰ ਤੇ ਬਹੁਤ ਚੰਗੀ ਗੱਲ ਏ, ਜੇ ਉਹ ਦੋਵੇਂ ਮੀਆਂ ਬੀਵੀ ਕਿਸੇ ਦੇ ਸਹਾਰੇ ਤੋਂ ਬਗ਼ੈਰ ਮਿਲ ਕੇ ਹਯਾਤੀ ਦੀ ਗੱਡ ਨੂੰ ਰੇੜ੍ਹਣਾ ਚਾਹੁੰਦੇ ਨੇ, ਤੇ ਫਿਰ ਤੁਹਾਨੂੰ ਇਹਦੇ ਤੇ ਇਤਰਾਜ਼ ਨਹੀਂ ਹੋਣਾ ਚਾਹੀਦਾ।'

'ਧੀਆਂ ਤੇ ਆਟੇ ਦੀਆਂ ਚਿੜੀਆਂ ਹੁੰਦੀਆਂ ਨੇ। ਇਹ ਅੰਦਰ ਵੜਨ ਤੇ ਇਹਨਾਂ ਨੂੰ ਚੂਹਿਆਂ ਟੁੱਕਣਾ ਹੁੰਦਾ ਏ। ਜੇ ਇਹ ਬਾਹਰ ਨਿਕਲਣ ਤੇ ਇਹਨਾਂ ਨੂੰ ਕਾਵਾਂ ਠੂੰਗਣਾ ਹੁੰਦਾ ਏ। ਇਸ ਡਰ ਤੋਂ ਇਹਨਾਂ ਦੀ ਸਾਂਭ ਬਹੁਤ ਜ਼ਰੂਰੀ ਏ।'

'ਉਹ ਤੇ ਠੀਕ ਏ ਬਾਬਿਓ, ਪਰ ਬੰਦੇ ਕੋਲ ਸਿਰਫ਼ ਢਿੱਡ ਦੀ ਈ ਭੁੱਖ ਨਹੀਂ ਹੁੰਦੀ, ਇਸ ਲਈ ਬੜਾ ਕੁਝ ਸੋਚਣਾ ਪੈਂਦਾ ਏ। ਤੁਹਾਨੂੰ ਐਡੀ ਕਾਹਲੀ ਨਹੀਂ ਸੀ ਕਰਨੀ ਚਾਹੀਦੀ।'

'ਤੂੰ ਤੇ ਕੁਝ ਕਿਤਾਬ ਵਿਚੋਂ ਸੁਣਾ ਰਿਹਾ ਸੈਂ।'

'ਹਾਂ! ਜਦੋਂ ਸੱਸੀ ਤੇ ਪੁਨੂੰ ਦਾ ਵਿਆਹ ਹੋ ਗਿਆ। ਉਹ ਰਾਤ ਸਾਰੀ ਖੁਸ਼ੀਆਂ ਵੰਡਦੀ ਰਹੀ ਜਦੋਂ ਥਕੇਵਾਂ ਉਹਨਾਂ ਦੇ ਅੰਦਰ ਲਹਿ ਗਿਆ ਤੇ ਸਭ ਥੱਕ ਟੁੱਟ ਕੇ ਸੌਂ ਗਏ। ਫਿਰ ਪਿਛਲਿਆਂ ਨੇ ਪੁੰਨੂ ਨੂੰ ਕਚਾਵੇ ਪਾਇਆ ਤੇ ਕੀਚ ਵੱਲ ਟੁਰ ਪਏ। ਸਵੇਰੇ ਸੂਰਜ ਨੇ ਵੇਲੇ ਸਿਰ ਅੱਖ ਖੋਲ੍ਹੀ ਪਰ ਸੱਸੀ ਸੁੱਤੀ ਰਹੀ। ਜਦੋਂ ਉਹ ਨੀਂਦਰ ਤੋਂ ਜਾਗੀ ਤੇ ਭੰਬੋਰ ਸੱਖਣਾ ਪਿਆ ਸੀ। ਉਹ ਆਪਣੇ ਆਪ ਨੂੰ ਪੁਨੂੰ ਲਈ ਅਣਮਿੱਥੇ ਰਾਹਾਂ ਵੱਲ ਤੁਰ ਪਈ।'

'ਫਿਰ ਕੀ ਹੋਇਆ?' ਬਾਬੇ ਦਾ ਸਾਹ ਉੱਤੇ ਦਾ ਉੱਤੇ ਰਹਿ ਗਿਆ।

'ਫਿਰ ਕੀ ਹੋਣਾ ਸੀ, ਅਣਮਿੱਥੇ ਰਾਹਵਾਂ ਤੇ ਟੁਰਨ ਵਾਲੇ ਗਵਾਚ ਜਾਂਦੇ ਨੇ।'

'ਚਲ ਛੱਡ, ਗਵਾਚਣ ਦੇ ਇਹਨਾਂ ਨੂੰ? ਤੂੰ ਦੱਸ, ਤੂੰ ਕਿੱਥੇ ਜਾ ਰਿਹਾ ਏਂ?'

'ਮੈਂ ... ਮੈਂ ਚੱਕ ਕਮਾਲੇ।'

'ਚੱਕ ਕਮਾਲੇ?'



'ਆਹੋ ....।'

'ਚੱਕ ਕਮਾਲੇ ਤਾਂ ਮੈਂ ਵੀ ਜਾ ਰਿਹਾ ਹਾਂ। ਮੈਂ ਤੈਨੂੰ ਸਿਆਣਿਆ ਨਹੀਂ। ਤੂੰ ਕਿਸ ਦਾ ਪੁੱਤਰ ਏਂ?'

'ਪੁੱਤਰ ਨਹੀਂ, ਮੈਂ ਬਾਬੇ ਦੁੱਲੇ ਦਾ ਜਵਾਈ ਆਂ।'

'ਤੇਰਾ ਨਾਂ ਬਾਊ ਰਿਆਜ਼ ਤੇ ਨਹੀਂ। ਤੂੰ ਰਾਬੀਆ ਦਾ ਬੰਦਾ ਤੇ ਨਹੀਂ ਕਿਧਰੇ?'

'ਆਹੋ।'

ਬੁੱਢੇ ਦੇ ਚਿਹਰੇ ਤੇ ਹਾਸੇ ਦਾ ਚਾਨਣ ਖਿਲਰ ਗਿਆ। ਉਹ ਧੁੱਪ ਵਰਗਾ ਬੰਦਾ ਇਕ ਦਮ ਛਾਂ ਬਣ ਗਿਆ। ਚੁੱਪ ਦਾ ਚੁੱਪ, ਢੇਰੀ ਦਾ ਢੇਰੀ।

'ਤੁਸੀਂ ਚੁੱਪ ਕਿਉਂ ਕਰ ਗਏ ਓ।' ਬਾਊ ਨੇ ਬਾਬੇ ਨੂੰ ਹਿਲੂਣਾ ਦਿੱਤਾ।

'ਮੈਂ ਸਭ ਜਾਣ ਗਿਆ ਵਾਂ?'

'ਕੀ?'

'ਤੂੰ ਰਾਬੀਆ ਨੂੰ ਲੈਣ ਜਾ ਰਿਹਾ ਏਂ। ਤੂੰ ਤੇ ਉਹੋ ਕੀਤੀ, ਰੋਂਦੀ ਯਾਰਾਂ ਨੂੰ ਲੈ ਕੇ ਨਾਂ ਭਰਾਵਾਂ ਦੇ, ਪਰ ਅਸਾਂ ਵੀ ਕੱਚੀਆਂ ਗੰਢਾਂ ਨਹੀਂ ਦਿੱਤੀਆਂ।'

'ਉਹਨਾਂ ਨੇ ਤੇਰੇ ਨਾਲ ਨਹੀਂ ਟੋਰਨੀ।'

'ਕਿਉਂ ਜੀ?'

'ਬਸ ਇਹੋ ਮੈਂ ਨਹੀਂ ਦੱਸ ਸਕਦਾ।'

'ਮੇਰਾ ਵੀ ਇਹ ਆਖ਼ਰੀ ਫੇਰਾ ਏ। ਇਸ ਤੋਂ ਬਾਅਦ ਗੱਲ ਵੀਰਾਨ ਹੋ ਜਾਵੇਗੀ।'

'ਉਹ ਕਿਵੇਂ?' ਬਾਬੇ ਦੀਆਂ ਅੱਖਾਂ ਬਿਨਾਂ ਖੰਘਿਆ ਅੱਡੀਆਂ ਗਈਆਂ।

'ਪਈ ਉਹ ਪੇਕੇ ਹੀ ਰਹੇ। ਕਮਾਏ ਤੇ ਖਾਏ।'

'ਛਿਕ.......ਛਿਕ.......ਛਿਕ....... ਗੱਡੀ ਚੱਕ ਕਮਾਲੇ ਦੇ ਸਟੇਸ਼ਨ ਤੇ ਅੱਪੜ ਗਈ। ਉਹ ਸਾਰੇ ਗੱਡੀਓਂ ਲਹਿ ਕੇ ਪਲੇਟਫਾਰਮ ਤੇ ਆ ਖਲੋਤੇ। ਉਹ ਹਾਲੇ ਤੁਰਨ ਹੀ ਲੱਗੇ ਸਨ ਕਿ ਬੁੱਢੇ ਨੂੰ ਫਿਰ ਗਲਘੋਟੂ ਨਾਲ ਉਥੂ ਛਿੜ ਪਿਆ। ਉਹਦੇ ਆਨੇ ਫਿਰ ਬਾਹਰ ਆ ਗਏ। ਬਾਊ ਫਿਰ ਇਸ ਖੰਘ ਦੇ ਮੁੱਕਣ ਦੀ ਉਡੀਕ ਵਿਚ ਖਲੋ ਗਿਆ। ਘੜੀ ਕੁ ਬਾਅਦ ਬੁੱਢੇ ਦਾ ਸਾਹ ਤੇ ਪਰਤ ਆਇਆ ਪਰ ਸਤ ਕਿਧਰੇ ਗਵਾਚ ਗਿਆ ਸੀ। ਉਹਦੇ ਕੋਲੋਂ ਆਪਣੇ ਪੈਰਾਂ ਤੇ ਵੀ ਖਲੋ ਨਹੀਂ ਸੀ ਹੋ ਰਿਹਾ। ਉਹਨੇ ਬਾਊ ਦੇ ਮੋਢਿਆਂ ਦੇ ਹੱਥ ਰੱਖ ਦਿੱਤਾ ਤੇ ਸਹਾਰਾ ਜਿਹਾ ਲੈਂਦਿਆ ਕਿਹਾ -

'ਪੁੱਤਰ ਸਾਡੀਆਂ ਗੱਲਾਂ ਵਿਚ ਈ ਨਹੀਂ ਸਾਹਵਾਂ ਵਿਚ ਵੀ ਗੁੰਝਲਾਂ ਨੇ। ਤੁਸੀਂ ਤੱਤੇ ਤਾਅ ਤੇ ਤਿੱਖੇ ਸਾਹ ਮਿੱਥੇ ਹੋਏ ਰਾਹਵਾਂ ਤੇ ਟੁਰ ਸਕਦੇ ਓ। ਤੁਸੀਂ ਜਾਓ ਜਿੱਧਰ ਮਰਜ਼ੀ। ਅਸੀਂ ਤੇ ਹੁਣ ਜ਼ਮੀਨ ਤੇ ਕਿੱਲਿਆਂ ਵਾਂਗ ਗੱਡਣ ਜੋਗੇ ਰਹਿ ਗਏ ਹਾਂ।

ਲਿੱਪੀ ਰੂਪਾਂਤਰਣ - ਪਾਲ ਸਿੰਘ ਵੱਲਾ

## ਜਗਤਾਰ ਸਾਲਮ ਦੀਆਂ ਤਿੰਨ ਗ਼ਜ਼ਲਾਂ

1.

ਮੈਂ ਹਾਂ ਪੱਥਰ ਦਾ ਨੀਂਹ ਦਾ ਉਹ ਨੀਰ ਹੈ।
ਮੈਂ ਨਗਰਵਾਸੀ ਹਾਂ ਉਹ ਰਾਹਗੀਰ ਹੈ।

ਬੰਸਰੀ ਹੈ ਕੋਲ ਤੇਰੇ ਡਰ ਨ ਤੂੰ,
ਫਿਰ ਕੀ ਉਸ ਕੋਲ ਜੇ ਸ਼ਮਸ਼ੀਰ ਹੈ।

ਰਹਿ ਸਕੇ ਜੋ ਯਾਦ ਚਿਹਰਾ ਆਪਣਾ,
ਹਰ ਕਿਸੇ ਦੀ ਜੇਬ ਵਿਚ ਤਸਵੀਰ ਹੈ।

ਵਿੰਨਦੇ ਵਗਦੀ ਹਵਾ ਨੂੰ ਸੋਚ ਨਾ,
ਜੇ ਤਿਰੇ ਤਰਕਸ਼ 'ਚ ਕੋਈ ਤੀਰ ਹੈ।

ਅੱਗ ਤੋਂ ਸੜਿਆ ਨਹੀਂ ਹੁਣ ਤੀਕ ਜੋ,
ਉਸਦੇ ਸੀਨੇ 'ਚ ਕਿਧਰੇ ਨੀਰ ਹੈ।

2.

ਕਾਰਨ ਪੁੱਛੋ ਤਾਂ ਕੁਝ ਵੀ ਨਾ ਦੱਸਦਾ ਹੈ।
ਜੇ ਕੋਈ ਰਾਹ ਪੁੱਛੇ ਤਾਂ ਉਹ ਹੱਸਦਾ ਹੈ।

ਉਹ ਰਾਜਾ ਹੈ ਤੇ ਮੈਂ ਆਮ ਜਿਹਾ ਬੰਦਾ,
ਆਪਣੀ ਥਾਂ ਤੋਂ ਦੇਖੋ ਕਿਹੜਾ ਨੱਸਦਾ ਹੈ।

ਵੱਸਣ ਲਈ ਹਾਲਾਤ ਨਹੀਂ ਹਨ ਭੋਰਾ ਵੀ,
ਉਜੜਨ ਦੇ ਡਰ ਤੋਂ ਹਰ ਕੋਈ ਵੱਸਦਾ ਹੈ।

ਕੀ ਕਰ ਸਕਦਾ ਹੈ ਇਸ ਵਿਚ ਦੱਸੋ ਕੋਈ,
ਪੰਛੀ ਆਪ ਸ਼ਿਕਾਰੀ ਨੂੰ ਆ ਫਸਦਾ ਹੈ।

ਜਿਗਰਾ ਦੇਖ ਕਵੀ ਦਾ ਹੋਵੇ ਹੈਰਾਨੀ,
ਰਾਜੇ ਦੇ ਸਾਵੇਂ ਰਾਜੇ 'ਤੇ ਹੱਸਦਾ ਹੈ।



3.

ਕੀ ਪਤਾ ਏਸਨੂੰ ਇਹ ਤਾਂ ਬੇਹੋਸ਼ ਹੈ।
ਪਰ ਪਤਾ ਹੈ ਜਿਸਨੂੰ ਹਾਇ! ਖਾਮੋਸ਼ ਹੈ।

ਤਰੀਸ ਉੱਠਦੀ ਹੈ ਤਾਂ ਚੀਕ ਨਿਕਲੇਗੀ ਹੀ,
ਦੱਸ ਇਹਦੇ 'ਚ ਮੇਰਾ ਕੋਈ ਦੋਸ਼ ਹੈ।

ਕੁਝ ਕੁ ਏਦਾਂ ਘਿਰੇ ਹਨ ਕਿ ਉਹਨਾਂ ਨੂੰ ਤਾਂ,
ਚੀਕ ਮਾਰਨ ਲਈ ਵੀ ਕਿੱਥੇ ਹੋਸ਼ ਹੈ।

ਕੀ ਪਤਾ ਕਿਸ ਨਜ਼ਰ ਨਾਲ ਇਹ ਦੇਖਦੇ,
ਜ਼ਖ਼ਮੀ ਨੂੰ ਆਖਦੇ ਨੇ ਕਿ ਮਦਹੋਸ਼ ਹੈ।

ਇੱਕ ਹੀ ਰੁਤਬਾ ਦੋਹਾਂ ਲਈ ਸ਼ਹਿਰ ਵਿਚ,
ਇੱਕ ਕਾਤਲ ਹੈ ਤੇ ਇੱਕ ਨਿਰਦੋਸ਼ ਹੈ।

**ਪਿੰਡ ਤੇ ਡਾਕ. ਦੇਧਨਾ, ਤਹਿ. ਪਾਤੜਾਂ, ਪਟਿਆਲਾ।**

## ਹਿੰਦੀ ਗ਼ਜ਼ਲ

**- ਆਸ਼ੀਸ਼ ਦਸ਼ੋਤਰ**

ਬਾਤ ਬੀਤੇ ਵਕਤ ਕੀ ਦਿਲ ਸੇ ਭੁਲਾਤੇ ਜਾਈਏ।
ਹੋ ਸਕੇ ਤੋ ਆਪ ਥੋੜ੍ਹਾ ਮੁਸਕਰਾਤੇ ਜਾਈਏ।

ਜ਼ਖ਼ਮ ਅਬ ਭਰਨੇ ਲਗਾ ਹੈ, ਫਿਰ ਕੁਰੇਦੇਂ ਕਿਉਂ ਉਸੇ,
ਹੈ ਜ਼ਰੂਰਤ ਜ਼ਖ਼ਮ ਪਰ, ਮਰਹਮ ਲਗਾਤੇ ਜਾਈਏ।

ਆਪ ਕੇ ਰੁਖ਼ਸਾਰ ਪਰ ਤੋ ਦਿਖ ਰਹੇ ਹੈਂ ਵੋਹ ਸਿਤਮ,
ਜ਼ਿੰਦਗੀ ਕੀ ਮੁਸ਼ਕਲੋਂ ਕੋ ਆਜ਼ਮਾਤੇ ਜਾਈਏ।

ਜੋ ਮਸਾਇਲ ਦਫਨ ਹੈਂ ਉਨ ਪਰ ਬਹਿਸ ਵਾਜਬ ਨਹੀਂ,
ਆਪ ਤੋ ਅਬ ਅਮਨ ਕੀ ਸ਼ਮ੍ਹਾਂ ਜਲਾਤੇ ਜਾਈਏ।

ਗੁਲਸ਼ਨੋਂ ਮੇਂ ਨੌਸ਼ਗੁਫ਼ਤਾ ਫੂਲ ਜਬ ਖਿਲਤੇ ਨਹੀਂ,
ਖੁਸ਼ਬੂਓਂ ਕੋ ਪੰਖ ਦੇ ਕਰ ਫਿਰ ਉੜਾਤੇ ਜਾਈਏ।

ਤਿੱਤਲੀਆਂ ਉੜਨੇ ਲਗੇਂ, ਤਾਜ਼ੀ ਹਵਾ ਚਲਨੇ ਲਗੇ,
ਕੋਈ ਐਸੀ ਬਾਤ 'ਆਸ਼ੀਸ਼' ਅਬ ਸੁਨਾਤੇ ਜਾਈਏ।

# ਹਵਾਲਾਤ ਤੇ ਜੇਲ੍ਹ ਦੀ ਵਾਰਤਾ

- ਡਾ. ਪ੍ਰੇਮ ਸਿੰਘ

ਅੰਮ੍ਰਿਤਸਰ ਦੇ ਸਿਵਲ ਲਾਈਨਜ਼ ਥਾਣੇ ਦੀ ਹਵਾਲਾਤ ਵਿਚ ਗੁਜ਼ਾਰੇ ਤਿੰਨ ਮਹੀਨਿਆਂ ਵਿਚ ਜਿਨ੍ਹਾਂ ਲੋਕਾਂ ਨਾਲ ਮੇਰਾ ਵਾਹ ਪਿਆ ਉਨ੍ਹਾਂ ਸਭਨਾਂ ਵਿਚੋਂ ਨਵੇਕਲਾ ਸਾਧੂ ਰਾਮ ਸੀ। ਅੰਮ੍ਰਿਤਸਰ ਜ਼ਿਲ੍ਹੇ ਵਿਚ ਉਹ ਇਕ ਡਾਕੂ ਵਜੋਂ ਜਾਣਿਆ ਜਾਂਦਾ ਸੀ। ਹੋਇਆ ਇਸ ਤਰ੍ਹਾਂ ਕਿ ਇਕ ਸ਼ਾਮ ਜਦੋਂ ਮੈਂ ਖਾਣਾ ਖਾ ਕੇ ਹਟਿਆ ਸਾਂ ਮੇਰੇ ਨਾਲ ਦੀ ਹਵਾਲਾਤ ਵਿਚ ਥਾਣੇ ਵਾਲਿਆਂ ਨੇ ਇਕ ਮਾੜਕੂ ਜਿਹੇ ਸਰੀਰ ਵਾਲੇ ਦੋਸ਼ੀ ਨੂੰ ਲਿਆ ਸੁੱਟਿਆ। ਉਹ ਪੀੜ ਨਾਲ ਕਰਾਹ ਰਿਹਾ ਸੀ। ਮੈਂ ਸੌਣ ਦੀ ਤਿਆਰੀ ਵਿਚ ਸਾਂ ਕਿ ਉਸ ਦੀ ਹੂੰਗਰ ਨੇ ਮੈਨੂੰ ਚੌਕਸ ਕਰ ਦਿੱਤਾ। ਹਵਾਲਾਤ ਦੇ ਦੋ ਹੀ ਕਮਰੇ ਸਨ ਤੇ ਦੋਹਾਂ ਦੇ ਵਿਚਕਾਰਲੀ ਦੀਵਾਰ ਵਿਚ ਸੁਲਾਖਾਂ ਦਾ ਇਕ ਜੰਗਲਾ ਸੀ। ਮੈਂ ਉੱਠ ਕੇ ਉਸਨੂੰ ਪੁੱਛਿਆ ਕਿ ਤੂੰ ਕੌਣ ਹੈ? ਪਰ ਉਸਦੀ ਤਾਂ ਆਵਾਜ਼ ਹੀ ਨਹੀਂ ਨਿਕਲ ਰਹੀ ਸੀ। ਮੈਂ ਢਾਬੇ ਵਾਲੇ ਮੁੰਡੇ ਨੂੰ, ਜਿਹੜਾ ਮੇਰਾ ਖਾਣਾ ਲੈ ਕੇ ਆਇਆ ਸੀ, ਤੇ ਹੁਣ ਬਰਤਨ ਲੈ ਕੇ ਪਰਤਣ ਹੀ ਵਾਲਾ ਸੀ, ਕਿਹਾ ਕਿ ਛੇਤੀ ਹੀ ਦੋ ਆਂਡੇ ਉਬਾਲ ਕੇ ਨਾਲ ਗਰਮ ਚਾਹ ਲੈ ਕੇ ਆਵੇ। ਹਿਫ਼ਾਜਤੀ ਨਜ਼ਰਬੰਦੀ ਕਾਨੂੰਨ ਅਧੀਨ ਗ੍ਰਿਫ਼ਤਾਰ ਹੋਣ ਕਾਰਨ ਮੈਨੂੰ ਢਾਈ ਰੁਪਏ ਰੋਜ਼ ਦੀ ਖੁਰਾਕ ਮਿਲਦੀ ਸੀ। ਇਨ੍ਹਾਂ ਪੈਸਿਆਂ ਵਿਚ, ਜਿਹੜੇ ਉਨ੍ਹਾਂ ਵਕਤਾਂ ਵਿਚ ਘੱਟ ਨਹੀਂ ਸਨ, ਮੈਂ ਆਪਣੀ ਮਰਜ਼ੀ ਦੀ ਖੁਰਾਕ ਮੰਗਵਾ ਸਕਦਾ ਸਾਂ। ਮੁੰਡੇ ਨੇ ਆਂਡੇ ਤੇ ਚਾਹ ਲੈ ਆਂਦੇ ਤੇ ਹਵਾਲਾਤ ਦੇ ਸਾਹਮਣੇ ਦੇ ਸੀਖਾਂ ਵਾਲੇ ਦਰਵਾਜ਼ੇ ਦੇ ਹੇਠੋਂ ਸਾਧੂ ਰਾਮ ਵੱਲ ਸਰਕਾ ਦਿੱਤੇ। ਉਹ ਔਖਾ-ਸੌਖਾ ਹੋ ਕੇ ਖਾ ਗਿਆ ਤੇ ਜ਼ਰਾ ਕੁ ਸੰਭਲ ਜਾਣ ਤੋਂ ਬਾਅਦ ਕਹਿਣ ਲੱਗਾ, ਕਿ ਮੈਂ ਆਪਣੀ ਗੱਲ ਤੁਹਾਨੂੰ ਕੱਲ ਦੱਸਾਂਗਾ।

ਅਗਲੀ ਸਵੇਰ ਉਹ ਕੁਝ ਬਿਹਤਰ ਹਾਲਤ ਵਿਚ ਸੀ। ਮੇਰੇ ਵਲੋਂ ਮੰਗਵਾਏ ਆਂਡੇ ਖਾਣ ਤੇ ਚਾਹ ਪੀਣ ਤੋਂ ਬਾਅਦ ਉਸਨੇ ਆਪਣੀ ਕਹਾਣੀ ਸੁਣਾਈ। ਉਸਨੇ ਦੱਸਿਆ ਕਿ ਉਸਨੇ ਅੰਮ੍ਰਿਤਸਰ ਸ਼ਹਿਰ ਦੇ ਨੇੜੇ ਮਾਨਾਂਵਾਲੇ ਵੱਲ ਜਾਂਦੀ ਸੜਕ ਤੋਂ ਜ਼ਰਾ ਹਟਵੇਂ ਅਮਰੂਦਾਂ ਦੇ ਇਕ ਬਾਗ਼ ਦਾ ਠੇਕਾ ਲੈ ਰੱਖਿਆ ਸੀ ਤੇ ਇਥੇ ਇੱਕ ਛੋਟੀ ਜਿਹੀ ਡੇਅਰੀ ਚਲਾਉਂਦਾ ਸੀ ਤੇ ਦੁੱਧ ਵੇਚਿਆ ਕਰਦਾ ਸੀ। ਉਸ ਨੇ ਆਪਣੇ ਇਕ ਸਾਥੀ ਨੂੰ ਨਾਲ ਲੈ ਕੇ ਸ਼ਹਿਰ ਦੇ ਇਕ ਸੁਨਿਆਰੇ ਦੀ ਦੁਕਾਨ ਉੱਤੇ ਡਾਕਾ ਮਾਰ ਕੇ ਸੋਨਾ ਲੁੱਟ ਲਿਆ ਤੇ ਫਿਰ ਬੜੇ ਆਰਾਮ ਨਾਲ ਬਾਗ ਵਿਚ ਆਪਣੇ ਟਿਕਾਣੇ ਉੱਤੇ ਆ ਗਿਆ। ਉਸਦੇ ਪਹਿਲੇ ਰਿਕਾਰਡ ਕਾਰਨ ਪੁਲਿਸ ਨੂੰ ਸ਼ੱਕ ਸੀ ਕਿ ਇਹ ਡਾਕਾ ਉਸੇ ਨੇ ਮਾਰਿਆ ਹੈ। ਪਰ ਕੇਸ ਨੂੰ ਮਜ਼ਬੂਤ ਕਰਨ ਲਈ ਪੁਲਿਸ ਨੇ ਉਸਦੇ ਇਕ ਸਾਥੀ ਨੂੰ ਗੰਢ ਲਿਆ ਤੇ ਉਸ ਦੀ ਮੁਖ਼ਬਰੀ ਉੱਤੇ ਸ਼ਹਿਰ ਤੋਂ ਦੁਰੇਡੇ ਇੱਕ ਥਾਂ ਗ੍ਰਿਫ਼ਤਾਰ ਕੀਤਾ। ਤਫ਼ਤੀਸ਼ ਦੌਰਾਨ ਕੁੱਟ-ਮਾਰ ਤੋਂ ਇਲਾਵਾ ਉਸ ਦੀਆਂ ਮੁੱਛਾਂ ਦਾ ਇਕੱਲਾ-ਇਕੱਲਾ ਵਾਲ ਪੁੱਟਿਆ ਗਿਆ। ਇਸ ਅੰਨ੍ਹੇ-ਵਾਹ ਕੀਤੇ ਗਏ ਕੁਟਾਪੇ ਤੋਂ ਬਾਅਦ ਹੁਣ ਉਸਨੂੰ ਮੇਰੇ ਨਾਲ ਵਾਲੀ ਹਵਾਲਾਤ ਵਿਚ



ਲਿਆਂਦਾ ਗਿਆ ਸੀ। ਅਜੇ ਉਸਦੀ ਤਫਤੀਸ਼ ਪੂਰੀ ਨਹੀਂ ਹੋਈ ਸੀ ਕਿ ਪੁਲਿਸ ਵਾਲੇ ਪ੍ਰਸਿੱਧ ਨਾਵਲਿਸਟ ਸ. ਨਾਨਕ ਸਿੰਘ ਦੇ ਭਤੀਜੇ ਨੂੰ ਗ੍ਰਿਫਤਾਰ ਕਰਕੇ ਲੈ ਆਏ। ਉਹ ਪੁਲਿਸ ਵਿਚ ਸਿਪਾਹੀ ਸੀ ਤੇ ਸਾਧੂ ਰਾਮ ਨੂੰ ਜੇਲ੍ਹ ਵਿਚੋਂ, ਜਿੱਥੇ ਉਹ ਹੋਰਨਾਂ ਕੇਸਾਂ ਵਿਚ ਬੰਦ ਸੀ, ਉਹ ਹੀ ਇਕ ਹੋਰ ਹਵਾਲਦਾਰ ਦੇ ਨਾਲ ਤਫਤੀਸ਼ ਲਈ ਲਿਆਇਆ ਸੀ। ਉਸਨੂੰ ਸਾਧੂ ਰਾਮ ਨੇ ਇਹ ਕਹਿ ਕੇ ਪਟਾਇਆ ਸੀ ਕਿ ਜੇ ਉਹ ਉਸ ਨੂੰ ਉਨ੍ਹਾਂ ਦਿਨਾਂ ਵਿਚ ਕਚਹਿਰੀ ਵਿਚ ਪੈਂਦੀਆਂ ਪੇਸ਼ੀਆਂ ਸਮੇਂ ਨੇੜੇ ਦੇ ਇਕ ਟਿਕਾਣੇ ਤੱਕ ਪਹੁੰਚਾ ਦੇਵੇ ਤਾਂ ਉਹ ਉਸਨੂੰ ਸੋਨੇ ਦੀ ਇੱਕ ਇੱਟ ਦੇ ਦੇਵੇਗਾ। ਡਾਕੇ ਤੋਂ ਬਾਅਦ ਇਨ੍ਹਾਂ ਇੱਟਾਂ ਦੇ ਸਾਧੂ ਰਾਮ ਕੋਲ ਹੋਣ ਬਾਰੇ ਉਸਨੂੰ ਪਤਾ ਸੀ। ਉਸਨੇ ਇਵੇਂ ਹੀ ਕੀਤਾ ਤੇ ਸਾਧੂ ਰਾਮ ਫਰਾਰ ਹੋ ਗਿਆ। ਇਹ ਪੁਲਿਸ ਲਈ ਬਹੁਤ ਵੱਡਾ ਚੈਲੰਜ ਸੀ। ਉਸ ਵੇਲੇ ਦਾ ਅੰਮ੍ਰਿਤਸਰ ਦਾ ਐਸ. ਪੀ. ਚੌਧਰੀ ਰਾਮ ਸਿੰਘ ਸੀ। ਜ਼ੁਰਮ ਦੀ ਸਰਕੋਬੀ ਦੇ ਮਾਮਲੇ ਵਿਚ ਉਸ ਦੀ ਭੱਲ ਬਣੀ ਹੋਈ ਸੀ। ਪੁਲਿਸ ਨੇ ਇੱਕ ਮਹੀਨੇ ਦੇ ਅੰਦਰ-ਅੰਦਰ ਸਾਧੂ ਰਾਮ ਨੂੰ ਗ੍ਰਿਫਤਾਰ ਕਰ ਲਿਆ ਤੇ ਹੁਣ ਸਿਵਲ ਲਾਈਨਜ਼ ਦੀ ਹਵਾਲਾਤ ਵਿਚ ਸੀ।

ਸ. ਨਾਨਕ ਸਿੰਘ ਦੇ ਭਤੀਜੇ ਦਾ ਇਹ ਕੁਦਰਤੀ ਯਤਨ ਸੀ ਕਿ ਉਹ ਤਫਤੀਸ਼ ਸਮੇਂ ਕੀਤੀ ਜਾਂਦੀ ਮਾਰ-ਕੁਟਾਈ ਤੋਂ ਬਚ ਜਾਵੇ। ਸਾਧੂ ਰਾਮ ਦਾ ਇਹ ਯਤਨ ਸੀ ਕਿ ਉਹ ਮਾਰ ਖਾ ਲਵੇ ਪਰ ਕੋਈ ਗੱਲ ਅਜਿਹੀ ਨਾ ਕਹੇ ਜਿਸ ਨਾਲ ਉਸਦੇ ਜੁਰਮ ਦੀ ਪੁਸ਼ਟੀ ਹੋਵੇ। ਸਾਧੂ ਰਾਮ ਨੇ ਮੈਨੂੰ ਕਿਹਾ ਕਿ ਇਸ ਨੂੰ ਕਹੋ ਕਿ ਤੂੰ ਦੋ ਦਿਨ ਕੁਟਾਪਾ ਸਹਿ ਲਿਆ ਹੈ, ਦੋ ਦਿਨਾਂ ਦੀ ਹੋਰ ਗੱਲ ਹੈ ਜੇ ਇਹ ਸਹਿ ਜਾਵੇ ਤਾਂ ਮੈਂ ਇਸਨੂੰ ਸੋਨੇ ਦੀ ਇੱਟ ਦੇਣ ਲਈ ਵਚਨਬੱਧ ਹਾਂ। ਤਫਤੀਸ਼ ਵਾਲਾ ਕਮਰਾ ਹਵਾਲਾਤ ਤੋਂ ਵੱਖਰਾ ਇੱਕ ਪਾਸੇ ਉੱਤੇ ਸੀ। ਸੰਬੰਧਿਤ ਅਫ਼ਸਰ ਤੇ ਸਿਪਾਹੀ ਦੋਸ਼ੀ ਨੂੰ ਲੈ ਜਾ ਕੇ ਉਸ ਕਮਰੇ ਵਿਚ ਮਾਰ-ਕੁਟਾਈ ਤੋਂ ਬਾਅਦ ਵਾਪਸ ਹਵਾਲਾਤ ਵਿਚ ਬੰਦ ਕਰ ਦਿੰਦੇ ਸਨ। ਸ. ਨਾਨਕ ਸਿੰਘ ਦਾ ਭਤੀਜਾ ਪੁਲਿਸ ਵਾਲਿਆਂ ਦੇ ਕਿਰਦਾਰ ਨੂੰ ਖੂਬ ਸਮਝਦਾ ਸੀ। ਉਸਨੇ ਤਫਤੀਸ਼ੀ ਅਫ਼ਸਰ ਨੂੰ ਰੁਪਏ ਦੀ ਪੇਸ਼ਕਸ਼ ਕੀਤੀ ਤਾਂ ਜੋ ਬੇਲੋੜੀ ਮਾਰ ਤੋਂ ਬਚ ਜਾਵੇ। ਪਰ ਅਫ਼ਸਰ ਉਸ ਰਕਮ ਨੂੰ ਥੋੜ੍ਹੀ ਸਮਝਦਾ ਸੀ ਤੇ ਵਧੇਰੇ ਦੀ ਮੰਗ ਕਰਦਾ ਸੀ। ਜਿਵੇਂ ਕਿਵੇਂ ਵੀ ਹੋਇਆ ਉਹ ਤਫਤੀਸ਼ ਲਈ ਹੋਰ ਸਮਾਂ ਹਵਾਲਾਤ ਵਿਚ ਨਾ ਰੱਖਿਆ ਗਿਆ ਤੇ ਜੇਲ੍ਹ ਭੇਜ ਦਿੱਤਾ ਗਿਆ।

ਸਾਧੂ ਰਾਮ ਨੇ ਦੱਸਿਆ ਕਿ ਜਦੋਂ ਉਸਨੂੰ ਪੇਸ਼ ਕਰਕੇ ਚੌਧਰੀ ਰਾਮ ਸਿੰਘ ਕੋਲ ਪੇਸ਼ ਕੀਤਾ ਗਿਆ ਤਾਂ ਉਸਨੇ ਚੌਧਰੀ ਦੇ ਪੈਰ ਫੜ ਲਏ ਤੇ ਮਿੰਨਤ ਕਰਦਿਆਂ ਕਿਹਾ ਕਿ ਜੇ ਮੈਂ ਤੁਹਾਡੇ ਹੱਥੋਂ ਮਾਰਿਆ ਜਾਵਾਂ ਤਾਂ ਇਸ ਤੋਂ ਚੰਗੀ ਗੱਲ ਮੇਰੇ ਲਈ ਹੋਰ ਕੋਈ ਨਹੀਂ ਹੋ ਸਕਦੀ। ਚੌਧਰੀ ਦੀ ਦਿਲਚਸਪੀ ਉਸਨੂੰ ਮਾਰਨ ਵਿਚ ਨਹੀਂ ਸੀ, ਉਸ ਤੋਂ ਸੋਨੇ ਦੇ ਡਾਕੇ ਦਾ ਇਕਬਾਲ ਕਰਾਉਣ ਦੀ ਸੀ। ਪਰ ਸਾਧੂ ਰਾਮ ਮਾਰ ਖਾਂਦਾ ਰਿਹਾ, ਇਕਬਾਲੀ ਨਾ ਹੋਇਆ। ਪੁਲਿਸ ਨੇ ਉਸਨੂੰ ਵੀ ਜੇਲ੍ਹ ਭੇਜ ਦਿੱਤਾ। ਇਸੇ ਦੌਰਾਨ ਪੁਲਿਸ ਨੇ ਬਲਵੰਤ ਸਿੰਘ ਨਾਮੀ ਇਕ ਸਾਧਾਰਨ ਕਿਸਾਨ ਨੂੰ ਫੜਕੇ ਮੇਰੇ ਵਾਲੀ ਹਵਾਲਾਤ ਵਿਚ ਬੰਦ ਕਰ

ਦਿੱਤਾ। ਉਸ ਉੱਤੇ ਤਸ਼ੱਦਦ ਤਾਂ ਭਾਵੇਂ ਨਾ ਕੀਤਾ ਗਿਆ ਪਰ ਉਸਨੂੰ ਦਿੱਤੀ ਗਈ ਚਾਰਜ-ਸ਼ੀਟ ਵਿਚ ਇਹ ਗੰਭੀਰ ਦੋਸ਼ ਲਾਇਆ ਗਿਆ ਸੀ ਕਿ ਉਸਨੇ ਉਸ ਸਮੇਂ ਦੇ ਗ੍ਰਹਿ ਮੰਤਰੀ ਸਰਦਾਰ ਪਟੇਲ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਸੀ। ਹਾਲਾਤ ਦੀ ਸਿਤਮਜ਼ਰੀਫ਼ੀ ਇਹ ਸੀ ਕਿ ਉਸਨੇ ਸਰਦਾਰ ਪਟੇਲ ਦਾ ਨਾਂ ਵੀ ਨਹੀਂ ਸੁਣਿਆ ਸੀ। ਮੈਂ ਉਸਨੂੰ ਇਸ ਬੇਇਨਸਾਫ਼ੀ ਵਿਰੁੱਧ ਰੋਸ ਪ੍ਰਗਟ ਕਰਨ ਲਈ ਤਿਆਰ ਕਰ ਲਿਆ। ਉਸਨੇ ਭੁੱਖ ਹੜਤਾਲ ਕਰ ਦਿੱਤੀ ਤੇ ਲੋਕ ਜਾਗ੍ਰਿਤੀ ਵਜੋਂ ਨਾਲ ਹੀ ਮੈਂ ਵੀ ਭੁੱਖ ਹੜਤਾਲ ਕਰ ਦਿੱਤੀ। ਉਸ ਨੂੰ ਦਿੱਤੀ ਗਈ ਚਾਰਜ-ਸ਼ੀਟ ਵਾਂਗ ਮੇਰੇ ਵਿਰੁੱਧ ਜਾਰੀ ਕੀਤੀ ਗਈ ਚਾਰਜਸ਼ੀਟ ਵੀ ਸਰਾਸਰ ਝੂਠੀ ਸੀ। ਇਸ ਵਿਚ ਦਰਜ ਸੀ ਕਿ ਮੈਂ ਮਜ਼ਦੂਰਾਂ ਦੀ ਇਕ ਮੀਟਿੰਗ ਵਿਚ ਉਨ੍ਹਾਂ ਨੂੰ ਸਰਕਾਰ ਦਾ ਤਖ਼ਤਾ ਉਲਟਾ ਦੇਣ ਲਈ ਕਿਹਾ ਸੀ। ਹਕੀਕਤ ਕੇਵਲ ਇਹ ਸੀ ਕਿ ਮੈਂ ਸੈਂਟਰਲ ਵਰਕਸ਼ਾਪ ਦੇ ਮਜ਼ਦੂਰਾਂ ਦੀ ਇਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨਾਲ ਵਿਦਿਆਰਥੀਆਂ ਵਲੋਂ ਯਕਜਹਿਤੀ ਪ੍ਰਗਟ ਕੀਤੀ ਸੀ।

ਹਿਫਾਜ਼ਤੀ ਨਜ਼ਰਬੰਦੀ ਕਾਨੂੰਨ ਤਾਂ ਜਮਹੂਰੀਅਤ ਅਧੀਨ ਉਂਝ ਹੀ ਅਯੋਗ ਸੀ। ਪਰ ਇਸ ਦੀ ਸਭ ਤੋਂ ਮਾੜੀ ਗੱਲ ਇਹ ਸੀ ਕਿ ਚਾਰਜਸ਼ੀਟ ਵਿਚ ਦਿੱਤੇ ਗਏ ਤੱਥਾਂ ਦਾ ਦਰੁੱਸਤ ਹੋਣਾ ਜ਼ਰੂਰੀ ਨਹੀਂ ਸੀ। ਭਾਵ ਤੱਥ ਕੋਈ ਅਰਥ ਨਹੀਂ ਰੱਖਦੇ ਸਨ। ਕਾਨੂੰਨ ਦੀ ਸਾਰੀ ਟੇਕ ਇਸ ਗੱਲ ਉੱਤੇ ਸੀ ਕਿ ਜੇ ਤੱਥ ਠੀਕ ਹੋਣ ਤਾਂ ਕੀ ਦੋਸ਼ੀ ਸਜ਼ਾ ਦਾ ਭਾਗੀ ਹੈ ਜਾਂ ਨਹੀਂ। ਨਜ਼ਰਬੰਦੀ ਇੱਕ ਸਾਲ ਲਈ ਹੁੰਦੀ ਸੀ ਪਰ ਹਰ ਸਾਲ 31 ਮਾਰਚ ਤੋਂ ਕੁਝ ਦਿਨ ਪਹਿਲਾਂ ਇਸ ਨੂੰ ਇਕ ਹੋਰ ਸਾਲ ਲਈ ਵਧਾ ਦਿੱਤਾ ਜਾਂਦਾ ਸੀ। ਉਂਝ ਦੋਸ਼ੀ ਸੁਪਰੀਮ ਕੋਰਟ ਤੱਕ ਜਾ ਸਕਦਾ ਸੀ ਪਰ ਉਹ ਤੱਥਾਂ ਦੇ ਆਧਾਰ ਉੱਤੇ ਆਪਣਾ ਕੇਸ ਨਹੀਂ ਲੜ ਸਕਦਾ ਸੀ। ਉਹ ਕੇਵਲ ਇਹ ਕਹਿ ਸਕਦਾ ਸੀ ਕਿ ਨਜ਼ਰਬੰਦੀ ਕਾਨੂੰਨ ਅਧੀਨ ਉਸਨੂੰ ਕੈਦ ਰੱਖਣਾ ਅਯੋਗ ਹੈ।

ਬਲਵੰਤ ਸਿੰਘ ਦੀ ਤਫਤੀਸ਼ ਇੰਸਪੈਕਟਰ ਵਡੇਹਰਾ ਅਧੀਨ ਸੀ। ਭੁੱਖ ਹੜਤਾਲ ਬਾਰੇ ਪਤਾ ਲੱਗਣ ਉੱਤੇ ਉਹ ਥਾਣੇ ਆਇਆ ਤੇ ਹਵਾਲਾਤ ਕੋਲ ਆ ਕੇ ਉਸਨੂੰ ਸੰਬੋਧਨ ਕਰ ਕੇ ਕਹਿਣ ਲੱਗਾ ਕਿ ਤੇਰੀ ਤਾਂ ਖਲਾਸੀ ਹੋ ਜਾਣੀ ਸੀ ਪਰ ਇਸ ਬਿਮਾਰੀ ਨੇ ਇਹ ਹੋਣ ਨਹੀਂ ਦੇਣੀ। ਇਸ਼ਾਰਾ ਮੇਰੇ ਵੱਲ ਸੀ। ਮੈਂ ਆਪਣੇ ਉੱਪਰ ਲਈ ਰਜ਼ਾਈ ਹਟਾਈ ਤੇ ਉੱਠ ਕੇ ਪੂਰੇ ਜੋਸ਼ ਵਿਚ ਆ ਕੇ ਉਸਨੂੰ ਅੰਗਰੇਜ਼ੀ ਵਿਚ ਕਿਹਾ ਕਿ ਇਹ ਤੁਹਾਡਾ ਇਨਸਾਫ ਹੈ ਕਿ ਜਿਸ ਬੰਦੇ ਨੂੰ ਸਰਦਾਰ ਪਟੇਲ ਦਾ ਨਾਂ ਵੀ ਨਹੀਂ ਪਤਾ ਉਸਨੂੰ ਤੁਸੀਂ ਉਸ ਦੇ ਕਤਲ ਦੀ ਸਾਜਿਸ਼ ਦਾ ਦੋਸ਼ੀ ਕਹਿ ਕੇ ਜੇਲ੍ਹ ਵਿਚ ਬੰਦ ਕਰਦੇ ਹੋ? ਵਡੇਹਰਾ ਪੂਰੀ ਅਫਸਰੀ ਸ਼ਾਨ ਵਿਚ ਸੀ। ਵਧੀਆ ਕੰਬੀਨੇਸ਼ਨ ਸੂਟ ਪਾਇਆ ਹੋਇਆ ਸੀ ਤੇ ਸਿਰ ਉੱਤੇ ਹੈਟ ਸੀ ਜੋ ਉਸ ਸਮੇਂ ਅਫ਼ਸਰ ਲੋਕ ਆਮ ਹੀ ਪਾਇਆ ਕਰਦੇ ਸਨ। ਉਹ ਠਠੰਬਰ ਗਿਆ ਤੇ ਬੁੜ-ਬੁੜ ਕਰਦਾ ਹੋਇਆ ਚਲਾ ਗਿਆ। ਪਰ ਬਲਵੰਤ ਸਿੰਘ ਉੱਤੇ ਇਸ ਦਾ ਅਸਰ ਇਹ ਹੋਇਆ ਕਿ ਉਸਨੇ ਭੁੱਖ ਹੜਤਾਲ ਛੱਡ ਦਿੱਤੀ ਤੇ ਖਾਣਾ ਖਾ ਲਿਆ। ਉਸ ਹਾਲਤ ਵਿਚ ਜਦੋਂ ਮੈਂ ਇਹ ਕਦਮ ਯਕਜਹਿਤੀ ਵਜੋਂ ਚੁੱਕ ਰਿਹਾ ਸਾਂ, ਮੇਰੀ ਭੁੱਖ ਹੜਤਾਲ ਦੀ



ਕੋਈ ਤੁਕ ਨਹੀਂ ਬਣਦੀ ਸੀ। ਉਸ ਦਿਨ ਇਹ ਚੌਥਾ ਦਿਨ ਸੀ। ਰਾਤ ਨੂੰ ਸੌਣ ਲੱਗਿਆਂ ਉਹ ਕਹਿਣ ਲੱਗਾ ਕਿ ਮੈਂ ਹੱਕ ਤਾਂ ਨਹੀਂ ਰੱਖਦਾ ਪਰ ਜੇ ਆਗਿਆ ਦਿਓ ਤਾਂ ਮੈਂ ਅੱਜ ਦੀ ਰਾਤ ਵੀ ਤੁਹਾਡੇ ਵਾਲੇ ਬਿਸਤਰੇ ਵਿਚ ਕੱਟ ਲਵਾਂ। ਉਸਦੇ ਆਪਣੇ ਵਾਰਿਸਾਂ ਨੇ ਅਜੇ ਉਸਨੂੰ ਬਿਸਤਰਾ ਨਹੀਂ ਭਿਜਵਾਇਆ ਸੀ। ਤੇ ਤਫਤੀਸ਼ੀ ਅਫ਼ਸਰ ਇਸ ਬਾਰੇ ਲਾਪ੍ਰਵਾਹ ਸੀ। ਅਗਲੇ ਦਿਨ ਪੁਲਿਸ ਵਾਲੇ ਉਸਨੂੰ ਹਵਾਲਾਤ ਵਿਚੋਂ ਲੈ ਗਏ। ਇਹ ਪਤਾ ਨਾ ਲੱਗ ਸਕਿਆ ਕਿ ਉਸਨੂੰ ਕਿੱਥੇ ਲੈ ਗਏ ਤੇ ਉਸ ਨਾਲ ਕਿਵੇਂ ਬੀਤੀ ਹੈ।

ਮੇਰੀ ਹਵਾਲਾਤ ਵਿਚ ਦੋ ਜਾਂ ਤਿੰਨ ਘਟੀਆ ਕਿਸਮ ਦੇ ਕੰਬਲ ਸਨ। ਮੈਨੂੰ ਮੇਰੇ ਸਾਥੀਆਂ ਵਲੋਂ ਬਿਸਤਰਾ ਪਹੁੰਚਾਉਣ ਤੋਂ ਪਹਿਲਾਂ ਕੁਝ ਰਾਤਾਂ ਮੈਨੂੰ ਇਨ੍ਹਾਂ ਵਿਚ ਕੱਟਣੀਆਂ ਪਈਆਂ। ਇਨ੍ਹਾਂ ਤੋਂ ਜੂੰਆਂ ਤੇ ਖੁਰਕ ਦੀ ਸੁਗਾਤ ਮਿਲੀ। ਅਜਿਹੀਆਂ ਜੂੰਆਂ ਕਦੇ ਜ਼ਿੰਦਗੀ ਵਿਚ ਨਹੀਂ ਵੇਖੀਆਂ ਸਨ, ਨਾ ਪਹਿਲਾਂ ਨਾ ਪਿਛੋਂ। ਇਹ ਬੈਜ਼ਵੀ ਸ਼ਕਲ ਦੀਆਂ ਤੇ ਸਫ਼ੈਦ ਸਨ ਤੇ ਸਾਧਾਰਨ ਜੂੰਆਂ ਨਾਲੋਂ ਦੁੱਗਣੀਆਂ ਲੰਮੀਆਂ। ਜਦੋਂ ਮੈਨੂੰ ਅੰਬਾਲੇ ਦੀ ਸੈਂਟਰਲ ਜੇਲ੍ਹ ਵਿਚ ਭੇਜਿਆ ਗਿਆ ਤਾਂ ਸਾਥੀਆਂ ਨੇ 'ਸਕੇਬੀਮਾਇਲ' ਨਾਂਅ ਦਾ ਤੇਲ ਮੰਗਵਾ ਕੇ ਦਿੱਤਾ ਸੀ। ਜਿਸਦੀ ਵਰਤੋਂ ਨਾਲ ਸਹਿਜੇ-ਸ਼ਹਿਜੇ ਖਾਰਿਸ਼ ਖ਼ਤਮ ਹੋ ਗਈ।

ਹਵਾਲਾਤਾਂ ਦਾ ਇੰਚਾਰਜ ਤੇ ਥਾਣੇ ਦਾ ਹਵਾਲਦਾਰ ਦਰਸ਼ਨ ਸਿੰਘ ਸਵੇਰੇ ਸਭ ਤੋਂ ਪਹਿਲਾਂ ਥਾਣੇ ਆਉਂਦਾ ਤੇ ਸਲਾਮ-ਦੁਆ ਤੋਂ ਬਾਅਦ ਸ਼ੱਕ ਵਿਚ ਸੁੱਟੇ ਗਏ ਕਿਸੇ ਮੁਸ਼ਤਬੇ ਨੂੰ ਇਕ ਰਿਕਸ਼ਾ ਖਿੱਚ ਕੇ ਮੇਰੀ ਹਵਾਲਾਤ ਦੇ ਸਾਹਮਣੇ ਪਰ ਜ਼ਰਾ ਕੁ ਹਟਵੇਂ, ਖੜ੍ਹਾ ਕਰਨ ਲਈ ਕਹਿੰਦਾ ਤੇ ਫਿਰ ਉਸ ਉੱਤੇ ਚੜ੍ਹਕੇ ਬੈਠ ਜਾਂਦਾ। ਧੁੱਪ ਸੇਕਦਾ ਹੋਇਆ ਉਹ ਮੈਨੂੰ ਆਪਣੇ ਨਾਲ ਲਿਆਂਦੀ ਮੌਲਾਨਾ ਆਜ਼ਾਦ ਦੀ ਪ੍ਰਸਿੱਧ ਪੁਸਤਕ 'ਗ਼ੁਬਾਰ-ਏ-ਖ਼ਾਤਿਰ' ਵਿਚੋਂ ਪੜ੍ਹਕੇ ਸੁਣਾਉਂਦਾ। ਉਹ ਉਰਦੂ ਜ਼ੁਬਾਨ ਦਾ ਦਿਲਦਾਨਾ ਸੀ। ਉਹ ਮੌਲਾਨਾ ਆਜ਼ਾਦ ਦੇ ਇਕ-ਇਕ ਫ਼ਿਕਰੇ ਵੱਲ ਮੇਰਾ ਧਿਆਨ ਦਿਵਾਉਂਦਾ ਤੇ ਖ਼ੁਦ ਅਸ਼-ਅਸ਼ ਕਰਦਾ। ਉਸਦਾ ਇਹ ਨਿਤਨੇਮ ਓਨੀ ਦੇਰ ਤੱਕ ਚੱਲਦਾ ਰਹਿੰਦਾ ਜਦੋਂ ਤਕ ਕਿ ਥਾਣੇ ਦੇ ਵੱਡੇ ਅਫਸਰ ਨਾ ਆ ਜਾਂਦੇ। ਫਿਰ ਉਹ ਅਫ਼ਸਰਾਂ ਦੇ ਹੁਕਮਾਂ ਅਨੁਸਾਰ ਰੁਟੀਨ ਦੇ ਕੰਮਾਂ ਵਿਚ ਰੁੱਝ ਜਾਂਦਾ। ਸਮਕਾਲੀ ਰਾਜਨੀਤੀ ਬਾਰੇ ਗੱਲ ਤੁਰਦੀ ਤਾਂ ਉਹ ਅਕਾਲੀ ਦਲ ਦੀ ਫ਼ਿਰਕੂ ਪਹੁੰਚ ਉੱਤੇ ਸੰਖੇਪ ਜਿਹੀ ਟਿੱਪਣੀ ਕਰ ਦਿੰਦਾ। ਉਹ ਮੇਰੇ ਨਾਲ ਰਾਜਨੀਤਿਕ ਸਵਾਲਾਂ ਬਾਰੇ ਚਰਚਾ ਵਿਚ ਨਾ ਪੈਂਦਾ ਪਰ ਉਸਦੀ ਧਰਮ-ਨਿਰਪੇਖ ਪਹੁੰਚ ਦਾ ਸੰਕੇਤ ਉਸ ਦੀਆਂ ਟਿੱਪਣੀਆਂ ਤੋਂ ਸਾਫ਼ ਝਲਕਦਾ ਸੀ। ਮੇਰੀਆਂ ਭੁੱਖ ਹੜਤਾਲਾਂ ਸਮੇਂ ਉਸਨੇ ਕੋਈ ਦਿਲਚਸਪੀ ਨਾ ਵਿਖਾਈ ਤੇ ਨਾ ਹੀ ਇਨ੍ਹਾਂ ਵਿਚ ਕੋਈ ਦਖ਼ਲ ਦੇਣ ਦਾ ਕੋਈ ਯਤਨ ਕੀਤਾ। ਉਹ ਠੀਕ ਹੀ ਸਮਝਦਾ ਸੀ ਕਿ ਇਹ ਕੰਮ ਮੇਰੇ ਤੇ ਮੈਨੂੰ ਨਜ਼ਰਬੰਦੀ ਕਰਨ ਵਾਲਿਆਂ ਵਿਚਕਾਰ ਸੀ।

ਮੇਰੀ ਗ੍ਰਿਫਤਾਰੀ ਤੋਂ ਛੇਤੀ ਬਾਅਦ ਹੀ ਮੇਰੇ ਭਾਬੀ ਜੀ ਭਾਵ ਮੇਰੀ ਮਾਤਾ ਜੀ ਮੇਰੀ ਮੁਲਾਕਾਤ ਲਈ ਅੰਮ੍ਰਿਤਸਰ ਪਹੁੰਚ ਗਏ। ਮੁਲਾਕਾਤ ਵਿਚ ਕੋਈ ਅੜਚਨ ਨਾ ਆਈ। ਥਾਣੇ ਦੇ ਮੁਖੀ ਇੰਸਪੈਕਟਰ ਨੇ ਆਪਣੇ ਕਮਰੇ ਵਿਚ ਜਿੱਥੇ ਸੋਫ਼ੇ ਲੱਗੇ ਹੋਏ ਸਨ। ਸਾਨੂੰ

ਬਿਠਾ ਦਿੱਤਾ। ਹਵਾਲਾਤ ਵਿਚੋਂ ਕੱਢਣ ਲੱਗਿਆਂ ਸਾਨੂੰ ਹੱਥਕੜੀ ਲਾ ਦਿੱਤੀ ਗਈ। ਉਸ ਸਮੇਂ ਮੈਂ ਉੱਚੀ-ਉੱਚੀ ਨਾਅਰੇ ਲਗਾਏ। ਅਚਨਚੇਤ ਭਾਬੀ ਜੀ ਦੀ ਨਜ਼ਰ ਮੇਰੀ ਹੱਥਕੜੀ ਉੱਤੇ ਪਈ ਤੇ ਉਹ ਵੇਖ ਕੇ ਰੋਣ ਲੱਗ ਪਏ। ਮੈਂ ਉਹਨਾਂ ਨੂੰ ਜੇਰਾ ਕਰਨ ਲਈ ਕਿਹਾ ਤੇ ਨਾਲ ਹੀ ਕਿਹਾ ਕਿ ਮੈਂ ਕੈਦ ਵਿਚ ਹਾਂ। ਹੱਥਕੜੀ ਲੱਗਣੀ ਤਾਂ ਕੁਦਰਤੀ ਹੈ। ਅਸੀਂ ਤਕਰੀਬਨ ਪੌਣਾ ਘੰਟਾ ਬੈਠੇ ਦੁੱਖ-ਸੁੱਖ ਸਾਂਝੇ ਕਰਦੇ ਰਹੇ। ਮੈਂ ਬਾਹਰ ਵਾਲਿਆਂ ਦਾ, ਫਸਲ-ਬਾੜੀ ਦਾ ਤੇ ਹੋਰ ਇਧਰ-ਉਧਰ ਦਾ ਹਾਲ ਪੁੱਛਦਾ ਰਿਹਾ। ਮੈਂ ਉਹਨਾਂ ਨੂੰ ਇਹ ਭਰੋਸਾ ਵੀ ਦਿੱਤਾ ਕਿ ਮੇਰੀ ਜੇਲ੍ਹ ਦੀ ਮਿਆਦ ਲੰਮੀ ਨਹੀਂ ਹੋਵੇਗੀ ਤੇ ਮੈਂ ਛੇਤੀ ਹੀ ਫਿਰ ਬਾਹਰ ਆ ਜਾਵਾਂਗਾ। ਇਸ ਤੋਂ ਅਗਲੀ ਮੁਲਾਕਾਤ ਅੰਬਾਲਾ ਜੇਲ੍ਹ ਵਿਚ ਹੋਈ, ਜਿੱਥੇ ਉਹ ਨੇਮ ਨਾਲ ਹਰ ਮਹੀਨੇ ਆਉਂਦੇ ਰਹੇ।

ਅਰਜਨ ਸਿੰਘ ਨੇ ਮੇਰੀ ਤਫਤੀਸ਼ ਦੌਰਾਨ ਮੈਨੂੰ ਧਮਕੀ ਦਿੱਤੀ ਸੀ ਕਿ ਸੀ. ਆਈ. ਡੀ. ਜਿੰਨਾ ਚਿਰ ਚਾਹੇ ਮੈਨੂੰ ਹਵਾਲਾਤ ਵਿਚ ਰੱਖ ਸਕਦੀ ਹੈ। ਮੈਂ ਉਸਦੇ ਸਵਾਲਾਂ ਦਾ ਜਵਾਬ ਦੇਣ ਸਮੇਂ ਲੋੜੀਂਦੇ ਸੰਕੋਚ ਤੋਂ ਕੰਮ ਲੈ ਰਿਹਾ ਸਾਂ, ਉਸ ਦੀ ਮਰਜ਼ੀ ਅਨੁਸਾਰ ਮਿਲਵਰਤਣ ਨਹੀਂ ਦੇ ਰਿਹਾ ਸਾਂ। ਉਸਦੇ ਰਵੱਈਏ ਤੋਂ ਮੈਨੂੰ ਲੱਗਾ ਕਿ ਮੈਨੂੰ ਹਵਾਲਾਤ ਦੇ ਨਰਕੀ ਜੀਵਨ ਵਿਚ ਹੋਰ ਸਮਾਂ ਰਹਿਣਾ ਪੈ ਸਕਦਾ ਹੈ। ਇਸ ਲਈ ਮੈਂ ਤਿੰਨ ਮਹੀਨੇ ਪੂਰੇ ਹੋਣ ਤੋਂ ਪਹਿਲਾਂ ਹੀ ਫਿਰ ਭੁੱਖ ਹੜਤਾਲ ਕਰ ਦਿੱਤੀ। ਮੈਨੂੰ ਅੰਮ੍ਰਿਤਸਰ ਜੇਲ੍ਹ ਵਿਚ ਭੇਜ ਦਿੱਤਾ ਗਿਆ। ਉਸ ਦਿਨ ਮੇਰੀ ਭੁੱਖ ਹੜਤਾਲ ਦਾ ਨੌਂਵਾਂ ਦਿਨ ਸੀ। ਜੇਲ੍ਹ ਵਿਚ ਪਹੁੰਚ ਕੇ ਮੈਂ ਭੁੱਖ ਹੜਤਾਲ ਛੱਡ ਦਿੱਤੀ ਪਰ ਜੇਲ੍ਹ ਦੇ ਖਾਣੇ ਨੇ ਮੇਰਾ ਪੇਟ ਖਰਾਬ ਕਰ ਦਿੱਤਾ ਭਾਵੇਂ ਮੈਨੂੰ ਇੱਕ ਕੈਦੀ ਲਾਂਗਰੀ ਦਿੱਤਾ ਗਿਆ ਸੀ। ਇਥੇ ਮੈਨੂੰ ਸੱਤ ਦਿਨ ਰੱਖਿਆ ਗਿਆ। ਸਾਧੂ ਰਾਮ ਨੇ ਫਾਂਸੀ ਕੋਠੜੀ ਵਿਚ ਜਿੱਥੇ ਰੱਖਿਆ ਗਿਆ ਸੀ, ਮੈਨੂੰ ਮੇਰੇ ਲਾਂਗਰੀ ਰਾਹੀਂ ਸੁਨੇਹਾ ਭੇਜਿਆ ਕਿ ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਦੱਸਣਾ। ਓਥੇ ਸੱਚ-ਮੁਚ ਹੀ ਉਸਦੀ ਸਰਦਾਰੀ ਸੀ। ਇਹ ਵੀ ਸਾਡੇ ਜੇਲਖਾਨਿਆਂ ਦਾ ਇਕ ਦਸਤੂਰ ਹੈ ਕਿ ਜਿੱਡਾ ਵੱਡਾ ਜੁਰਮ ਕਿਸੇ ਨੇ ਕੀਤਾ ਹੋਵੇ ਓਨਾ ਹੀ ਉਸਦਾ ਰੁਅਬ ਮੰਨਿਆ ਜਾਂਦਾ ਹੈ। ਨਾ ਕੇਵਲ ਸਾਥੀ ਕੈਦੀਆਂ ਵਿਚ ਸਗੋਂ ਜੇਲ੍ਹ ਦੇ ਅਧਿਕਾਰੀਆਂ ਅਤੇ ਅਫ਼ਸਰਾਂ ਉੱਤੇ ਵੀ। ਮੈਂ ਲਾਂਗਰੀ ਹੱਥ ਵਾਪਸੀ ਜੁਆਬ ਵਿਚ ਉਸਦਾ ਸ਼ੁਕਰੀਆ ਕੀਤਾ ਤੇ ਉਸਨੂੰ ਤਸੱਲੀ ਦਿੱਤੀ ਕਿ ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ।

ਇਸ ਦੂਜੀ ਭੁੱਖ ਹੜਤਾਲ ਸਮੇਂ ਮੈਂ ਜੇਲ੍ਹ ਭੇਜੇ ਜਾਣ ਤੋਂ ਉਪਰੰਤ ਕੁਝ ਹੋਰ ਮੰਗਾਂ ਵੀ ਪੇਸ਼ ਕੀਤੀਆਂ ਸਨ। ਇਨ੍ਹਾਂ ਵਿਚ ਇਕ ਮੁੱਖ ਮੰਗ ਫੈਮਿਲੀ ਅਲਾਊਂਸ ਦੀ ਸੀ। ਇਹ ਮੰਨ ਲਈ ਗਈ ਤੇ ਮੇਰੀ ਭਾਬੀ ਜੀ ਨੂੰ ਪੰਜੀ ਰੁਪਏ ਮਹੀਨਾ ਅਲਾਂਉਸ ਜਾਰੀ ਹੋ ਗਿਆ ਜੋ ਉਨ੍ਹਾਂ ਵਕਤਾਂ ਵਿਚ ਨਿਗੂਣਾ ਨਹੀਂ ਸੀ। ਮੈਨੂੰ ਅੰਬਾਲਾ ਸੈਂਟਰਲ ਜੇਲ੍ਹ ਜਾ ਕੇ ਪਤਾ ਲੱਗਾ ਕਿ ਮੇਰੇ ਸਾਥੀ ਨਜ਼ਰਬੰਦਾਂ ਨੂੰ ਸਾਂਝੇ ਯਤਨਾਂ ਦੇ ਬਾਵਜੂਦ ਫੈਮਿਲੀ ਅਲਾਂਊਸ ਨਹੀਂ ਲੱਗਾ ਸੀ। ਜੇਲ੍ਹ ਤੋਂ ਰਿਹਾਈ ਤੋਂ ਬਾਅਦ ਮੈਂ ਬਾਕੀ ਨਜ਼ਰਬੰਦਾਂ ਨਾਲ ਅੰਮ੍ਰਿਤਸਰ ਗਿਆ ਸਾਂ ਜਿੱਥੇ ਸਭਨਾਂ ਦੇ ਸਵਾਗਤ ਲਈ ਇਕ ਵੱਡਾ ਸਮਾਗਮ ਜਲ੍ਹਿਆਂਵਾਲੇ ਬਾਗ ਵਿਚ ਕੀਤਾ



ਗਿਆ ਸੀ। ਉਸ ਫੇਰੀ ਵਿਚ ਜਾਂ ਉਸ ਤੋਂ ਮਗਰੋਂ ਮੈਂ ਸਾਧੂ ਰਾਮ ਦਾ ਪਤਾ ਕਰਨ ਦਾ ਕੋਈ ਯਤਨ ਨਾ ਕੀਤਾ। ਹਵਾਲਾਤ ਦੀ ਕੁਝ ਦਿਨਾਂ ਦੀ ਦੋਸਤੀ ਦੇ ਦੇਰ ਪਾਅ ਹੋਣ ਦਾ ਕੋਈ ਆਧਾਰ ਨਹੀਂ ਸੀ। ਦੋਹਾਂ ਦੀ ਦੁਨੀਆਂ ਵਿਚ ਕੁਝ ਵੀ ਸਾਂਝਾ ਨਹੀਂ ਸੀ।

ਅੰਬਾਲਾ ਜੇਲ੍ਹ ਵਿਚ ਉਸ ਸਮੇਂ ਪਾਰਟੀ ਦੇ ਵਰਕਰਾਂ ਦੀ ਵੱਡੀ ਗਿਣਤੀ ਇਕ ਬੈਰਕ ਵਿਚ ਨਜ਼ਰਬੰਦ ਸੀ। ਇਨ੍ਹਾਂ ਵਿਚ ਪਾਰਟੀ ਦੇ ਕੁਝ ਉੱਘੇ ਆਗੂ ਵੀ ਸਨ। ਪਾਰਟੀ ਸਾਥੀਆਂ ਨੇ ਕਾਮਰੇਡ ਹਜ਼ਾਰਾ ਸਿੰਘ 'ਹਮਦਮ' ਨੂੰ ਜੇਲ੍ਹ ਕਮੇਟੀ ਦਾ ਸਕੱਤਰ ਚੁਣਿਆ ਹੋਇਆ ਸੀ। ਉਹ ਗ੍ਰਿਫਤਾਰ ਹੋਣ ਤੋਂ ਪਹਿਲਾਂ ਲੁਧਿਆਣਾ ਜ਼ਿਲ੍ਹੇ ਦੀ ਪਾਰਟੀ ਦੇ ਸਕੱਤਰ ਸਨ। ਬਲਰਾਜ ਮਹਿਤਾ ਵੀ ਪਾਰਟੀ ਕਮੇਟੀ ਦੇ ਮੈਂਬਰ ਸਨ। ਕਮੇਟੀ ਦਾ ਤਰੀਕਾਕਾਰ ਢੁੱਕਵਾਂ ਸੀ ਤੇ ਲਾਭਕਾਰੀ ਵੀ। ਇਹ ਕਮੇਟੀ ਨਜ਼ਰਬੰਦਾਂ ਦੀਆਂ ਸਮੱਸਿਆਵਾਂ ਉੱਤੇ ਵਿਚਾਰ ਕਰਦੀ ਤੇ ਇਨ੍ਹਾਂ ਨੂੰ ਸੁਪਰਿਟੈਂਡੈਂਟ ਤੱਕ ਪਹੁੰਚਾਉਂਦੀ ਸੀ। ਹਫ਼ਤੇ ਵਿਚ ਇਕ ਵਾਰ ਸੁਪਰਿਟੈਂਡੈਂਟ ਆਪਣੇ ਸਾਰੇ ਲਾਮ-ਲਸ਼ਕਰ ਨਾਲ ਆਉਂਦਾ ਤੇ ਨਜ਼ਰਬੰਦਾਂ ਦੀ ਇਕ ਬੈਰਕ ਦੀ ਫੇਰੀ ਵੀ ਪਾਉਂਦਾ। ਜੇਲ੍ਹ ਕਮੇਟੀ ਵਲੋਂ ਕੀਤੇ ਗਏ ਪ੍ਰਬੰਧ ਅਨੁਸਾਰ ਅਖ਼ਬਾਰਾਂ ਪੜ੍ਹਕੇ ਸੁਣਾਉਣ ਦਾ ਕੰਮ ਮੇਰੇ ਜ਼ਿੰਮੇ ਸੀ। ਇਕ ਜਣੇ ਵਲੋਂ ਇਉਂ ਅਖ਼ਬਾਰਾਂ ਪੜ੍ਹਕੇ ਸੁਣਾਉਣ ਨਾਲ ਸਭ ਦਾ ਵਕਤ ਬਚਦਾ ਸੀ। ਅੰਗਰੇਜ਼ੀ ਅਖ਼ਬਾਰਾਂ ਵਧੇਰੇ ਸਾਥੀ ਪੜ੍ਹ ਨਹੀਂ ਸਕਦੇ ਸਨ। ਉਸ ਸਮੇਂ ਦੇਸ਼ ਦੇ ਹਾਲਾਤ ਉੱਤੇ ਵਿਚਾਰ ਵਟਾਂਦਰਾ ਵੀ ਹੋ ਜਾਂਦਾ ਸੀ। ਇਉਂ ਸਵੇਰ ਦਾ ਤਕਰੀਬਨ ਸਾਰਾ ਸਮਾਂ ਇਸ ਕੰਮ ਵਿਚ ਲੰਘ ਜਾਂਦਾ ਸੀ। ਜਿਸ ਦਿਨ ਸ੍ਰੀਮਤੀ ਸ਼ੀਲਾ ਮਹਿਤਾ ਬਲਰਾਜ ਦੀ ਮੁਲਾਕਾਤ ਲਈ ਆਉਂਦੇ, ਉਹ ਦਿਨ ਉਨ੍ਹਾਂ ਲਈ ਕਾਫ਼ੀ ਔਖਾ ਹੁੰਦਾ। ਮੁਲਾਕਾਤ ਤੋਂ ਬਾਅਦ ਉਹ ਲੰਮਾ ਸਮਾਂ ਆਪਣੇ ਬਿਸਤਰੇ ਵਿਚ ਪਏ ਰਹਿੰਦੇ। ਸ਼ੀਲਾ ਮਹਿਤਾ ਨਾਲ ਉਨ੍ਹਾਂ ਦੇ ਪਿਆਰ ਦੀ ਵਾਰਤਾ ਉਸ ਸਮੇਂ ਦੇ ਪੰਜਾਬੀ ਰਸਾਲਿਆਂ ਵਿਚ ਛਪੀਆਂ ਦੋ ਕਹਾਣੀਆਂ ਦਾ ਆਧਾਰ ਬਣੀ ਸੀ। ਇਕ ਕਹਾਣੀ ਪ੍ਰੋ. ਸੰਤ ਸਿੰਘ ਸੇਖੋਂ ਨੇ ਲਿਖੀ ਸੀ ਤੇ ਦੂਜੀ ਟਰੇਡ ਯੂਨੀਅਨ ਆਗੂ ਨਰਿੰਦਰ ਸ਼ਰਮਾ ਨੇ। ਬਲਰਾਜ ਦੀ ਗ੍ਰਿਫਤਾਰੀ ਉਸ ਸਮੇਂ ਹੋਈ ਸੀ, ਜਦੋਂ ਉਹ ਸ਼ੀਲਾ ਮਹਿਤਾ ਨੂੰ ਮਿਲਣ ਹਸਪਤਾਲ ਚਲੇ ਗਏ ਸਨ ਜਿੱਥੇ ਉਹ ਇਲਾਜ ਲਈ ਦਾਖਲ ਸਨ। ਪੁਲਿਸ ਨਿਗਾਹ ਰੱਖ ਰਹੀ ਸੀ ਪਰ ਮਹਿਤਾ ਫਿਰ ਵੀ ਚਲੇ ਗਏ ਤੇ ਗ੍ਰਿਫਤਾਰ ਕਰ ਲਏ ਗਏ। ਪਾਰਟੀ ਲੀਡਰਸ਼ਿਪ ਵਲੋਂ ਉਨ੍ਹਾਂ ਦੇ ਇਸ ਕਦਮ ਦੀ ਸਖ਼ਤ ਨੁਕਤਾਚੀਨੀ ਕੀਤੀ ਗਈ ਤੇ ਉਨ੍ਹਾਂ ਵਿਰੁੱਧ ਜ਼ਾਬਤੇ ਦੀ ਕਾਰਵਾਈ ਵੀ ਕੀਤੀ ਗਈ।

ਨਜ਼ਰਬੰਦੀ ਦੇ ਕੇਸਾਂ ਦੀ ਪੈਰਵੀ ਕਰਨ ਲਈ ਸੁਪਰੀਮ ਕੋਰਟ ਨੂੰ 'ਹੇਬੀਅਸ ਕਾਰਪੱਸ' ਅਧੀਨ ਦਿੱਤੀਆਂ ਜਾਂਦੀਆਂ ਦਰਖਾਸਤਾਂ ਵੀ ਬਲਰਾਜ ਮਹਿਤਾ ਹੀ ਤਿਆਰ ਕਰਦੇ ਸਨ। ਇਨ੍ਹਾਂ ਦੇ ਆਧਾਰ ਉੱਤੇ ਤਕਰੀਬਨ ਸਾਰੇ ਨਜ਼ਰਬੰਦਾਂ ਨੂੰ ਸੁਪਰੀਮ ਕੋਰਟ ਵਿਚ ਜਾ ਕੇ ਪੇਸ਼ ਹੋਣ ਦਾ ਮੌਕਾ ਮਿਲ ਜਾਂਦਾ ਸੀ। ਜਸਟਿਸ ਮਹਾਜਨ ਨੇ ਤਿੰਨ ਜਾਂ ਚਾਰ ਨਜ਼ਰਬੰਦਾਂ ਨੂੰ ਵਡੇਰੀ ਉਮਰ ਦੇ ਆਧਾਰ ਉੱਤੇ ਰਿਹਾਅ ਵੀ ਕਰ ਦਿਤਾ ਸੀ। ਪਰ ਬਾਕੀ ਨਜ਼ਰਬੰਦਾਂ ਦੀ ਰਿਹਾਈ ਅਦਾਲਤੀ ਫੈਸਲੇ ਨਾਲ ਨਹੀਂ ਹੋਈ ਸੀ। ਜੇਲ੍ਹ ਕਮੇਟੀ ਦੇ ਇਕ ਮੈਂਬਰ ਸ਼ਹੀਦ

ਭਗਤ ਸਿੰਘ ਦੇ ਸਾਥੀ ਪੰਡਿਤ ਕਿਸ਼ੋਰੀ ਲਾਲ ਸਨ। ਉਨ੍ਹਾਂ ਨਾਲ ਮੇਰੀ ਪਹਿਲੀ ਮੁਲਾਕਾਤ ਸੁਪਰੀਮ ਕੋਰਟ ਵਿਚ ਪੇਸ਼ੀ ਸਮੇਂ ਹੋਈ ਸੀ। ਉਸ ਮੌਕੇ ਉਹ ਯੋਲ ਕੈਂਪ ਜੇਲ੍ਹ ਤੋਂ ਆਏ ਸਨ। ਛੇਤੀ ਬਾਅਦ ਹੀ ਉਹ ਅੰਬਾਲਾ ਜੇਲ੍ਹ ਵਿਚ ਤਬਦੀਲ ਕਰ ਦਿੱਤੇ ਗਏ ਸਨ। ਜੇਲ੍ਹ ਵਿਚ ਅਸਾਂ 23 ਮਾਰਚ ਦਾ ਸ਼ਹੀਦੀ ਦਿਨ ਮਨਾਇਆ। ਪ੍ਰਧਾਨਗੀ ਕੁਦਰਤੀ ਤੌਰ ਤੇ ਪੰਡਿਤ ਜੀ ਨੇ ਕਰਨੀ ਸੀ। ਸਮਾਗਮ ਦੇ ਅਖ਼ੀਰ ਉੱਤੇ ਉਨ੍ਹਾਂ ਆਪਣੇ ਭਾਸ਼ਣ ਵਿਚ ਕਿਹਾ ਕਿ ਬੇਸ਼ੱਕ ਭਗਤ ਸਿੰਘ ਤੇ ਉਸਦੇ ਸਾਥੀਆਂ ਦੀ ਕੁਰਬਾਨੀ ਮਹਾਨ ਹੈ ਪਰ ਤੁਹਾਡੀ ਕੁਰਬਾਨੀ ਵੀ ਘੱਟ ਨਹੀਂ। ਉਨ੍ਹਾਂ ਦਾ ਇਹ ਥਾਪੜਾ ਜ਼ਿੰਦਗੀ ਭਰ ਨਹੀਂ ਭੁੱਲਿਆ। ਉਹ ਚੌਪੜ ਦੀ ਖੇਡ ਦੇ ਡਾਢੇ ਸ਼ੌਕੀਨ ਸਨ। ਅਖ਼ਬਾਰਾਂ ਪੜ੍ਹਨ ਦੇ ਕੰਮ ਤੋਂ ਵਿਹਲੇ ਹੋ ਕੇ ਉਹ ਚੌਪੜ ਨੂੰ ਕੱਛੇ ਮਾਰ ਕੇ ਨਿਕਲਦੇ ਤੇ ਨਿਸ਼ਚਿਤ ਥਾਂ ਉੱਤੇ ਲਿਆ ਵਿਛਾਉਂਦੇ। ਚਾਲ ਚੱਲਦਿਆਂ ਜਦੋਂ ਉਨ੍ਹਾਂ ਦੀ ਨਜ਼ਰ ਟਿਕਾਣੇ ਪੈਂਦੀ ਤਾਂ ਪੂਰੇ ਜੋਸ਼ ਨਾਲ ਆਪਣੀ ਸਫਲਤਾ ਦਾ ਐਲਾਨ ਕਰਦੇ ਤੇ ਆਪਣੇ ਵਿਰੋਧੀ ਨੂੰ ਲਲਕਾਰਦੇ। ਉਨ੍ਹਾਂ ਦੇ ਮੁਕੱਦਮੇ ਵਾਲੇ ਕਾਮਰੇਡ ਅਜੈ ਘੋਸ਼ ਨੇ ਜੋ ਮਗਰੋਂ ਭਾਰਤੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਬਣੇ। ਉਨ੍ਹਾਂ ਬਾਰੇ ਲਿਖਿਆ ਸੀ ਕਿ ਇਸ ਸਾਧਾਰਨ ਨਜ਼ਰ ਆਉਂਦੇ ਇਨਸਾਨ ਕੋਲ ਪਹਾੜ ਨਾਲ ਟਕਰਾਉਣ ਦਾ ਜਿਗਰਾ ਹੈ। ਉਮਰ ਕੈਦ ਕੱਟਣ ਤੋਂ ਬਾਅਦ ਪਾਰਟੀ ਵਿਚ ਸਰਗਰਮ ਭੂਮਿਕਾ ਨਿਭਾਉਂਦੇ ਹੋਏ ਤੇ ਜ਼ਿੰਮੇਵਾਰ ਅਹੁਦਿਆਂ ਉੱਤੇ ਕੰਮ ਕਰਦਿਆਂ ਉਹ ਕੁਰਬਾਨੀ ਦਾ ਕੋਈ ਮੌਕਾ ਨਹੀਂ ਗਵਾਉਂਦੇ ਸਨ। ਗੋਆ ਦੇ ਮੁਕਤੀ ਅੰਦੋਲਨ ਸਮੇਂ ਉਨ੍ਹਾਂ ਸ਼ਹੀਦੀ ਜਥੇ ਵਿਚ ਜਾਣ ਦੀ ਪੇਸ਼ਕਸ਼ ਕੀਤੀ ਤੇ ਜਥੇ ਨਾਲ ਗੋਆ ਪਹੁੰਚ ਗਏ। ਉਥੇ ਪੁਰਤਗੇਜ਼ੀ ਫੌਜ ਵਲੋਂ ਗੋਲੀਆਂ ਚਲਾਉਣ ਕਾਰਨ ਪੰਜਾਬ ਦੇ ਨੌਜਵਾਨ ਕਰਨੈਲ ਸਿੰਘ ਈਸੜੂ ਸ਼ਹੀਦ ਹੋ ਗਏ। ਜੱਥੇ ਦੇ ਵਾਪਿਸ ਆਉਣ ਉੱਤੇ ਪੰਡਿਤ ਜੀ ਨੇ ਕਰਨੈਲ ਸਿੰਘ ਦੀਆਂ ਅਸਥੀਆਂ ਦੇ ਕਲਸ਼ ਨੂੰ ਲੈ ਕੇ ਪੰਜਾਬ ਦੇ ਸਾਰੇ ਵੱਡੇ ਸ਼ਹਿਰਾਂ ਵਿਚ ਪਾਰਟੀ ਵਲੋਂ ਕੀਤੇ ਗਏ ਜਲਸਿਆਂ ਨੂੰ ਸੰਬੋਧਨ ਕੀਤਾ ਸੀ। ਪੰਡਿਤ ਜੀ ਬਾਰੇ ਕੁਝ ਹੋਰ ਗੱਲਾਂ ਵੀ ਭੁੱਲਣ ਵਾਲੀਆਂ ਨਹੀਂ। ਉਨ੍ਹਾਂ ਦੱਸਿਆ ਕਿ ਜਦੋਂ ਲਾਹੌਰ ਪੜ੍ਹਦਿਆਂ ਉਨ੍ਹਾਂ ਇਨਕਲਾਬੀ ਸਰਗਰਮੀਆਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ ਉਹ ਛੁੱਟੀਆਂ ਹੋਣ ਉੱਤੇ ਪਿੰਡ ਗਏ ਪਰ ਉਨ੍ਹਾਂ ਦੇ ਮਾਤਾ ਜੀ ਨੇ ਉਨ੍ਹਾਂ ਨੂੰ ਜੀ-ਆਇਆਂ ਕਹਿਣ ਦੀ ਥਾਂ ਘਰ ਦੀ ਦਹਿਲੀਜ਼ ਉੱਤੇ ਹੀ ਕਹਿ ਦਿੱਤਾ ਕਿ ਜਿਥੋਂ ਆਇਆ ਹੈਂ, ਉਥੇ ਹੀ ਜਾਹ। ਉਹ ਲਾਹੌਰ ਪਰਤ ਆਏ ਤੇ ਮੁੜ ਕੇ ਘਰ ਵੱਲ ਕਦੇ ਮੂੰਹ ਨਾ ਕੀਤਾ। ਉਨ੍ਹਾਂ ਇਹ ਵੀ ਦੱਸਿਆ ਕਿ ਜਦੋਂ ਉਹ ਲਾਹੌਰ ਸਾਜਿਸ਼ ਕੇਸ ਵਿਚ ਗ੍ਰਿਫਤਾਰ ਕਰ ਲਏ ਗਏ ਤਾਂ ਤਫਤੀਸ਼ ਦੌਰਾਨ ਪੁਲਿਸ ਅਫ਼ਸਰ ਨਾਲ ਉਲਝ ਪਏ। ਗੁੱਸੇ ਵਿਚ ਆ ਕੇ ਉਨ੍ਹਾਂ ਹੱਥਕੜੀ ਨਾਲ ਅਫ਼ਸਰ ਉੱਤੇ ਵਾਰ ਕੀਤਾ। ਉਨ੍ਹਾਂ ਦੇ ਦੱਸਣ ਅਨੁਸਾਰ ਪੁਲਿਸ ਵਾਲਿਆਂ ਨੇ ਉਨ੍ਹਾਂ ਨੂੰ ਐਨਾ ਮਾਰਿਆ ਕਿ ਉਹ ਬੇਹੋਸ਼ ਹੋ ਗਏ।

ਨਜ਼ਰਬੰਦਾਂ ਵਿਚ ਇੱਕ ਸਾਥੀ ਪੰਡਤ ਗੌਰੀ ਸ਼ੰਕਰ ਸਨ। ਉਹ ਹੁਸ਼ਿਆਰਪੁਰ ਜ਼ਿਲ੍ਹੇ ਦੇ ਕਸਬੇ ਬੀਣੇਵਾਲ ਤੋਂ ਸਨ। ਉਹ ਗੇਰੂਏ ਕੱਪੜੇ ਪਾ ਕੇ ਰੱਖਦੇ ਤੇ ਆਪਣੇ ਬੈਠਣ ਦੀ ਥਾਂ



ਉੱਤੇ ਚਾਰੇ ਪਾਸੇ ਪਰਦੇ ਲਟਕਾ ਕੇ ਇਸਨੂੰ ਕੁਟੀਆ ਦਾ ਰੂਪ ਦੇ ਦਿੰਦੇ। ਉਹ ਚੜ੍ਹਦੀ ਜਵਾਨੀ ਵਿਚ ਇੱਕ ਇਨਕਲਾਬੀ ਗਰੁੱਪ ਵਿਚ ਸ਼ਾਮਲ ਹੋ ਗਏ ਸਨ। ਫਿਰ ਸਾਰੀ ਉਮਰ ਉਹ ਕਮਿਊਨਿਸਟ ਪਾਰਟੀ ਨਾਲ ਜੁੜੇ ਰਹੇ। ਜਦੋਂ ਸਰਕਾਰ ਵਲੋਂ ਤਸ਼ੱਦਦ ਦਾ ਦੌਰ ਸ਼ੁਰੂ ਹੋਇਆ ਤਾਂ ਉਹ ਹੋਰਨਾਂ ਦੇ ਨਾਲ ਗ੍ਰਿਫਤਾਰ ਕਰ ਲਏ ਗਏ। ਵਿਆਹ ਉਨ੍ਹਾਂ ਕਰਵਾਇਆ ਨਹੀਂ ਸੀ। ਬੇਨਿਆਜ਼ ਤੇ ਬੇਫ਼ਿਕਰ ਸਨ। ਉਹ ਕਲਾਸਕੀ ਸੰਗੀਤ ਦੇ ਮਦਾਹ ਸਨ ਤੇ ਜਦੋਂ ਲਤਾ ਮੰਗੇਸ਼ਕਰ ਦਾ ਗਾਣਾ ਕੰਨੀਂ ਪੈਂਦਾ ਤਾਂ ਕਹਿ ਉੱਠਦੇ ਸਨ ਕਿ ਇਸਨੂੰ ਗਾਉਣਾ ਕਿੱਥੋ ਆਉਂਦਾ ਹੈ।

ਨਜ਼ਰਬੰਦਾਂ ਵਿਚ ਉੱਘੇ ਪਾਰਟੀ ਆਗੂ ਅੱਛਰ ਸਿੰਘ ਛੀਨਾ ਵੀ ਸਨ। ਉਹ ਭਾਸ਼ਣ ਕਲਾ ਵਿਚ ਮਾਹਿਰ ਮੰਨੇ ਜਾਂਦੇ ਸਨ। ਕਿਹਾ ਜਾਂਦਾ ਸੀ ਕਿ ਜਿੰਨੇ ਸੁਖੇਨ ਢੰਗ ਨਾਲ ਉਹ ਪਾਰਟੀ ਦੀ ਨੀਤੀ ਦੀ ਲੋਕਾਂ ਵਿਚ ਵਿਆਖਿਆ ਕਰਦੇ ਸਨ, ਓਨੀ ਨਾਲ ਕੋਈ ਹੋਰ ਨਹੀਂ ਕਰ ਸਕਦਾ ਸੀ। ਉਹ ਲੱਕ ਨੂੰ ਚਾਦਰਾ ਬੰਨ੍ਹ ਕੇ ਰੱਖਦੇ ਸਨ ਤੇ ਪੱਗ ਇਉਂ ਬੰਨੀ ਹੁੰਦੀ ਸੀ ਜਿਵੇਂ ਮੰਡਾਸਾ ਮਾਰਿਆ ਹੋਵੇ। ਕੱਦ ਦਰਮਿਆਨਾ ਸੀ। ਉਨ੍ਹਾਂ ਨੂੰ ਵੇਖ ਕੇ ਇਹ ਕਿਆਸ ਕਰਨਾ ਔਖਾ ਸੀ ਕਿ ਉਹ ਬੰਦਾ ਅਮਰੀਕਾ ਵਿਚੋਂ ਪੜ੍ਹਕੇ ਆਇਆ ਹੈ ਤੇ ਰੂਸ ਸਮੇਤ ਕਈ ਦੇਸ਼ਾਂ ਦਾ ਗਮਨ ਕਰ ਚੁੱਕਾ ਹੈ। ਛੀਨਾ ਹੋਰਾਂ ਆਪਣੀ ਮਾਸਕੋ ਫੇਰੀ ਦੀ ਗੱਲ ਸੁਣਾਈ। ਦੂਜੀ ਸੰਸਾਰ ਜੰਗ ਦਾ ਸਮਾਂ ਸੀ। ਨਾਜ਼ੀ ਜਰਮਨੀ ਨੇ ਸੋਵੀਅਤ ਯੂਨੀਅਨ ਉੱਤੇ ਹਮਲਾ ਕਰ ਦਿੱਤਾ ਸੀ। ਉਸ ਸਮੇਂ ਇੱਕ ਫਾਸਿਸਟ ਵਿਰੋਧੀ ਕੁਲੀਸ਼ਨ ਹੋਂਦ ਵਿਚ ਆਈ ਸੀ। ਇਸ ਵਿਚ ਫਰਾਂਸ ਤੇ ਬਰਤਾਨੀਆਂ ਦੀਆਂ ਸਾਮਰਾਜੀ ਸਰਕਾਰਾਂ ਨੇ ਰੂਸ ਦਾ ਸਾਥ ਦਿੱਤਾ ਸੀ। ਰੂਸ ਨੇ ਇਸ ਜੰਗ ਨੂੰ 'ਪੀਪਲਜ਼ ਵਾਰ' ਕਿਹਾ ਸੀ। ਹਿੰਦੂਸਤਾਨੀ ਕਮਿਊਨਿਸਟਾਂ ਲਈ ਇਹ ਅਜ਼ਮਾਇਸ਼ ਦੀ ਘੜੀ ਸੀ। ਉਹ ਅਕਤੂਬਰ ਇਨਕਲਾਬ ਦੇ ਦਿਨਾਂ ਤੋਂ ਸੋਵੀਅਤ ਪ੍ਰਣਾਲੀ ਨੂੰ ਇੱਕ ਆਦਰਸ਼ਕ ਸਮਾਜਿਕ ਪ੍ਰਬੰਧ ਕਹਿੰਦੇ ਆਏ ਸਨ ਤੇ ਭਾਰਤ ਵਿਚ ਵੀ ਉਸੇ ਵਰਗਾ ਸਮਾਜ ਉਸਾਰਨ ਦਾ ਦਾਈਆ ਰੱਖਦੇ ਸਨ। ਜੇ ਹੁਣ ਵੀ ਉਹ ਸੋਵੀਅਤ ਯੂਨੀਅਨ ਦੀ ਹਮਾਇਤ ਜਾਰੀ ਰੱਖਦੇ ਤਾਂ ਭਾਰਤੀ ਅਵਾਮ ਵਿਚ ਉੱਠੀ ਸਾਮਰਾਜ ਵਿਰੋਧੀ ਭਾਵਨਾ ਨਾਲ ਇਹ ਗੱਲ ਮੇਲ ਨਹੀਂ ਖਾਂਦੀ ਸੀ। ਸੋਵੀਅਤ ਹਮਾਇਤ ਦੀ ਨੀਤੀ ਉੱਤੇ ਚੱਲਦਿਆਂ ਉਨ੍ਹਾਂ ਦਾ ਆਜ਼ਾਦੀ ਦੀ ਲਹਿਰ ਨਾਲੋਂ ਨਿਖੇੜਾ ਲਾਜ਼ਮੀ ਸੀ। ਇਸ ਸਵਾਲ ਉੱਤੇ ਸੋਵੀਅਤ ਨੀਤੀ ਨੂੰ ਸਮਝਣ ਤੇ ਭਾਰਤੀ ਪੁਜ਼ੀਸ਼ਨ ਦੀ ਵਜਾਹਤ ਕਰਨ ਦੇ ਖ਼ਿਆਲ ਨਾਲ ਕਾਮਰੇਡ ਛੀਨਾ ਗੁਪਤ ਤੌਰ ਉੱਤੇ ਮਾਸਕੋ ਗਏ ਸਨ। ਉਥੇ ਕਮਿਊਨਿਸਟ ਦੇ ਸੈਕਟਰੀ ਜਾਰਜੀ ਦਮਿਤਰੋਵ ਨਾਲ ਉਨ੍ਹਾਂ ਦੀ ਮੁਲਾਕਾਤ ਹੋਈ ਸੀ। ਦਮਿਤਰੋਵ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਇਸ ਸਮੇਂ ਸੋਵੀਅਤ ਯੂਨੀਅਨ ਹੀ ਦੁਨੀਆਂ ਦੀ ਮਜ਼ਦੂਰ ਜਮਾਤ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਜੇ ਇਹ ਹਾਰ ਗਿਆ ਤਾਂ ਮਜ਼ਦੂਰ ਜਮਾਤ ਦਾ ਅੰਦੋਲਨ ਲੰਮੇ ਸਮੇਂ ਲਈ ਪਿੱਛੇ ਪੈ ਜਾਵੇਗਾ। ਇਸ ਲਈ ਦੁਨੀਆਂ ਦੇ ਬਿਹਤਰ ਭਵਿੱਖ ਲਈ ਸੋਵੀਅਤ ਯੂਨੀਅਨ ਦੀ ਮਦਦ ਕਰਨਾ ਸਭਨਾਂ ਅਗਾਂਹਵਧੂ ਤੇ ਇਨਕਲਾਬੀ ਧਿਰਾਂ ਦਾ ਫਰਜ਼ ਹੈ। ਕਾਮਰੇਡ ਛੀਨਾ ਦੇ ਦੱਸਣ ਅਨੁਸਾਰ ਉਹ ਇਸ ਦਲੀਲ ਨਾਲ ਕਾਇਲ ਹੋ ਗਏ

ਸਨ। ਸੋਵੀਅਤ ਯੂਨੀਅਨ ਜਾਂਦਿਆਂ ਉਨ੍ਹਾਂ ਦੇ ਨਾਲ ਕਾਮਰੇਡ ਰਾਮ ਕਿਸ਼ਨ ਵੀ ਸਨ। ਰਾਹ ਵਿਚ ਆਸੂ ਦਰਿਆ ਪੈਂਦਾ ਸੀ। ਪਾਣੀ ਦਾ ਵਹਾਅ ਤੇਜ਼ ਹੋਣ ਕਾਰਨ ਰਾਮ ਕਿਸ਼ਨ ਦਰਿਆ ਨੂੰ ਪਾਰ ਨਾ ਕਰ ਸਕੇ ਤੇ ਰੁੜ੍ਹ ਗਏ। ਪਰ ਛੀਨਾ ਪਾਰ ਲੰਘਣ ਵਿਚ ਸਫਲ ਹੋ ਗਏ। ਇਥੇ ਇਹ ਦੱਸਣਾ ਪ੍ਰਸੰਗਿਕ ਹੋਵੇਗਾ ਕਿ 1951 ਵਿਚ ਭਾਰਤੀ ਕਮਿਊਨਿਸਟ ਪਾਰਟੀ ਦੇ ਆਗੂਆਂ ਦਾ ਇਕ ਡੈਲੀਗੇਸ਼ਨ ਗੁਪਤ ਤੌਰ ਉੱਤੇ ਮਾਸਕੋ ਜਾ ਕੇ ਸਟਾਲਿਨ ਨੂੰ ਮਿਲਿਆ ਸੀ ਤੇ ਉਸ ਦੀ ਮਦਦ ਨਾਲ ਇਸ ਨੇ ਪਾਰਟੀ ਦਾ ਨਵਾਂ ਪ੍ਰੋਗਰਾਮ ਤਿਆਰ ਕੀਤਾ ਸੀ। ਉਸ ਸਮੇਂ ਹੋਈ ਗੱਲਬਾਤ ਵਿਚ ਸਟਾਲਿਨ ਨੇ 'ਪੀਪਲਜ਼ ਵਾਰ' ਬਾਰੇ ਕਿਹਾ ਸੀ ਕਿ ਇਸ ਨਾਅਰੇ ਦਾ ਮਤਲਬ ਇਹ ਨਹੀਂ ਸੀ ਕਿ ਭਾਰਤੀ ਕਮਿਊਨਿਸਟ ਅੰਗਰੇਜ਼ ਹਕੂਮਤ ਦੇ ਵਿਰੋਧ ਦੀ ਨੀਤੀ ਤੋਂ ਪਿੱਛੇ ਹਟਦੇ।

ਸੁਪਰੀਮ ਕੋਰਟ ਦੀਆਂ ਪੇਸ਼ੀਆਂ ਸਮੇਂ ਦਿੱਲੀ ਦੀ ਜੇਲ੍ਹ ਵਿਚ ਕਾਫ਼ੀ ਦਿਨ ਰਹਿਣ ਦਾ ਮੌਕਾ ਮਿਲਿਆ। ਇਥੇ ਹੀ ਦਲਬੀਰ ਸਿੰਘ ਨਾਲ ਮੁਲਾਕਾਤ ਹੋਈ। ਉਹ ਵੀ ਆਪਣੀ ਪੇਸ਼ੀ ਦੇ ਸੰਬੰਧ ਵਿਚ ਆਏ ਹੋਏ ਸਨ। ਰਿਹਾਈ ਤੋਂ ਬਾਅਦ ਉਨ੍ਹਾਂ ਅੰਮ੍ਰਿਤਸਰ ਵਿਚ ਪ੍ਰਸਿੱਧ ਆਗੂਆਂ ਸੱਤਪਾਲ ਤੇ ਵਿਮਲਾ ਡਾਂਗ ਨਾਲ ਮਿਲ ਕੇ ਮਜ਼ਦੂਰ ਜਮਾਤ ਨੂੰ ਜਥੇਬੰਦ ਕਰਨ ਵਿਚ ਵੱਡਾ ਹਿੱਸਾ ਪਾਇਆ। ਮਗਰੋਂ ਉਨ੍ਹਾਂ ਪੰਜਾਬ ਯੂਨੀਵਰਸਿਟੀ ਤੋਂ ਜਰਨਲਲਿਜ਼ਮ ਦਾ ਕੋਰਸ ਕੀਤਾ ਤੇ ਅੰਗਰੇਜ਼ੀ 'ਟ੍ਰਿਬਿਊਨ' ਦੇ ਪੱਤਰਕਾਰ ਵਜੋਂ ਰਿਪੋਰਟਿੰਗ ਕਰਦੇ ਰਹੇ। ਇਸ ਤੋਂ ਪਹਿਲਾਂ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਜਨ ਸੰਪਰਕ ਅਫ਼ਸਰ ਵੀ ਰਹੇ। ਪੱਤਰਕਾਰ ਵਜੋਂ ਹੀ ਉਨ੍ਹਾਂ ਦਾ ਮੇਲ ਸੰਤ ਜਰਨੈਲ ਸਿੰਘ ਭਿੰਡਰਾਵਾਲੇ ਨਾਲ ਹੋਇਆ ਤੇ ਉਹ ਸੰਤ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋਏ। 'ਉਪਰੇਸ਼ਨ ਬਲਿਊ ਸਟਾਰ' ਵੇਲੇ ਉਹ ਇਤਿਫ਼ਾਕਨ ਹੀ ਅੰਮ੍ਰਿਤਸਰ ਵੀ ਨਹੀਂ ਸਨ। ਜਿਸ ਕਾਰਨ ਉਹ ਬਚ ਗਏ। ਉਹ ਦਹਿਸ਼ਤਗਰਦੀ ਦੀ ਮੁਹਿੰਮ ਤੋਂ ਲਾਂਭੇ ਰਹੇ ਪਰ ਫਿਰ ਵੀ ਸਰਕਾਰੀ ਤਸ਼ੱਦਦ ਦੀ ਮਸ਼ੀਨਰੀ ਨੇ ਉਨ੍ਹਾਂ ਨੂੰ ਵਾਰ-ਵਾਰ ਤੰਗ ਪ੍ਰੇਸ਼ਾਨ ਕੀਤਾ। ਉਨ੍ਹਾਂ ਦੀਆਂ ਅੱਧੀ ਦਰਜਨ ਪੁਸਤਕਾਂ ਭਿੰਡਰਾਂਵਾਲੇ ਦੇ ਵਿਚਾਰਾਂ ਦੀ ਮੁਕੰਮਲ ਹਮਾਇਤ ਦਾ ਪ੍ਰਮਾਣ ਹਨ।

ਅੰਬਾਲਾ ਜੇਲ੍ਹ ਦੇ ਸਾਥੀਆਂ ਵਿਚ ਇਕ ਹੋਰ ਵਰਣਨਯੋਗ ਵਿਅਕਤੀ ਗਿਆਨ ਸਿੰਘ ਮੁਲਤਾਨੀ ਸਨ। ਉਹ ਰੇਲਵੇ ਮਜ਼ਦੂਰਾਂ ਦੇ ਆਗੂ ਸਨ ਤੇ ਆਜ਼ਾਦੀ ਤੋਂ ਪਹਿਲਾਂ ਉਨ੍ਹਾਂ ਮਿਰਜ਼ਾ ਇਬਰਾਹੀਮ ਨਾਲ ਮਿਲ ਕੇ ਰੇਲਵੇ ਮਜ਼ਦੂਰਾਂ ਨੂੰ ਜਥੇਬੰਦ ਕੀਤਾ ਤੇ ਉਨ੍ਹਾਂ ਦੀ ਇਕ ਇਤਿਹਾਸਕ ਹੜਤਾਲ ਵਿਚ ਉੱਘਾ ਹਿੱਸਾ ਪਾਇਆ ਸੀ। ਉਸ ਸਮੇਂ ਜੇਲ੍ਹ ਵਿਚ ਚੱਲਦੀਆਂ ਬਹਿਸਾਂ ਵਿਚ ਤਿਲੰਗਾਨਾ ਦੀ ਹਥਿਆਰਬੰਦ ਲੜਾਈ ਵੱਡੀ ਚਰਚਾ ਦਾ ਇੱਕ ਸਵਾਲ ਸੀ। ਇਹ ਲੜਾਈ ਜਾਰੀ ਰੱਖੀ ਜਾਏ ਜਾਂ ਵਾਪਸ ਲਈ ਜਾਵੇ, ਇਹ ਵਿਵਾਦ /ਮੁੱਦਾ ਸੀ। ਗਿਆਨ ਸਿੰਘ ਕਹਿੰਦੇ ਸਨ ਕਿ ਜਿਹੜੇ ਸਾਥੀ ਹਥਿਆਰਬੰਦ ਲੜਾਈ ਦੇ ਜਾਰੀ ਰੱਖਣ ਦੇ ਹੱਕ ਵਿਚ ਹਨ, ਉਨ੍ਹਾਂ ਦੀ ਨੀਤੀ ਕਾਰਨ ਅਸੀਂ ਕਦੇ ਵੀ ਜੇਲ੍ਹ ਤੋਂ ਰਿਹਾ ਨਹੀਂ ਹੋ ਸਕਾਂਗੇ।

ਸਾਡੇ ਇਕ ਸੀਨੀਅਰ ਸਾਥੀ ਠਾਕਰ ਵਰਿਆਮ ਸਿੰਘ ਸਨ। ਵਧੇਰੇ ਨਜ਼ਰ-ਬੰਦਾਂ



ਵਾਂਗ ਉਨ੍ਹਾਂ ਦੀ ਜ਼ਿੰਦਗੀ ਵੀ ਨਿਰੰਤਰ ਸੰਘਰਸ਼ ਦੀ ਹੀ ਰਹੀ ਸੀ। ਮੁੱਢਲੀ ਜਵਾਨੀ ਦੇ ਦਿਨਾਂ ਵਿਚ ਉਹ ਰਿਸ਼ਤੇਦਾਰੀ ਵਿਚ ਕਿਸੇ ਵਿਆਹ ਉੱਤੇ ਗਏ ਸਨ। ਜਿੱਥੇ ਉਨ੍ਹਾਂ ਦਾ ਮੇਲ ਇਕ ਲੜਕੀ ਨਾਲ ਹੋਇਆ ਸੀ। ਦੋਹਾਂ ਵਿਚਕਾਰ ਇੱਕ ਸਾਂਝ ਬਣ ਗਈ ਸੀ ਤੇ ਠਾਕਰ ਹੋਰਾਂ ਨੂੰ ਆਸ ਸੀ ਕਿ ਉਹ ਦੋਵੇਂ ਵਿਆਹ ਦੇ ਰਿਸ਼ਤੇ ਵਿਚ ਬੱਝ ਜਾਣਗੇ। ਪਰ ਇਹ ਹੋ ਨਾ ਸਕਿਆ। ਲੜਕੀ ਦੇ ਮਾਪਿਆਂ ਨੇ ਉਸਦਾ ਵਿਆਹ ਕਿਸੇ ਹੋਰ ਥਾਂ ਕਰ ਦਿੱਤਾ। ਮਗਰੋਂ ਉਨ੍ਹਾਂ ਵਿਚਕਾਰ ਕੋਈ ਮੁਲਾਕਾਤ ਨਾ ਹੋ ਸਕੀ। ਠਾਕਰ ਹੋਰਾਂ ਨੇ ਮੈਨੂੰ ਇਹ ਕਿੱਸਾ ਬਹੁਤ ਵਾਰ ਸੁਣਾਇਆ। ਜਦੋਂ ਮੈਂ ਉਨ੍ਹਾਂ ਨੂੰ ਕਹਿਣਾ ਕਿ ਤੁਸੀਂ ਮੈਨੂੰ ਇਹ ਗੱਲ ਪਹਿਲਾਂ ਵੀ ਦੱਸ ਚੁੱਕੇ ਹੋ, ਉਨ੍ਹਾਂ ਕਹਿਣਾ ਕਿ ਇਹ ਇੱਕ ਵਾਰ ਹੋਰ ਸੁਣੋ। ਕਈ ਵਾਰ ਅੱਧੀ ਰਾਤ ਦੇ ਕਰੀਬ ਉਨ੍ਹਾਂ ਦੇ ਹੌਕਿਆਂ ਦੀ ਆਵਾਜ਼ ਸੁਣੀ ਜਾਣੀ। ਜੇਲ੍ਹ ਵਿਚੋਂ ਰਿਹਾਈ ਹੋਣ ਤੱਕ ਇਹ ਸਿਲਸਿਲਾ ਚੱਲਦਾ ਰਿਹਾ। ਰਾਜਸੀ ਸਰਗਰਮੀ ਸਮੇਂ ਉਹ ਇਸ ਦਰਦ ਨੂੰ ਭੁੱਲ ਜਾਂਦੇ ਹੋਣਗੇ ਪਰ ਜਦੋਂ ਵੀ ਇਕੱਲੇ ਬੈਠਦੇ ਹੋਣਗੇ ਉਨ੍ਹਾਂ ਨੂੰ ਜਵਾਨੀ ਦੇ ਦਿਨਾਂ ਵਿਚ ਵਾਪਰੀ ਇਸ ਘਟਨਾ ਦਾ ਦਰਦ ਆ ਘੇਰਦਾ ਹੋਵੇਗਾ।

ਸੁਪਰੀਮ ਕੋਰਟ ਪੇਸ਼ੀ ਭੁਗਤਣ ਜਾਂਦਿਆਂ ਮੈਂ ਆਪਣੀ ਗਾਰਡ ਦੇ ਦੋ ਸਿਪਾਹੀਆਂ ਤੋਂ ਇਹ ਰਿਆਇਤ ਮੰਗੀ ਕਿ ਜੇ ਵਾਪਸੀ ਉੱਤੇ ਕਰਨਾਲ ਸਟੇਸ਼ਨ ਉੱਤੇ ਉਤਰ ਕੇ ਕੁਝ ਘੰਟਿਆਂ ਬਾਅਦ ਅੰਬਾਲੇ ਨੂੰ ਜਾਂਦੀ ਅਗਲੀ ਟਰੇਨ ਲੈ ਲਈਏ ਤਾਂ ਮੈਂ ਆਪਣੀ ਭੈਣ ਨੂੰ ਮਿਲ ਸਕਦਾ ਹਾਂ। ਜਿਸਦਾ ਘਰ ਸਟੇਸ਼ਨ ਦੇ ਕੋਲ ਹੀ ਹੈ। ਉਹ ਇਉਂ ਕਰਨਾ ਮੰਨ ਗਏ ਪਰ ਵਾਪਸੀ ਉੱਤੇ ਟਾਲ-ਮਟੋਲ ਕਰਨ ਲੱਗੇ। ਮੈਂ ਉਹਨਾਂ ਦੇ ਇਰਾਦੇ ਨੂੰ ਸਮਝ ਗਿਆ ਤੇ ਮਨ ਵਿਚ ਤੈਅ ਕੀਤਾ ਕਿ ਇਨ੍ਹਾਂ ਨੂੰ ਸਬਕ ਸਿਖਾਉਣਾ ਚਾਹੀਦਾ ਹੈ। ਮੈਂ ਪਾਣੀਪਤ ਸਟੇਸ਼ਨ ਉੱਤੇ ਉੱਤਰ ਕੇ ਚਾਹ ਪੀਣ ਦੀ ਜ਼ਿੱਦ ਕੀਤੀ। ਉਨ੍ਹਾਂ ਨੂੰ ਮੇਰੇ ਨਾਲ ਉਤਰਨਾ ਪਿਆ। ਇਥੇ ਮੈਂ ਪਲੇਟਫਾਰਮ ਉੱਤੇ ਚਾਹ ਪੀਂਦਿਆਂ ਦੇਰ ਕਰ ਦਿੱਤੀ। ਟਰੇਨ ਚੱਲ ਪਈ। ਹੁਣ ਅਸੀਂ ਤਿੰਨੇ ਜਣੇ ਸਾਂ। ਮੈਂ ਕਿਹਾ ਕਿ ਇਉਂ ਹੱਥਕੜੀ ਸਮੇਤ ਘੁੰਮਣ ਨਾਲ ਅਜੀਬ ਲੱਗੇਗਾ। ਤੁਸੀਂ ਮੇਰੀ ਹੱਥਕੜੀ ਲਾਹ ਦੇਵੋ ਤੇ ਮੈਂ ਦੌੜਾਂਗਾ ਨਹੀਂ। ਨਾਲੇ ਬਾਜ਼ਾਰ ਘੁੰਮ ਫਿਰ ਕੇ ਦੇਖਦੇ ਹਾਂ। ਉਨ੍ਹਾਂ ਹੱਥਕੜੀ ਵੀ ਖੋਲ੍ਹ ਦਿੱਤੀ ਤੇ ਅਸੀਂ ਆਰਾਮ ਨਾਲ ਬਾਜ਼ਾਰ ਵਿਚ ਘੁੰਮਦੇ ਰਹੇ। ਅਗਲੀ ਟਰੇਨ ਉੱਤੇ ਚੜ੍ਹ ਕੇ ਅਸੀਂ ਅੰਬਾਲੇ ਪਹੁੰਚ ਗਏ।

ਜੇਲ੍ਹ ਵਿਚ ਹੀ ਪਹਿਲੀ ਵਾਰ ਅੰਮ੍ਰਿਤਸਰ ਜ਼ਿਲ੍ਹੇ ਦੇ ਪਾਰਟੀ ਆਗੂ ਫੌਜਾ ਸਿੰਘ ਭੁੱਲਰ ਨਾਲ ਮੁਲਾਕਾਤ ਹੋਈ। ਉਹ ਗੁਪਤਵਾਸ ਵਿਚ ਕੰਮ ਕਰਦੇ ਹੋਏ ਗ੍ਰਿਫ਼ਤਾਰ ਕਰ ਲਏ ਗਏ ਸਨ। ਜਿਨ੍ਹਾਂ ਪਿੰਡਾਂ ਵਿਚ ਪਾਰਟੀ ਦੇ ਟਿਕਾਣੇ ਸਨ, ਉਹ ਪੁਲਿਸ ਦੀਆਂ ਨਜ਼ਰਾਂ ਵਿਚ ਸਨ। ਲੰਮੇ ਸਮੇਂ ਦਾ ਗੁਪਤਵਾਸ ਤਦ ਤੱਕ ਹੀ ਸੰਭਵ ਸੀ ਜੇ ਉਨ੍ਹਾਂ ਦੇ ਕੰਮ ਦਾ ਖੇਤਰ ਇੱਕ ਜ਼ਿਲ੍ਹੇ ਤੱਕ ਸੀਮਿਤ ਨਾ ਹੁੰਦਾ। ਫਿਰ ਵੀ ਉਹ ਦੋ ਸਾਲ ਤੋਂ ਕੁਝ ਵੱਧ ਸਮਾਂ ਪੂਰੀ ਤਰ੍ਹਾਂ ਸਰਗਰਮ ਰਹੇ ਤੇ ਪੁਲਿਸ ਦੇ ਹੱਥ ਨਾ ਆਏ।

ਜੇਲ੍ਹ ਵਿਚ ਪਾਰਟੀ ਦੇ ਗੁਪਤ ਦਸਤਾਵੇਜ਼ ਜਿਨ੍ਹਾਂ ਦੇ ਫੜ੍ਹੇ ਜਾਣ ਦੀ ਸਖ਼ਤ ਸਜ਼ਾ ਮਿਲ ਸਕਦੀ ਸੀ, ਬਾਕਾਇਦਗੀ ਨਾਲ ਸਾਨੂੰ ਮਿਲ ਜਾਂਦੇ ਸਨ। ਇਸ ਬਾਰੇ ਪਤਾ ਲੱਗਾ

ਕਿ ਇਹ ਦਸਤਾਵੇਜ਼ ਬਿਸਕੁਟਾਂ ਦੇ ਡੱਬਿਆਂ ਵਿਚ ਮੰਗਵਾ ਲਏ ਜਾਂਦੇ ਸਨ। ਇਹ ਬਿਸਕੁਟ ਹੋਰ ਸਾਮਾਨ ਦੇ ਨਾਲ ਬਾਹਰ ਦੁਕਾਨ ਤੋਂ ਮੰਗਵਾਏ ਜਾਂਦੇ ਸਨ। ਦੁਕਾਨ ਨਾਲ ਕੀਤਾ ਇੰਤਜ਼ਾਮ ਜੇਲ੍ਹ ਵਾਲਿਆਂ ਦਾ ਹੁੰਦਾ ਸੀ। ਦੁਕਾਨ ਮਾਲਕ ਖ਼ਤਰਾ ਮੁੱਲ ਲੈ ਕੇ ਵੀ ਬਿਸਕੁਟਾਂ ਵਾਲੇ ਟੀਨ ਦੇ ਡੱਬਿਆਂ ਨੂੰ ਗਰਮ ਕਾਤੀਦੇ ਨਾਲ ਖੋਲ੍ਹਕੇ ਉਨ੍ਹਾਂ ਵਿਚ ਦਸਤਾਵੇਜ਼ ਭਰ ਕੇ ਉਪਰੋਂ ਬੰਦ ਕਰ ਦਿੰਦਾ ਸੀ। ਬਾਹਰਲੇ ਪਾਰਟੀ ਸਾਥੀਆਂ ਨੇ ਦੁਕਾਨ ਵਾਲੇ ਨੂੰ ਇਸਦਾ ਮੂੰਹ ਮੰਗਿਆ ਮੁਆਵਜ਼ਾ ਵੀ ਦਿੱਤਾ ਹੋਵੇਗਾ। ਉਂਝ ਸ਼ਾਇਦ ਇਹ ਕੰਮ ਇਕ-ਦੋ ਵਾਰ ਤੋਂ ਵੱਧ ਨਹੀਂ ਹੋਇਆ ਸੀ।

ਇਕ ਹੋਰ ਸਾਥੀ ਅਜੀਤ ਸਿੰਘ ਮਾਣਕਪੁਰੀ ਸਨ। ਉਹ ਜਲੰਧਰ ਜਿਲ੍ਹੇ ਦੇ ਪੁਰਾਣੇ ਵਕਤਾਂ ਤੋਂ ਚਲੇ ਆ ਰਹੇ ਆਗੂਆਂ ਵਿਚੋਂ ਸਨ। ਉਨ੍ਹਾਂ ਦੱਸਿਆ ਕਿ 'ਪੀਪਲਜ਼ ਵਾਰ' ਦੇ ਦਿਨਾਂ ਵਿਚ ਉਹ ਪਬਲਿਕ ਜਲਸੇ ਕਰ ਕੇ ਪਾਰਟੀ ਦੀ ਨੀਤੀ ਦੀ ਵਜ਼ਾਹਤ ਕਰਦੇ ਤਾਂ ਜਨ ਸੰਘੀ ਉਨ੍ਹਾਂ ਦੇ ਸਾਇਕਲ ਦੇ ਟਾਇਰਾਂ ਦੀ ਹਵਾ ਕੱਢ ਦਿਆ ਕਰਦੇ ਸਨ। ਜੇਲ੍ਹ ਵਿਚ ਉਹ ਬਹਿਸ-ਵਿਚਾਰ ਵਿਚ ਸਰਗਰਮ ਹਿੱਸਾ ਲੈਂਦੇ ਤੇ ਆਪਣੀ ਗੱਲ ਉੱਤੇ ਅੜਦੇ ਸਨ। ਇਥੇ ਹੀ ਜਸਵੰਤ ਸਿੰਘ 'ਰਾਹੀ' ਨਾਲ ਮੇਲ ਹੋਇਆ। ਉਹ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਦੇ ਵਾਸੀ ਸਨ। ਉਹ ਹਰਮਨ ਪਿਆਰੇ ਲੋਕ ਕਵੀ ਵਜੋਂ ਜਾਣੇ ਜਾਂਦੇ ਸਨ। ਇਥੇ ਹੀ ਨਿਰੰਜਣ ਸਿੰਘ 'ਨਿਥਾਵਾਂ' ਤੇ ਅਰਜਨ ਸਿੰਘ ਦਧਰਾ ਵੀ ਸਨ।

ਜੇਲ੍ਹ ਵਿਚ ਇਕ ਸਾਥੀ ਚਾਕਰ ਸਿੰਘ ਸੀ। ਉਹ ਛੇ ਫੁੱਟ ਤੋਂ ਵੱਧ ਲੰਮਾ ਸੀ ਤੇ ਰਾਏ ਸਿੱਖ ਬਰਾਦਰੀ ਵਿਚੋਂ ਸੀ। ਉਹ ਬਾਹਰ ਥੋੜ੍ਹਾ-ਬਹੁਤ ਪਾਰਟੀ ਵਿਚ ਸਰਗਰਮ ਜ਼ਰੂਰ ਸੀ ਪਰ ਏਡਾ ਵੀ ਨਹੀਂ ਸੀ ਕਿ ਉਸ ਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ ਜਾਂਦਾ। ਇਹ ਸਰਕਾਰ ਦੀ ਜਬਰ ਦੀ ਨੀਤੀ ਹੀ ਸੀ ਜਿਸ ਕਾਰਨ ਉਸਨੂੰ ਵੀ ਫੜ੍ਹ ਲਿਆ ਗਿਆ ਸੀ। ਨਜ਼ਰਬੰਦਾਂ ਦੀ ਵਾਲੀਬਾਲ ਦੀ ਟੀਮ ਵਿਚ ਉਹ ਆਪਣੇ ਕੱਦ ਕਾਰਨ ਚੰਗਾ ਸਾਬਤ ਹੁੰਦਾ ਸੀ। ਉਸਦੀ ਮਸ਼ਹੂਰੀ ਇਹ ਸੀ ਕਿ ਉਹ ਸਭ ਤੋਂ ਵੱਧ ਪਰਾਉਂਠੇ ਖਾਂਦਾ ਸੀ। ਇਹ ਪਰਾਉਂਠੇ ਵੀ ਚੰਗੇ ਭਾਰੇ ਹੁੰਦੇ ਸਨ ਤੇ ਸਵੇਰ ਦੀ ਚਾਹ ਨਾਲ ਮਿਲਦੇ ਸਨ। ਸਵੇਰੇ ਕੰਨਾਂ ਵਿਚ ਪੈਂਦੀ ਸਭ ਤੋਂ ਸੁਖਾਵੀਂ ਆਵਾਜ਼ ਸਾਡੇ ਸਾਥੀ ਤੇਲੂ ਰਾਮ ਦੀ ਹੁੰਦੀ ਸੀ ਜਿਹੜੇ ਹੋਕਾ ਦਿੰਦੇ ਹੋਏ ਬੈਰਕ ਵਿਚ ਘੁੰਮ ਜਾਂਦੇ ਸਨ। ਉਨ੍ਹਾਂ ਹਰਿਆਣਵੀ ਬੋਲੀ ਵਿਚ ਉੱਚੀ ਆਵਾਜ਼ ਵਿਚ ਕਹਿਣਾ 'ਚਾਹ ਗਲੇ ਪਰਾਉਂਠਾ' ਤੇ ਸਭ ਨੇ ਲਾਂਗਰੀ ਦੁਆਲੇ ਇਕੱਠੇ ਹੋ ਜਾਣਾ।

ਨਜ਼ਰਬੰਦਾਂ ਵਿਚ ਅੰਮ੍ਰਿਤਸਰ ਤੋਂ ਹੀ ਬਖਸ਼ੀਸ਼ ਸਿੰਘ ਧੱਤਲ ਤੇ ਪ੍ਰੋਫੈਸਰ ਸ਼ਾਂਤੀ ਸਰੂਪ ਸਨ। ਬਿਮਲ ਕੁਮਾਰ ਲੁਧਿਆਣੇ ਤੋਂ ਸਨ ਜਿਨ੍ਹਾਂ ਨੂੰ ਗ੍ਰਿਫਤਾਰ ਕਰਵਾਉਣ ਵਿਚ ਇਕ ਲੜਕੀ ਦਾ ਰੋਲ ਸੀ। ਉਹ ਲੁਧਿਆਣੇ ਦੇ ਪਾਰਟੀ ਸਾਥੀਆਂ ਨਾਲ ਮੇਲ-ਜੋਲ ਰੱਖਦੀ ਸੀ। ਸਾਥੀ ਵੀ ਉਸ ਨਾਲ ਪੂਰਾ ਸਨੇਹ ਰੱਖਦੇ ਸਨ। ਉਹ ਪਾਰਟੀ ਦੀਆਂ ਮੀਟਿੰਗਾਂ ਵਿਚ ਬਕਾਇਦਾ ਸ਼ਾਮਿਲ ਹੋਣ ਲੱਗ ਪਈ। ਨਾਲ ਹੀ ਉਸਨੇ ਸੀ.ਆਈ.ਡੀ. ਦੇ ਸੰਪਰਕਾਂ ਨੂੰ ਮੀਟਿੰਗਾਂ ਦੀਆਂ ਕਾਰਵਾਈਆਂ ਬਾਰੇ ਰਿਪੋਰਟ ਦੇਣੀ ਸ਼ੁਰੂ ਕਰ ਦਿੱਤੀ। ਜਦੋਂ ਸੀ.ਆਈ.ਡੀ. ਦੇ ਅਫ਼ਸਰਾਂ ਢੁੱਕਵਾਂ ਮੌਕਾ ਲੱਗਾ ਉਨ੍ਹਾਂ ਛਾਪਾ ਮਾਰ ਕੇ ਬਿਮਲ ਨੂੰ ਗ੍ਰਿਫਤਾਰ ਕਰ



ਲਿਆ। ਧੱਤਲ ਨੂੰ ਜਦੋਂ ਬੁਖ਼ਾਰ ਚੜ੍ਹਦਾ ਜਿਹੜਾ ਅਕਸਰ ਹੀ 103-104 ਡਿਗਰੀ ਤੱਕ ਚਲਾ ਜਾਂਦਾ ਤਾਂ ਉਹ ਆਪਣੀ ਪਤਨੀ ਪ੍ਰਸਿੰਨ ਕੌਰ ਨੂੰ ਯਾਦ ਕਰਕੇ 'ਫਿਨੋ....ਫਿਨੋ" ਪੁਕਾਰਿਆ ਕਰਦੇ ਸਨ। ਬਹਿਸ ਕਰਦਿਆਂ ਉਹ ਡਾਢੇ ਜਜ਼ਬਾਤੀ ਹੋ ਜਾਂਦੇ ਤੇ ਉਨ੍ਹਾਂ ਦੇ ਚਿਹਰੇ ਦਾ ਰੰਗ ਪੀਲਾ ਹੋ ਜਾਂਦਾ। ਉਂਝ ਉਹ ਇਰਾਦੇ ਦੇ ਪੱਕੇ ਤੇ ਸਮਰਪਿਤ ਕਮਿਊਨਿਸਟ ਸਨ। ਇਥੇ ਹੀ ਹੁਸ਼ਿਆਰਪੁਰ ਜਿਲ੍ਹੇ ਦੇ ਸਰਗਰਮ ਸਾਥੀ ਹੁਕਮ ਚੰਦ 'ਗੁਲਸ਼ਨ' ਸਨ। ਉਹ ਵੀ ਬਹਿਸ ਵਿਚਾਰ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦੇ।

ਲੰਮਾ ਸਮਾਂ ਬੁੱਧੀਜੀਵੀ ਹਲਕਿਆਂ ਵਿਚ ਸਰਗਰਮ ਰਹੇ, ਕ੍ਰਿਪਾਲ ਸਿੰਘ 'ਆਜ਼ਾਦ' ਜਿਹੜੇ ਹੁਣ ਤੱਕ ਲਿਖਦੇ ਆ ਰਹੇ ਹਨ, ਸਾਡੇ ਇਕ ਹੋਰ ਸਾਥੀ ਸਨ। ਉਨ੍ਹਾਂ ਦਿਨਾਂ ਵਿਚ ਉਹ ਸ. ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਤਿੱਖੇ ਆਲੋਚਕ ਸਨ। ਉਨ੍ਹਾਂ ਇਸ ਵਿਸ਼ੇ ਉੱਤੇ ਇੱਕ ਲੇਖ ਲਿਖਿਆ ਜਿਸ ਉੱਤੇ ਕਾਫ਼ੀ ਭਖਵੀਂ ਚਰਚਾ ਹੋਈ। ਉਨ੍ਹਾਂ ਦੇ ਨਾਲ ਇਕ ਸਾਥੀ ਪ੍ਰਾਣ ਨਾਥ ਸਨ। ਇਕ ਦੋ ਹੋਰ ਸਾਥੀਆਂ ਨਾਲ ਮਿਲ ਕੇ ਉਹ ਇਕ ਵੱਖਰੇ ਰਾਜਸੀ ਗਰੁੱਪ ਵਜੋਂ ਵਿਚਰਦੇ ਸਨ। ਉਂਝ ਭਾਵੇਂ ਉਹ ਸਾਰੇ ਸਾਥੀਆਂ ਨਾਲ ਰਚ-ਮਿਚ ਕੇ ਰਹਿੰਦੇ ਸਨ। ਮਗਰੋਂ ਉਨ੍ਹਾਂ ਇੱਕ ਵੱਡ-ਆਕਾਰੀ ਪੁਸਤਕ 'ਗੁਰਬਾਣੀ ਇਨਕਲਾਬੀ ਹੈ ਕਿ' ਲਿਖੀ ਜਿਸ ਉੱਤੇ ਪੰਜਾਬ ਵਿਚ ਚੰਗੀ ਚਰਚਾ ਹੋਈ।

ਇਉਂ ਜੇਲ੍ਹ ਤੇ ਹਵਾਲਾਤ ਦੀ ਡੇਢ ਸਾਲ ਦੀ ਕੈਦ ਨੇ ਮੈਨੂੰ ਇਖ਼ਲਾਕੀ ਤੇ ਸਿਆਸੀ ਦੋਹਾਂ ਤਰ੍ਹਾਂ ਦੇ ਕੈਦੀਆਂ ਨੂੰ ਨੇੜਿਉਂ ਹੋ ਕੇ ਵੇਖਣ ਦਾ ਮੌਕਾ ਦਿੱਤਾ। ਇਖ਼ਲਾਕੀਆਂ ਨਾਲ ਤਾਂ ਮੇਲ ਥੋੜ੍ਹਾ-ਚਿਰਾਂ ਦਾ ਸੀ ਪਰ ਸਿਆਸੀ ਕੈਦੀਆਂ ਤੋਂ ਕਬੂਲ ਕੀਤੇ ਪ੍ਰਭਾਵ ਦੇਰ ਪਾਰ ਸਾਬਤ ਹੋਏ। ਉਹ ਤਕਰੀਬਨ ਸਾਰੇ ਹੀ ਆਪੋ-ਆਪਣੇ ਇਲਾਕਿਆਂ ਵਿਚ ਮੰਨੇ-ਪ੍ਰਮੰਨੇ ਸਨ। ਉਹ ਨਾ ਕੇਵਲ ਸੰਘਰਸ਼ ਵਿਚ ਬੇਖੌਫ਼ ਸਨ, ਉਹ ਲੋਕ ਸੇਵਕਾਂ ਵਜੋਂ ਵੀ ਨਿਸ਼ਕਾਮ ਸਨ। ਨਵਾਂ ਸਮਾਜ ਉਸਾਰਨ ਦੀ ਜੱਦੋ-ਜ਼ਹਿਦ ਦਾ ਇਹ ਜੇਲ੍ਹ ਯਾਤਰਾ ਅਨਿੱਖੜਵਾਂ ਅੰਗ ਸੀ। ਭਾਵੇਂ ਛੇਤੀ ਬਾਅਦ ਹੀ ਪਾਰਟੀ ਨੇ ਮਾਅਰਕੇਬਾਜ਼ੀ ਦੀ ਨੀਤੀ ਤਿਆਗ ਦਿੱਤੀ ਤੇ ਨਾਲ ਹੀ ਉਨ੍ਹਾਂ ਗਲਤ ਧਾਰਨਾਵਾਂ ਨੂੰ ਰੱਦ ਕੀਤਾ, ਜਿਹੜੀਆਂ ਆਜ਼ਾਦੀ ਦੇ ਲੱਛਣ ਬਾਰੇ ਤੇ ਨਹਿਰੂ ਸਰਕਾਰ ਦੀਆਂ ਨੀਤੀਆਂ ਬਾਰੇ ਵੀ ਸੀ। ਰਣਦੀਵੇ ਦੇ ਦੌਰ ਵਿਚ ਅਖ਼ਤਿਆਰ ਕੀਤੀਆਂ ਗਈਆਂ ਸਨ, ਫਿਰ ਵੀ ਪਾਰਟੀ ਦੀ, ਉਨ੍ਹਾਂ ਵਕਤਾਂ ਦੀ ਘਾਲਣਾ ਦਾ ਮੁੱਲ, ਹਾਂ-ਪੱਖੀ ਹੀ ਪਾਇਆ ਜਾਣਾ ਚਾਹੀਦਾ ਹੈ। ਇਕ ਵੱਢਿਉਂ ਹੀ ਇਸ ਨੂੰ ਰੱਦ ਕਰਨਾ ਰਵਾਇਤ ਵੱਲ ਤੇ ਇਤਿਹਾਸ ਵੱਲ ਨਾਂਹ-ਪੱਖੀ ਪਹੁੰਚ ਦਾ ਹੀ ਪ੍ਰਮਾਣ ਹੋਵੇਗਾ।

ਇਹ ਕਹਿਣਾ ਤਾਂ ਠੀਕ ਨਹੀਂ ਹੋਵੇਗਾ ਕਿ ਕਮਿਊਨਿਸਟਾਂ ਵਿਰੁੱਧ ਤਸ਼ੱਦਦ ਦਾ ਇਹ ਦੌਰ 'ਰਣਦੀਵੇ ਲਾਈਨ' ਦੇ ਪ੍ਰਤੀਕਰਮ ਵਜੋਂ ਸੀ। ਵਧੇਰੇ ਦਰੁੱਸਤ ਗੱਲ ਇਹ ਹੋਵੇਗੀ ਕਿ ਉਸ ਸਮੇਂ ਜਦੋਂ ਆਜ਼ਾਦੀ ਆਇਆਂ ਅਜੇ ਬਹੁਤ ਥੋੜ੍ਹਾ ਚਿਰ ਹੋਇਆ ਸੀ, ਸਰਕਾਰ ਵਿਰੋਧ ਨੂੰ ਦਬਾ ਕੇ ਰੱਖਣਾ ਚਾਹੁੰਦੀ ਸੀ ਤੇ ਇਸ ਮਾਅਰਕੇਬਾਜ਼ ਨੀਤੀ ਨੇ ਉਸਨੂੰ ਤਸ਼ੱਦਦ ਰਨ ਦਾ ਮੌਕਾ ਦੇ ਦਿੱਤਾ। 1952 ਦੇ ਸ਼ੁਰੂ ਵਿਚ ਪਹਿਲੀਆਂ ਪਾਰਲੀਮੈਂਟ ਚੋਣਾਂ ਦੇ ਮੌਕੇ ਾਡੀਆਂ ਆਮ ਰਿਹਾਈਆਂ ਹੋ ਗਈਆਂ। ਪਾਰਟੀ ਨੇ 'ਰਣਦੀਵੇ ਲਾਈਨ' ਨੂੰ ਰੱਦ ਕਰਕੇ ਾਰਲੀਮੈਂਟਰੀ ਜਮਹੂਰੀਅਤ ਵਿਚ ਆਪਣਾ ਵਿਸ਼ਵਾਸ ਪ੍ਰਗਟ ਕਰ ਦਿੱਤਾ ਸੀ। •

# ਡੰਕਨ ਹੋਣ ਦਾ ਮਹੱਤਵ

ਫਰੈਂਕਲਿਨ ਰੋਜ਼ ਮਾਂਟ

1.

ਇੱਕ ਨਰਤਕੀ, ਸਿਰਲੱਥ ਇਨਕਲਾਬੀ ਤੇ ਕਾਵਿ-ਆਤਮਾ ਦੀ ਜੋਸ਼ੀਲੀ ਸਮਰਥਕ ਆਈਸਾਡੋਰਾ ਡੰਕਨ (1877-1927) ਵੀਹਵੀਂ ਸਦੀ ਦੇ ਸਭਿਆਚਾਰ ਉੱਤੇ ਸਦੀਵੀਂ ਪ੍ਰਭਾਵ ਪਾਉਣ ਵਾਲੀਆਂ ਹਸਤੀਆਂ ਵਿਚੋਂ ਇਕ ਸੀ। ਵਿਅੰਗਮਈ ਗੱਲ ਇਹ ਹੈ ਕਿ ਇਕ ਕਲਾਕਾਰ ਵਜੋਂ ਉਸ ਦੀਆਂ ਪ੍ਰਾਪਤੀਆਂ ਦਾ ਆਕਾਰ, ਉਸਦੇ ਜੀਵਨ ਦੇ ਦੁਖਾਂਤ ਅਤੇ ਉਤੇਜਨਾ ਨੇ, ਉਸਦੇ ਵਿਚਾਰਾਂ ਦੀ ਦਲੇਰੀ, ਡੂੰਘਾਈ ਅਤੇ ਮੌਲਿਕਤਾ ਪ੍ਰਤੀ ਸਾਡੀ ਚੇਤਨਾ ਨੂੰ ਮੱਧਮ ਕਰ ਦਿੱਤਾ ਹੈ। ਪਰ ਆਈਸਾ-ਡੋਰਾ ਡੰਕਨ, ਹਮੇਸ਼ਾ ਹੀ ਇਕ ਚਿੰਤਕ ਅਤੇ ਅਮਲ ਕਰਨ ਵਾਲੀ ਰਹੀ ਹੈ, ਜਿਸ ਵਿਚ ਜੀਵੰਤ ਕਾਵਿਕ-ਕਲਪਣਾ, ਆਲੋਚਨਾਤਮਕ ਸਪੱਸ਼ਟਤਾ, ਜਿਵੇਂ ਚੀਜ਼ਾਂ ਹਨ' ਦੀ ਖੱਬੇ ਪੱਖੀ ਉਲੰਘਣਾ, ਤੇ ਆਪਣੇ ਵਿਚਾਰਾਂ ਨੂੰ ਜੋਸ਼ ਅਤੇ ਹਾਸ-ਰਸ ਭਰੇ ਢੰਗ ਨਾਲ ਪ੍ਰਗਟ ਕਰਨ ਦੀ ਸਮਰੱਥਾ ਸੀ।

ਪਹਿਲੀ ਵਾਰ ਇਸ ਪੁਸਤਕ ਵਿਚ, ਉਸਦੇ ਦਰਜਣਾਂ ਨਿਬੰਧ, ਤਕਰੀਰਾਂ, ਇੰਟਰਵਿਊ, ਸੰਪਾਦਕਾਂ ਨੂੰ ਪੱਤਰ ਅਤੇ ਪ੍ਰੈਸ ਨੂੰ ਦਿੱਤੇ ਬਿਆਨ ਸਾਹਮਣੇ ਲਿਆਂਦੇ ਗਏ ਹਨ, ਜਿਹੜੇ ਹੁਣ ਤੀਕ ਪੁਰਾਣੀਆਂ ਅਖ਼ਬਾਰਾਂ, ਅਣਗੌਲੇ ਰਸਾਲਿਆਂ ਤੇ ਦੁਰਲੱਭ ਹੋ ਚੁੱਕੀਆਂ ਪੁਸਤਕਾਂ ਵਿਚ ਅਪਹੁੰਚ ਪਏ ਸਨ। ਇਹ ਸਮੱਗਰੀ, ਇੱਕ ਨਰਤਕੀ, ਨਿਰਤ ਦੀ ਸਿਧਾਂਤਕਾਰ, ਵਰਤਮਾਨ ਸਮਾਜ, ਸਭਿਆਚਾਰ ਤੇ ਸਿੱਖਿਆ ਦੀ ਆਲੋਚਕ, ਅਤੇ ਔਰਤਾਂ ਦੇ ਅਧਿਕਾਰਾਂ ਲਈ ਸੰਘਰਸ਼ਾਂ ਦੀ ਸਮਰਥਕ, ਸਮਾਜੀ ਕ੍ਰਾਂਤੀ ਅਤੇ ਨਿਤਾ-ਪ੍ਰਤੀ ਜੀਵਨ ਵਿਚ ਕਵਿਤਾ ਦੀ ਤਲਾਸ਼ ਦੀ ਹਾਮੀ ਆਈਸਾ ਡੋਰਾ ਪ੍ਰਤੀ, ਸਾਡੀ ਸਮਝ ਵਿਚ ਵਾਧਾ ਕਰਦੀ ਹੈ।

2.

ਸਾਨ ਫਰਾਂਸਿਸਕੋ, ਵਿਚ ਜਨਮੀ ਡੰਕਨ ਨੇ ਆਪਣਾ ਬਚਪਨ ਬੇਅ ਏਰੀਏ ਵਿਚ ਬਤੀਤ ਕੀਤਾ। ਇਹ ਉਹ ਸਾਲ ਸਨ, ਜਦੋਂ ਵਿਸ਼ਾਲ ਖੇਤਰ ਦੇ ਬਹੁਤੇ ਕਵੀ, ਕਲਾਕਾਰ ਅਤੇ ਪ੍ਰੇਰਨਾਮਈ ਪਾਤਰ ਸੋਨੇ ਦੀ ਭਾਲ ਵਿਚ ਕਮਲੀ ਹੋਈ ਬਸਤੀ ਨੂੰ ਵਿਸ਼ਵ ਦੇ ਸਭ ਤੋਂ ਮਹੱਤਵਪੂਰਨ ਕੇਂਦਰਾਂ ਵਿਚੋਂ ਇੱਕ ਵਿਚ ਤਬਦੀਲ ਕਰ ਰਹੇ ਸਨ। ਭਰੜਾਈ ਹੋਈ ਤੇ ਲੋਕ-ਸੁਭਾਅ ਦੀ ਮੁਕਤ-ਗਤੀ, "ਕਾਲ ਆਫ਼ ਦੀ ਵਾਈਲਡ" ਅਤੇ "ਡੈਫਲਜ਼ ਡਿਕਸ਼ ਨਹੀ" ਵਰਗੀਆਂ ਲਿਖਤਾਂ ਨੇ ਡੰਕਨ ਦੀ ਚੇਤਨਾ ਨੂੰ ਉਕਸਾਇਆ, ਜਿਵੇਂ ਕਿ ਉਹ ਕਹਿੰਦੀ ਹੈ, 'ਉਸ ਕਲਾ ਨੂੰ ਜੋ ਦੋ ਹਜ਼ਾਰ ਸਾਲ ਸੁੱਤੀ ਰਹੀ ਸੀ।' ਅਸਲ ਵਿਚ ਉਸ ਇਕੱਲੀ ਨੇ ਹੀ ਕਲਾਵਾਂ ਵਿਚ ਨਿਰਤ ਨੂੰ ਉੱਚੀ ਥਾਂ ਤੇ ਬਹਾਲ ਕਰ ਦਿੱਤਾ।



ਸਭ ਰਵਾਇਤਾਂ ਨੂੰ ਤੋੜਦੀ ਹੋਈ, ਡੰਕਨ ਨੇ ਨਿਰਤ ਦੀ ਕਲਾ ਨੂੰ ਇਸ ਦੀਆਂ ਜੜ੍ਹਾਂ ਤੋਂ ਜਾ ਲੱਭਿਆ, ਨਿਰਤ ਜੋ ਸਿਰਜਣਾ ਦੇ ਕਾਰਜ ਦਾ ਸਰਬ-ਪ੍ਰਵਾਨਤ ਚਿੰਨ ਹੈ। ਗੋਲਮੋਲ ਗੱਲਾਂ ਕਰਨ ਦੀ ਥਾਂ ਉਸਨੇ ਆਪਣੇ ਆਪ ਨੂੰ "ਬੈਲੇ ਨਾਚ ਦੀ ਦੁਸ਼ਮਣ" ਹੋਣ ਦਾ ਐਲਾਨ ਕਰ ਦਿੱਤਾ, ਨਿਰਸੰਦੇਹ ਆਪਣੇ ਸਮੇਂ ਦੇ ਨਿਰਜਿੰਦ ਨਾਚ ਦੀ ਦੁਸ਼ਮਣ, ਉਸਨੇ ਬੰਦਿਸ਼ਾਂ ਵਾਲੀ ਪੁਸ਼ਾਕ ਅਤੇ ਸਟੇਜ-ਨਿਰਤਕੀ ਦੀਆਂ ਹੋਰ ਜੁਗਤਾਂ ਨੂੰ ਘ੍ਰਿਣਾ ਕੀਤੀ ਅਤੇ ਸਵਤੰਤਰ ਤੇ ਕੁਦਰਤੀ ਹਰਕਤਾਂ ਨੂੰ ਵਿਕਸਿਤ ਕੀਤਾ। ਆਪਣੀ ਪਾਰਦਰਸ਼ੀ ਪੁਸ਼ਾਕ ਤੇ ਨੰਗੇ ਪੈਰਾਂ ਨਾਲ, ਉਸਨੇ ਮਨੁੱਖੀ ਜਿਸਮ ਦੀ ਸੁਜਿੰਦ ਵਾਸਤਵਿਕਤਾ ਨੂੰ, ਇੱਕ ਪ੍ਰਗਟਾਵੇ ਦੇ ਸੰਦ ਵਜੋਂ ਮੁੜ ਸਥਾਪਤ ਕੀਤਾ। ਉਸਦੀ ਮਸ਼ਹੂਰ "ਸਾਦਗੀ" ਆਪਣੀ ਡੂੰਘਿਆਈ ਵਿਚ ਸਮੁੰਦਰ ਵਰਗੀ ਸੀ, ਬੋਧ ਦੀਆਂ ਪ੍ਰਾਚੀਨ ਵਿਧੀਆਂ ਜਾਦੂ ਅਤੇ ਬ੍ਰਹਿਮੰਡ-ਵਿਗਿਆਨ ਨਾਲ ਜੋੜਕੇ, ਆਈਸਾ ਡੋਰਾ ਨੇ ਐਸੀ ਕਾਢ ਕੱਢੀ, ਜਿਸਨੂੰ ਪਿੱਛੋਂ ਜਾ ਕੇ 'ਆਧੁਨਿਕ ਨਿਰਤ' ਦਾ ਨਾਂ ਦਿੱਤਾ ਗਿਆ।

ਇਸ ਖੇਤਰ ਵਿਚ ਉਸਦੀ ਸਫਲਤਾ ਨੂੰ ਨਿਰਸੰਦੇਹ ਕਿਸੇ ਪ੍ਰਵਾਨਗੀ ਦੀ ਲੋੜ ਨਹੀਂ। ਆਪਣੇ ਸਮੇਂ ਦੇ ਸਿਰਕੱਢ ਕਵੀਆਂ ਤੇ ਕਲਾਕਾਰਾਂ ਸਮੇਤ, ਉਹ ਕੁਝ ਹੀ ਸਾਲਾਂ ਵਿਚ ਲੱਖਾਂ ਲੋਕਾਂ ਦੀ ਪ੍ਰੇਰਨਾਸ੍ਰੋਤ ਬਣ ਗਈ। ਉਹ ਦਰਜਨਾਂ ਹੀ ਦੇਸ਼ਾਂ ਵਿਚ ਦਰਸ਼ਕਾਂ ਸਾਹਮਣੇ ਨੱਚੀ, ਜਿਨ੍ਹਾਂ ਦੀ ਗਿਣਤੀ ਵੱਧਦੀ ਗਈ। ਨਿਰਸੰਦੇਹ ਉਹ ਇੱਕੋ ਇਕ ਨਿਰਤਕੀ ਹੈ, ਜਿਸਨੂੰ 'ਹੀਗਲ' ਦੇ ਅਰਥਾਂ ਵਿਚ "ਵਿਸ਼ਵ ਦੀ ਇਤਿਹਾਸਕ ਹਸਤੀ" ਕਿਹਾ ਜਾ ਸਕਦਾ ਹੈ।

ਦਿਲਚਸਪ ਗੱਲ ਕਿ ਹੀਗਲ ਨੇ ਆਪਣੀ 'ਸੁਹਜ-ਸ਼ਾਸਤਰ' ਲਿਖਤ ਵਿਚ ਨਿਰਤ ਨੂੰ ਬਾਗ਼ਬਾਨੀ ਦੇ ਨਾਲ-ਨਾਲ 'ਅਧੂਰੀਆਂ ਕਲਾਵਾਂ' ਆਖਿਆ ਸੀ। ਵਿਸ਼ਵ-ਕੋਸ਼ੀ ਯੁੱਗ ਦੇ ਸਭ ਤੋਂ ਵਿਸ਼ਵ-ਕੋਸ਼ੀ ਮਨੁੱਖ ਨੇ ਨਿਰਸੰਦੇਹ ਘੱਟੋ-ਘੱਟ ਨਿਰਤ ਨੂੰ ਮਨੁੱਖੀ ਆਤਮ-ਪ੍ਰਕਾਸ਼ ਦਾ ਮੁੱਖ ਮਾਧਿਅਮ ਹੋਣ ਦੀ ਸੰਭਾਵਨਾ ਨੂੰ ਪ੍ਰਵਾਨ ਤਾਂ ਕੀਤਾ ਸੀ।

"ਜੇ ਕਿਸੇ ਆਤਮਿਕ ਪ੍ਰਗਟਾਵੇ ਨੇ ਕੇਵਲ ਨਿਪੁੰਨਤਾ ਨਾਲ ਹੀ ਚਮਕਣਾ ਹੈ, ਜਿਹੜੀ ਅੱਜਕੱਲ ਦੇ ਦਿਨਾਂ ਵਿਚ ਅਤਿ ਦੀ ਬੇਹੂਦਗੀ ਤੇ ਬੌਧਿਕ ਗਰੀਬੀ ਨਾਲ ਜੁੜ ਗਈ ਹੈ ਤਾਂ ਜਿਸ ਚੀਜ਼ ਦੀ ਅਵੱਸ਼ਕਤਾ ਹੈ, ਉਹ ਕੇਵਲ, ਤਕਨੀਕੀ ਔਕੜਾਂ ਦੀ ਮੁਕੰਮਲ ਜਿੱਤ ਹੀ ਨਹੀਂ, ਸਗੋਂ ਸਾਡੇ ਜਜ਼ਬਿਆਂ ਦੀ ਇਕਸੁਰਤਾ ਨਾਲ ਨਿਸ਼ਚਿਤ ਹਰਕਤ ਹੈ ਅਤੇ ਆਜ਼ਾਦੀ ਤੇ ਅੰਦਾਜ਼ ਵੀ ਹੈ, ਜੋ ਬੇਹੱਦ ਦੁਰਲੱਭ ਹਨ।" (ਹੀਗਲ ਦੇ ਸੁਹਜ-ਸ਼ਾਸਤਰ ਬਾਰੇ ਭਾਸ਼ਣ)

ਕੀ ਇਹ ਲਿਖਤ ਸਾਡੀ ਜਵਾਨ ਕੈਲੇਫੋਰਨੀਆ ਵਾਸੀ ਦੀ ਵਾਸਤਵਿਕ ਭਵਿੱਖਬਾਣੀ ਵਾਂਗੂੰ ਨਹੀਂ ਪੜ੍ਹੀ ਜਾਂਦੀ? ਮਹੱਤਵ ਇਸ ਗੱਲ ਦਾ ਹੈ ਕਿ ਇਹ ਵਿਸ਼ੇਸ਼ ਪੈਰਾ ਹੀਗਲ ਦੇ ਕਵਿਤਾ ਬਾਰੇ ਬਹਿਸ ਵਿਚ ਮਿਲਦਾ ਹੈ, ਸਰਬ-ਵਿਆਪੀ ਕਲਾ ਵਿਚ ਜੋ ਮਨੁੱਖੀ ਆਤਮਾ ਦੀ ਸਮੁੱਚਤਾ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ ਤੇ ਸਭ ਭਾਂਤ ਦੇ ਕਲਾਤਮਿਕ

ਪ੍ਰਗਟਾਵੇ ਦੇ ਰੂਪਾਂ ਨੂੰ ਜੋੜਦਾ ਹੈ। ਸਾਰੀਆਂ ਕਲਾਵਾਂ ਵਿਚ, ਕਵਿਤਾ, ਆਧੁਨਿਕ ਆਤਮਾ ਨੂੰ ਗ੍ਰਹਿਣ ਕਰਨ ਵਿਚ ਪਹਿਲੀ ਸੀ ਤੇ ਨਿਰਤ ਅਖ਼ੀਰਲੀ। ਆਧੁਨਿਕ ਸਮੇਂ ਵਿਚ, ਨਿਰਤ ਜਿਵੇਂ ਕਿ ਡੋਰਿਸ ਹੈਫਰੇ ਨੇ ਰਾਏ ਦਿੱਤੀ ਹੈ, ਬਾਕੀ ਕਲਾਵਾਂ ਨਾਲੋਂ "ਦਸ ਤੋਂ ਪੰਜਾਹ ਸਾਲ ਪਿੱਛੇ ਹੈ।" ਇਸ ਰੋਕ ਦੇ ਕਾਰਨਾਂ ਦੀ ਪੁਣ-ਛਾਣ ਕਰਨੀ ਕੋਈ ਮੁਸ਼ਕਿਲ ਨਹੀਂ। ਕਵਿਤਾ ਦਾ ਸੰਦ ਸ਼ਬਦ ਹੈ, ਜੋ ਸਭ ਵਸਤੂਆਂ ਵਿਚੋਂ ਚੁੱਕਣਾ ਸੌਖਾ ਹੈ ਤੇ ਜੋ ਤਸ਼ੱਦਦ ਤੋਂ ਸਭ ਤੋਂ ਘੱਟ ਪ੍ਰਭਾਵਤ ਹੁੰਦਾ ਹੈ। ਪਰ ਨਿਰਤ ਵਿਚ ਔਜ਼ਾਰ ਜਿਸਮ ਹੁੰਦਾ ਹੈ, ਜਿਸ ਉੱਤੇ ਤਸ਼ੱਦਦ ਬੁਰੀ ਤਰ੍ਹਾਂ ਅਸਰ ਪਾਉਂਦਾ ਹੈ।

ਕਿਸੇ ਵੀ ਹਾਲਤ ਵਿਚ ਇਹ ਕੋਈ ਮੌਕਾ ਮੇਲ ਨਹੀਂ ਕਿ ਆਈਸਾ ਡੋਰਾ ਨਿਰਤਕਾਰਾਂ ਤੋਂ ਪ੍ਰਭਾਵਿਤ ਨਹੀਂ ਹੋਈ, ਵੱਡੇ ਨਿਰਤਕਾਰਾਂ ਤੋਂ ਵੀ ਨਹੀਂ, ਸਗੋਂ ਇਸ ਗੱਲ ਦੇ ਬਿਲਕੁਲ ਉਲਟ ਉਹ ਕਵੀਆਂ ਤੋਂ ਪ੍ਰਭਾਵਿਤ ਹੋਈ। ਬਲੇਕ, ਵਿੱਟਮੈਨ, ਰੂਸੋ, ਨਿਟਸ਼ੇ, ਕੀਟਸ, ਸ਼ੈਲੇ, ਬਾਇਰਨ, ਪੋਅ, ਪੂਰਵ-ਰੈਫੇਲਾਈਟਾਂ, ਮਹਾਨ ਫਰਾਂਸੀਸੀ ਰੋਮਾਂਟਿਕ ਕਵੀਆਂ ਤੇ ਚਿੰਤਕਵਾਦੀਆਂ ਤੋਂ। ਇਹ ਉਸਦੇ ਨਵੇਂ ਨਿਰਤ ਦੇ ਮੁੱਖ ਸੋਮੇ ਹਨ। ਆਈਸਾ ਡੋਰਾ ਨੇ ਆਪਣੇ ਆਪ ਨੂੰ ਇਸ ਮਹਾਨ ਕਾਵਿਕ-ਪ੍ਰੰਪਰਾ ਨਾਲ ਜੋੜ ਲਿਆ। ਸੈਕਸ਼ਪੀਅਰ, ਮਹਾਨ ਅਲਿਜ਼ਬਥਵਾਦੀਆਂ ਤੋਂ ਲੱਗ ਕੇ ਪੜ-ਯਥਾਰਥਵਾਦੀਆਂ ਤੀਕ। ਉਹ ਸਭ ਤੋਂ ਵੱਧ ਸਵਤੰਤਰ ਕਲਪਣਾ ਦੀ ਪ੍ਰਮੁੱਖਤਾ ਤੋਂ ਪ੍ਰਭਾਵਿਤ ਸੀ।

ਉਹ ਚਿੱਤਰਕਾਰਾਂ, ਬੁੱਤ-ਘਾੜਿਆਂ ਅਤੇ ਸੰਗੀਤਕਾਰਾਂ ਤੋਂ ਵੀ ਪ੍ਰਭਾਵਿਤ ਸੀ। ਪ੍ਰਾਚੀਨ ਅਤੇ ਕਲਾਸੀਕਲ ਕਲਾ ਵਿਚਲੀ ਹਰ ਜੀਵੰਤ ਚੀਜ਼ ਦੀ ਉਹ ਉਤਸਕ ਵਿਦਿਆਰਥਣ ਸੀ, ਉਹ ਨਵੀਆਂ ਲਹਿਰਾਂ ਦੀ ਕਾਢਕਾਰੀ ਲਈ ਪ੍ਰੇਰਨਾਸ੍ਰੋਤ ਬਣ ਗਈ, ਜੋ ਐਨੀਆਂ ਭਿੰਨ-ਭਿੰਨ ਸਨ ਕਿ ਨਿਊਯਾਰਕ ਦਾ ਅਸ਼ਕਾਨ ਸਕੂਲ ਯਾਦਸ਼, ਡਾਈਯੁੰਗ, ਇਟਾਲਵੀ ਭਵਿੱਖਵਾਦੀ, ਰੂਸੀ ਬਿੰਬਵਾਦੀ ਅਤੇ ਫਰਾਂਸੀਸੀ ਦਾਦਾਵਾਦ ਤੀਕ ਉੱਤੇ ਪ੍ਰਭਾਵ ਪਾਇਆ।

ਉਹ ਜਿਸਨੇ ਨਿਰਤ ਦੀ ਕਲਾ ਵਿਚ ਇਨਕਲਾਬੀ ਪਰਿਵਰਤਨ ਲਿਆਂਦਾ ਸੀ, ਨੇ ਪ੍ਰਗਟਾਵੇ ਦੇ ਹੋਰ ਰੂਪਾਂ ਵਿਚਲੇ ਇਨਕਲਾਬਾਂ ਨੂੰ ਗ੍ਰਹਿਣ ਕਰਕੇ ਸ਼ੁਰੂ ਹੋਈ ਸੀ। ਉਹ ਨਿਰਤ ਲਈ ਕਾਵਿਕ ਆਦੇਸ਼ਾਂ ਨੂੰ ਲਾਗੂ ਕਰਨ ਵਾਲੀ ਪਹਿਲੀ ਹਸਤੀ ਸੀ ਤੇ ਬਦਲੇ ਵਿਚ ਉਹ ਕਵਿਤਾ ਅਤੇ ਹੋਰ ਕਲਾਵਾਂ ਨੂੰ ਪ੍ਰਭਾਵਿਤ ਕਰਨ ਵਾਲੀ ਮੁੱਖ ਵਿਅਕਤੀ ਬਣ ਗਈ।

3.

ਆਈਸਾ ਡੋਰਾ ਨੂੰ ਨਿਰਤ ਉੱਤੇ ਸਭ ਤੋਂ ਵੱਡੀਆਂ ਉਮੀਦਾਂ ਸਨ। ਇਕ ਕਲਾ ਵਜੋਂ, ਇਕ ਨਵੀਂ ਸਿਖਿਆਤਮਕ ਸ਼ਕਤੀ ਵਜੋਂ ਤੇ ਸਮਾਜਿਕ ਪ੍ਰੀਵਰਤਨ ਦੇ ਇਕ ਸਾਧਨ ਵਜੋਂ ਸੀ। ਉਸਨੇ ਆਪਣੇ ਆਪ ਨੂੰ 'ਕੇਵਲ ਨਰਤਕੀ' ਹੀ ਨਹੀਂ ਸੀ ਸਮਝਿਆ ਤੇ ਨਾ ਹੀ ਉਹ ਕਦੇ ਇੰਝ ਸਮਝਣਾ ਹੀ ਚਾਹੁੰਦੀ ਸੀ। ਉਸਦੀ ਪਹੁੰਚ ਕਦੇ ਵੀ ਕਲਾਤਮਿਕ



ਤੋਂ ਬਿਨਾਂ ਤੇ ਤੰਗ-ਨਜ਼ਰੀ ਵਾਲੀ ਨਹੀਂ ਸੀ, ਉਸ ਦੀਆਂ ਤਾਂਘਾਂ ਕੇਵਲ ਸਟੇਜ ਤੋਂ ਬਹੁਤ ਦੂਰ ਦੀਆਂ ਸਨ। ਉਸਨੇ ਜੋ ਕੁਝ ਵੀ ਕੀਤਾ, ਉਸ ਉੱਤੇ ਪ੍ਰਮਾਣਕਤਾ ਦਾ ਨਿਸ਼ਾਨ ਸੀ। ਉਹ ਇਸ ਗੱਲ ਉੱਤੇ ਬਲ ਦਿੰਦੀ ਸੀ ਕਿ "ਮੈਂ ਨਰਤਕੀ ਨਹੀਂ ਹਾਂ।" ਮੈਂ ਜੋ ਤਲਾਸ਼ ਕਰਨ ਦੀ ਕੋਸ਼ਿਸ਼ ਕਰ ਰਹੀ ਹਾਂ, ਉਹ ਹੈ ਜੀਵਨ ਦੇ ਕਿਸੇ ਨਵੇਂ ਰੂਪ ਨੂੰ ਪ੍ਰਗਟ ਕਰਨਾ ਤੇ ਤਲਾਸ਼ ਕਰਨਾ।

ਬਚਪਨ ਵੇਲੇ ਵੀ ਉਹ ਅਤਿ ਦੀ ਬਾਗ਼ੀਆਨਾ ਤਬੀਅਤ ਵਾਲੀ ਸੀ ਤੇ ਲੰਘਦੇ ਹਰ ਸਾਲ ਉਹ ਹੋਰ ਵਧੇਰੇ ਗਰਮ-ਦਲੀਆ ਹੁੰਦੀ ਗਈ। ਉਸਦੇ ਗ਼ੈਰ-ਰਵਾਇਤੀ ਨਿਰਤ ਨੇ, ਅੰਤਿਮ ਤੌਰ ਤੇ ਉਸਨੂੰ ਕੱਟੜਵਾਦੀ ਸ਼ਕਤੀਆਂ ਅਤੇ ਹੋਰ ਸਭਿਆਚਾਰਕ ਤੇ ਰਾਜਸੀ ਦ੍ਰਿੜ੍ਹਤਾਵਾਦੀ ਪ੍ਰਗਟਾਵੇ ਵਾਲੀਆਂ ਧਿਰਾਂ ਨਾਲ ਟੱਕਰ ਵਿਚ ਲੈ ਆਂਦਾ। ਬਹੁਤੇ ਪ੍ਰਮਾਣਿਕ ਕਵੀਆਂ ਵਾਂਗ ਉਸਨੇ ਲਗਾਤਾਰ ਪੋਲੀਸ ਨਾਲ ਟਕਰਾ ਸਹੇੜਿਆ ਤੇ ਉਹ ਬੁਰਜ਼ੂਆ ਪ੍ਰੈਸ ਵੱਲੋਂ ਬਦਨਾਮ ਕੀਤੀ ਜਾਂਦੀ ਰਹੀ। ਬਾਈਬਲ ਦੇ ਧਰਮ-ਪ੍ਰਚਾਰਕਾਂ, ਥੋਥੇ ਰਾਜਨੀਤੀਵਾਨਾਂ, ਅਮਰੀਕੀ ਲੀਜਨ ਅਤੇ ਕੂ, ਕਲਕਸ-ਕਲਾਨ ਵਰਗੀਆਂ ਧਿਰਾਂ ਨੇ ਉਸਦਾ ਅਪਮਾਨ ਕਰਨ ਦੀ ਕੋਈ ਕਸਰ ਨਹੀਂ ਛੱਡੀ। ਤੁਸੀਂ ਅਮੀਰ ਸ਼੍ਰੇਣੀ ਦੇ ਬੈਲੇ-ਪ੍ਰੇਮੀਆਂ ਦੀ ਜੇ ਗੱਲ ਛੱਡ ਹੀ ਦਿਉ। ਇਹਨਾਂ ਸਭਨਾਂ ਨੇ ਉਸਨੂੰ ਪੂੰਜੀਵਾਦ-ਈਸਾਈ ਪਾਖੰਡ ਦਾ ਇੱਕ ਆਲੋਚਨਾਤਮਿਕ ਵਿਸ਼ਲੇਸ਼ਣ ਵਿਕਸਿਤ ਕਰਨ ਵਿਚ ਸਹਾਇਤਾ ਕੀਤੀ ਤੇ ਇਹਨਾਂ ਸਭਨਾਂ ਧਿਰਾਂ ਨੇ ਉਸਨੂੰ ਉਹਨਾਂ ਗਰਮ-ਦਲੀ ਧਿਰਾਂ ਦੇ ਨੇੜੇ ਲੈ ਆਂਦਾ, ਜੋ ਸਮਾਜਿਕ ਪਰਿਵਰਤਨ ਦੀ ਤਲਾਸ਼ ਵਿਚ ਸਨ। ਉਸ ਦਾ ਉਦੇਸ਼ "ਸਾਨਸ-ਲਿਮੀਤੀਸ" ਸੀ ਅਤੇ ਬੁਰਜ਼ੂਆ ਅਮਨ ਕਾਨੂੰਨ ਦੀਆਂ ਲਾਗੂ ਕੀਤੀਆਂ ਸੀਮਾਵਾਂ ਨੂੰ ਉਲੰਘਣ ਦੇ ਰਾਹ ਤੁਰ ਪਈ। ਜਿਹੜੀ ਆਜ਼ਾਦੀ ਤੇ ਠਾਠ ਵਾਲੇ ਗੁਣ ਉਸਦੇ ਨਾਚ ਵਿਚ ਸਨ, ਉਸੇ ਤਰ੍ਹਾਂ ਹੀ ਉਸਨੇ ਇਨਕਲਾਬੀ ਤੇ ਗਰਮ-ਦਲੀ ਮੁੱਦਿਆਂ ਦੇ ਸਮੁੱਚੇ ਖੇਤਰ ਨੂੰ ਅਪਣਾ ਲਿਆ।

ਆਈਸਾ ਡੋਰਾ ਦੇ ਸਮਾਜਿਕ ਵਿਚਾਰਾਂ ਦਾ ਖੇਤਰ ਬਹੁਤ ਵਿਸ਼ਾਲ ਸੀ। ਉਸਦੇ ਪ੍ਰੋਗਰਾਮ ਵਿਚ ਇੱਕ ਜਾਂ ਦੂਸਰੇ ਅਵਸਰ ਤੇ ਸਭ ਕੁਝ ਹੀ ਸ਼ਾਮਿਲ ਸੀ। ਪੁਸ਼ਾਕ ਦੇ ਸੁਧਾਰ ਤੋਂ ਆਰੰਭ ਹੋ ਕੇ, ਵੈਸ਼ਨੋ ਭੋਜਨ ਤੇ ਸੰਤਾਨ-ਸੰਜਮ ਤੀਕ, ਪਰ ਉਸ ਦਾ ਖੱਬੇ ਪੱਖੀਪੁਣਾ ਚੰਚਲ ਜਾਂ ਤੁੱਛ ਨਹੀਂ ਸੀ। ਜਿਵੇਂ ਕਿ ਕੁਝ ਆਲੋਚਕਾਂ ਨੇ ਬਹਾਨਾ ਬਣਾਇਆ ਹੈ। ਸਗੋਂ ਇਸਦੇ ਉਲਟ ਉਸਨੇ ਲੰਮੇਰੇ ਸਮੇਂ ਤੀਕ, ਉਹਨਾਂ ਸੰਘਰਸ਼ਾਂ ਪ੍ਰਤੀ ਗੰਭੀਰ, ਨਿਰੰਤਰ ਤੇ ਅਮਲੀ ਸਮਰਪਣ ਦਾ ਵਿਖਾਵਾ ਪੇਸ਼ ਕੀਤਾ, ਜਿਹਨਾਂ ਮੁੱਦਿਆਂ ਨੂੰ ਉਹ ਖ਼ਾਸ ਤੌਰ ਤੇ ਆਪਣੇ ਸਮਝਦੀ ਸੀ। ਔਰਤਾਂ ਦੀ ਲਹਿਰ, ਜਥੇਬੰਦਕ ਧਰਮ ਦੀ ਵਿਰੋਧਤਾ ਅਤੇ ਦਿਹਾੜੀਦਾਰ ਗੁਲਾਮੀ ਦਾ ਵਿਰੋਧ ਆਦਿ।

ਆਪਣੀ ਸਾਰੀ ਹਯਾਤੀ ਵਿਚ ਉਹ ਔਰਤ ਦੀ ਮੁਕਤੀ ਦੀ ਜਾਨਦਾਰ ਮਿਸਾਲ ਸੀ ਅਤੇ ਉਸ ਦੀਆਂ ਲਿਖਤਾਂ ਇਸ ਸੰਘਰਸ਼ ਦੀਆਂ ਮਹੱਤਵਪੂਰਨ ਦਸਤਾਵੇਜ਼ਾਂ ਹਨ। ਸਾਡੇ

ਗਿਆਨ ਅਨੁਸਾਰ ਉਸਨੇ ਕਦੇ ਵੀ ਆਪਣੇ ਆਪ ਨੂੰ ਨਾਰੀਵਾਦੀ ਆਗੂ ਨਹੀਂ ਆਖਿਆ, ਨਾ ਹੀ ਉਹ ਕਿਸੇ ਨਾਰੀਵਾਦੀ ਗਰੁੱਪ ਨਾਲ ਸੰਬੰਧ ਰੱਖਦੀ ਸੀ। ਐਪਰ ਇਹ ਹੈਰਾਨੀ ਦੀ ਗੱਲ ਨਹੀਂ ਕਿ ਉਹ ਅੰਦੋਨੀਤੀ ਕੋਨੀ ਕਾਊ, ਸਾਲਵੀਆ ਪੰਖੁਰਸਾ, ਅਲੈਗਜ਼ਾਵਰ ਕੋਲਾਂਤੀ ਅਤੇ ਕਲਾਰਾ ਜੈਟਕਿਨ ਦੇ ਸੰਪਰਕ ਵਿਚ ਆਈ, ਜਿਨ੍ਹਾਂ ਨੇ ਔਰਤ ਦੀ ਆਜ਼ਾਦੀ ਦੇ ਪ੍ਰੋਗਰਾਮ ਵਿਚ ਸਮਾਜਵਾਦੀ ਇਨਕਲਾਬ ਸ਼ਾਮਿਲ ਸੀ। ਆਈਸਾ ਡੋਰਾ ਨੇ ਹਮੇਸ਼ਾ ਹੀ ਇਹ ਗੱਲ ਮੰਨੀ ਕਿ ਕਿਸੇ ਵੀ ਹੋਰ ਗੱਲ ਨਾਲੋਂ ਉਸਦਾ ਨਿਰਤ "ਔਰਤ ਦੀ ਮੁਕਤੀ ਦਾ ਚਿੰਨ ਸੀ।" ਉਹ ਬੜੀ ਦਲੇਰੀ ਨਾਲ ਭਵਿੱਖ ਵਿਚ, ਉਸ ਨਵੀਂ ਔਰਤ ਦੀ ਉਡੀਕ ਵਿਚ ਸੀ, ਜੋ ਹੁਣ ਤੀਕ ਹੋਈ ਕਿਸੇ ਔਰਤ ਨਾਲੋਂ ਕਿਤੇ ਵੱਧ ਤੇਜੱਸਵੀ ਹੋਵੇ। ਜੋ ਸਭ ਤੋਂ ਵੱਧ ਮੁਕਤ-ਦੇਹ ਦਾ ਸਭ ਤੋਂ ਬੁੱਧੀਮਾਨ ਚਿੰਨ੍ਹ ਹੋਵੇ।

ਆਜ਼ਾਦ ਖ਼ਿਆਲ ਪਰਿਵਾਰ ਵਿਚ ਪਲ ਕੇ, ਆਈਸਾ ਡੋਰਾ, ਜਥੇਬੰਦਕ ਧਰਮ ਦੀ ਤਿੱਖੀ ਆਲੋਚਕ ਬਣੀ ਰਹੀ। ਇੰਝ ਕਰਨ ਨਾਲ, ਉਹ ਕਦੇ-ਕਦੇ, ਉਹ ਪ੍ਰਾਚੀਨ ਧਾਰਮਿਕ ਮਿੱਥਾਂ ਦੀਆਂ ਕਈ ਕੇਂਦਰੀ ਹਸਤੀਆਂ ਨੂੰ ਪੇਸ਼ ਕਰਨ ਤੋਂ ਰੁਕੀ ਨਹੀਂ। ਇਸ ਤੋਂ ਬਿਨਾਂ ਸ਼ੈਲੇ, ਰਿੰਬਾਂ, ਬਰੀਟਨ ਅਤੇ ਹੋਰ ਦੂਸਰੇ ਕਵੀਆਂ ਜੋ ਆਪਣੇ ਧੜੱਲੇਦਾਰ ਨਾਸਤਕ ਵਿਚਾਰਾਂ ਕਾਰਨ ਪ੍ਰਸਿੱਧ ਸਨ, ਵਾਂਗ ਉਹ ਗੁੱਝੇ ਸਿਧਾਂਤਾਂ, ਧਰਮ-ਵਿਰੋਧੀ ਖ਼ਿਆਲਾਂ ਤੇ ਮਾਨਸਿਕ ਖੋਜ ਵਿਚ ਡੂੰਘੀ ਦਿਲਚਸਪੀ ਰੱਖਦੀ ਸੀ। ਕਵੀਆਂ ਵਾਂਗ ਉਹ ਧਾਰਮਿਕ ਪ੍ਰਸ਼ਨਾਂ ਵਿਚ ਦਖਲ ਦੇ ਦਿੰਦੀ ਸੀ, ਜਦੋਂ ਕਦੇ ਵੀ ਉਸਦਾ ਚਿੱਤ ਚਾਹੁੰਦਾ ਸੀ। ਕਈ ਵਾਰ ਉਹ ਇੰਝ ਸਿਰਫ਼ ਕਾਵਿਕ ਮੰਤਵਾਂ ਲਈ ਹੀ ਕਰਦੀ ਸੀ। ਉਹ ਸਦਾ ਹੀ ਲੁਈਸ ਬੂਨੀਅਲ ਨਾਲ ਕਦੇ ਵੀ ਐਲਾਨ ਕਰ ਸਕਦੀ ਸੀ "ਰੱਬ ਦਾ ਸ਼ੁਕਰ! ਮੈਂ ਅਜੇ ਵੀ ਨਾਸਤਕ ਹਾਂ।"

ਸਿੱਖਿਆ ਬਾਰੇ ਉਸਦੇ ਵਿਚਾਰ ਕਾਫ਼ੀ ਹੱਦ ਤੀਕ ਵਿਕਸਿਤ ਹੋ ਚੁੱਕੇ ਸਨ। ਨਿਰਸੰਦੇਹ ਇਕ ਸਮਾਜਿਕ ਸਿਧਾਂਤਕਾਰ ਵਜੋਂ ਇਹ ਉਸ ਦਾ ਸਭ ਤੋਂ ਵੱਧ ਮੌਲਿਕ ਕੰਮ ਸੀ। ਵੱਖਰੇ ਪ੍ਰਸੰਗ ਵਿਚ ਫੈਸਲਾਕੁੰਨ ਮੋੜ ਇਹ ਸੀ ਕਿ ਇੱਕ ਬੱਚੇ ਵਜੋਂ ਉਸਦਾ ਆਪਣਾ ਸਕੂਲ ਤਜਰਬਾ, ਜਿਸਨੂੰ ਉਹ, "ਬੜਾ ਹੱਤਕ ਭਰਿਆ ਤੇ ਪਸ਼ਚਾਤਾਪੀ" ਸਮਝਦੀ ਸੀ, ਅਤੇ "ਬਚਪਨ ਬਾਰੇ ਵਹਿਸ਼ੀ ਬੇਸਮਝੀ" ਆਖਦੀ ਸੀ। ਉਸਨੇ ਆਧੁਨਿਕ ਵਿਦਿਅਕ ਸੰਸਥਾਵਾਂ ਦਾ ਬੜਾ ਡੂੰਘਾ ਆਲੋਚਨਾਤਮਿਕ ਵਿਸ਼ਲੇਸ਼ਣ ਪੇਸ਼ ਕੀਤਾ। ਜਿਸ ਦੀ, ਅਫ਼ਸੋਸ ਹੈ, ਅੱਜ ਵੀ ਸਮਾਂ ਅਨੁਕੂਲਤਾ ਖ਼ਤਮ ਨਹੀਂ ਹੋਈ।

ਉਸਦਾ ਆਪਣਾ ਸਕੂਲ ਜੋ ਦੂਸਰੇ ਸਕੂਲਾਂ ਨਾਲੋਂ ਬਿਲਕੁਲ ਵੱਖਰੀ ਤਰ੍ਹਾਂ ਵਿਉਂਤਿਆ ਗਿਆ ਸੀ ਤੇ ਉਹ ਦੂਸਰੇ ਸਭ ਸਕੂਲਾਂ ਦੇ ਉਲਟ ਸੀ। ਆਪ ਅਰਥਾਂ ਵਿਚ, ਉਸ ਸਕੂਲ ਨੂੰ 'ਨਿਰਤ ਦਾ ਸਕੂਲ' ਨਹੀਂ ਸੀ ਸਮਝਦੀ। ਸਗੋਂ ਉਹ ਇਸ ਨੂੰ ਇੱਕ ਤਰ੍ਹਾਂ ਦਾ ਜਥੇਬੰਦਕ ਕੇਂਦਰ ਸਮਝਦੀ ਸੀ ਤੇ ਇਸਨੂੰ 'ਵਿਸ਼ਵ ਦੇ ਆਮ ਸੁਧਾਰ' ਦਾ ਸਕੂਲ ਸਮਝਦੀ ਸੀ। ਆਪਣੇ ਸਿੱਖਿਆ ਸੰਬੰਧੀ ਵਿਚਾਰਾਂ ਵਿਚ ਉਹ ਚਾਰਲਸ ਫੋਰੀਅਰ ਵਰਗੇ ਖ਼ਾਸ ਸੁਪਨ-



ਸਾਜ਼ਾਂ ਵਿਚ ਸ਼ਾਮਲ ਹੁੰਦੀ ਹੈ, ਜਿਹੜਾ ਕਿ "ਜਜ਼ਬਾਤੀ ਖਿੱਚ" ਦਾ ਸਿਧਾਂਤਕਾਰ ਸੀ।

4.

ਹਰ ਤਰ੍ਹਾਂ ਦੇ ਰਾਜਸੀ ਗਰਮ-ਦਲੀਏ ਅਰਾਜਕਤਾਵਾਦੀ, ਸਮਾਜਵਾਦੀ ਤੇ ਇਕੱਲ-ਪਸੰਦ, ਉਸ ਦੇ ਦੋਸਤਾਂ ਵਿਚਲੀ ਬਹੁ-ਗਿਣਤੀ ਹੁੰਦੇ ਸਨ, ਪਰ ਡੰਕਨ ਦਾ ਆਪਣਾ ਖੱਬੇ-ਪੱਖੀਵਾਦ, ਕਦੇ ਵੀ ਸਪੱਸ਼ਟ ਰਾਜਸੀ ਦਿਸ਼ਾ ਗ੍ਰਹਿਣ ਨਾ ਕਰ ਸਕਿਆ, ਜੇ ਕੀਤਾ ਤਾਂ ਜੀਵਨ ਵਿਚ ਬਹੁਤ ਦੇਰ ਬਾਅਦ ਕੀਤਾ। ਉਹ 1905 ਦੇ ਰੂਸੀ ਇਨਕਲਾਬ ਦੇ "ਖ਼ੂਨੀ ਐਤਵਾਰ" ਦੇ ਸਿੱਟੇ ਨੂੰ ਵੇਖ ਕੇ ਡੂੰਘੀ ਤਰ੍ਹਾਂ ਪ੍ਰਭਾਵਿਤ ਹੋਈ ਸੀ ਅਤੇ ਬਾਰਾਂ ਸਾਲ ਬਾਅਦ ਜ਼ਾਰਸ਼ਾਹੀ ਦੇ ਖ਼ਤਮੇ ਤੋਂ ਪਿੱਛੋਂ, ਉਸਨੇ ਇੱਕ ਕਮਿਊਨਿਸਟ ਵਜੋਂ ਸੋਚਣਾ ਸ਼ੁਰੂ ਕੀਤਾ। ਉਸਨੇ ਆਪਣੀ ਸਵੈ-ਜੀਵਨੀ (ਮਾਈ ਲਾਈਫ਼) ਵਿਚ ਲਿਖਿਆ ਹੈ – "ਰੂਸੀ ਕ੍ਰਾਂਤੀ ਦੀ ਰਾਤ ਨੂੰ ਮੈਂ ਭਿਆਨਕ ਖ਼ੁਸ਼ੀ ਨਾਲ ਨੱਚੀ ਸੀ।" ਆਪਣੇ ਜੀਵਨ ਦੇ ਆਖਰੀ ਵਰ੍ਹਿਆਂ ਵਿਚ ਤੀਜੀ ਇੰਟਰਨੈਸ਼ਨਲ ਦੇ ਮੰਤਵ ਬਾਰੇ ਉਸਦੀ ਵਫ਼ਾਦਾਰੀ ਅਡੋਲ ਸੀ।

ਆਈਸਾ ਡੋਰਾ ਨੂੰ ਵਧੇਰੇ ਸਨਮਾਨ ਯੋਗ ਦਿੱਖ ਵਾਲੀ ਵਿਖਾਈ ਦੇਣ ਲਈ, ਕਈਆਂ ਟਿੱਪਣੀਕਾਰਾਂ ਨੇ ਉਸਦਾ ਮਖ਼ੌਲ ਉਡਾਇਆ ਹੈ ਜਾਂ ਮਜ਼ਦੂਰ-ਲਹਿਰ ਦੇ ਉਸਦੇ ਸਪੱਸ਼ਟ ਸਮਰਥਨ ਨੂੰ ਅੱਖੋਂ ਓਹਲੇ ਕੀਤਾ ਗਿਆ ਹੈ। ਪਰ ਖ਼ੁਸ਼-ਕਿਸਮਤੀ ਨਾਲ ਇਸ ਵਿਸ਼ੇ ਬਾਰੇ ਉਸਦੇ ਪਾਰਦਰਸ਼ੀ ਐਲਾਨਾਂ ਨੂੰ ਗਲਤ-ਅਰਥਾਂ ਵਿਚ ਪੇਸ਼ ਕਰਨਾ ਅਸੰਭਵ ਹੈ। ਪੂੰਜੀ ਤੇ ਮਜ਼ਦੂਰ ਦੀ ਮਹਾਨ ਟੱਕਰ ਵਿਚ ਆਈਸਾ ਡੋਰਾ ਨੇ ਇਸ ਗੱਲ ਵਿਚ ਭੋਰਾ ਵੀ ਸੰਦੇਹ ਨਹੀਂ ਸੀ ਰਹਿਣ ਦਿੱਤਾ ਕਿ ਉਹ ਕਿਸ ਧਿਰ ਵੱਲ ਸੀ। ਉਸਨੇ ਲਿਖਿਆ ਸੀ, "ਆਪਣੀ ਲਾਲ ਪੁਸ਼ਾਕ ਵਿਚ ਮੈਂ ਸਦਾ ਹੀ ਇਨਕਲਾਬ ਲਈ ਨੱਚਦੀ ਰਹੀ ਸੀ।"

ਇਹ ਸੱਚ ਹੈ ਕਿ ਉਹ ਵਿਚਾਰਧਾਰਕ ਵਾਦ-ਵਿਵਾਦ ਵਿਚ ਤੰਗ-ਦਿਲੀ, ਵਾਲੀਆਂ ਕਿਸਮਾਂ ਵੱਲ ਜ਼ਰਾ-ਮਾਸਾ ਝੁਕ ਜਾਂਦੀ ਸੀ ਤੇ ਇਸ ਗੱਲ ਦੀ ਸੰਭਾਵਨਾ ਵਿਖਾਲੀ ਨਹੀਂ ਦਿੰਦੀ ਕਿ ਉਸਨੇ ਮਾਰਕਸਵਾਦੀ ਸਿਧਾਂਤ ਦੇ ਨਰੋਏ ਨੁਕਤਿਆਂ ਨੂੰ ਸਮਝਣ ਲਈ ਕਾਫ਼ੀ ਕੋਸ਼ਿਸ਼ ਕੀਤੀ ਹੋਵੇ। ਇਨਕਲਾਬੀ ਲਹਿਰ ਵੱਲ ਉਸ ਦਾ ਝੁਕਾਅ, ਆਮ ਕਰਕੇ ਰੋਮਾਂਟਿਕ ਅਤੇ ਸੁਪਨਮਈ ਸੀ। ਪਰ ਇਹ ਝੁਕਾਅ ਸਭ ਤੋਂ ਚੰਗੇਰੇ ਅਰਥਾਂ ਵਿਚ ਹੀ ਸੀ। ਸੰਬੋਧਨ ਦੇ ਪੁਰਾਣੇ ਰੂਪਾਂ 'ਮਿਸ', 'ਮੈਡਮ' ਨੂੰ ਤਿਆਗ ਕੇ ਉਸਨੇ 'ਕਾਮਰੇਡ' ਸ਼ਬਦ ਦੀ ਵਰਤੋਂ ਉੱਤੇ ਜ਼ੋਰ ਦਿੱਤਾ ਸੀ। ਬਾਲਸ਼ਵਿਕ ਰੂਸ ਲਈ, ਲੈਨਿਨ ਲਈ ਤੇ ਇੰਟਰਨੈਸ਼ਨਲ ਲਈ, ਉਸਦਾ ਜੋਸ਼ ਕਿੰਤੂ ਤੋਂ ਪਾਰ ਸੀ। ਪਿੱਛੋਂ ਜਦੋਂ ਮਜ਼ਦੂਰਾਂ ਦੀਆਂ ਕੌਂਸਲਾਂ ਨੂੰ ਵਿਸ਼ਾਲ ਤੇ ਵਿਸ਼ੇਸ਼ ਅਧਿਕਾਰਾਂ ਵਾਲੀ ਅਫਸਰਸ਼ਾਹੀ ਹੱਥੋਂ, ਜਿਸਨੂੰ ਸਟਾਲਿਨ ਨੇ ਪੱਕੇ ਪੈਰੀਂ ਕੀਤਾ ਸੀ, ਸੱਟਾਂ ਖਾਣੀਆਂ ਪਈਆਂ ਤਾਂ ਉਹ ਵਧੇਰੇ ਆਲੋਚਨਾਤਮਕ ਹੋ ਗਈ। (ਸਟਾਲਿਨ ਨਿਘਾਰ ਗ੍ਰਸਤ ਬੈਲੇ-ਨਾਚ ਨੂੰ ਪਸੰਦ ਕਰਦਾ ਸੀ) ਐਪਰ ਇਨਕਲਾਬ ਦੀਆਂ ਪ੍ਰਾਪਤੀਆਂ ਅਤੇ ਬੁਨਿਆਦੀ ਆਦਰਸ਼ਾਂ ਨਾਲ ਉਸ ਦੀ ਇੱਕਮੁੱਠਤਾ ਕਦੇ ਵੀ ਘਟੀ ਨਹੀਂ ਸੀ, ਸਗੋਂ ਇਹ ਲਗਾਤਾਰ ਤਕੜੀ ਹੁੰਦੀ ਗਈ।

ਇਹ ਤੱਥ ਕਿ ਉਹ ਕਦੇ ਵੀ ਕਿਸੇ ਇਨਕਲਾਬੀ ਜਥੇਬੰਦੀ ਵਿਚ ਸ਼ਾਮਿਲ ਨਹੀਂ ਸੀ ਹੋਈ, ਦਾ ਇਹ ਅਰਥ ਨਹੀਂ ਕਿ ਇਨਕਲਾਬ ਲਈ ਉਸਦਾ ਸਮਰਥਨ ਕੇਵਲ ਮੂੰਹ-ਜ਼ੁਬਾਨੀ ਸੀ। ਇਸਦੇ ਉਲਟ, ਆਈਸਾ ਡੋਰਾ ਹਮੇਸ਼ਾ ਹੀ ਸਰਗਰਮ ਵਰਕਰ ਰਹੀ। 1900 ਦੇ ਸ਼ੁਰੂ ਵਿਚ ਦਾਦਾਵਾਦ ਦੇ ਵਿਰੋਧ ਦੀ ਭੜਕਾਹਟ ਤੋਂ ਬਹੁਤ ਪਹਿਲਾਂ ਉਸਨੇ ਬਰਲਿਨ ਦੀ ਜਵਾਨੀ ਨੂੰ ਧੜੱਲੇਦਾਰ ਭਾਸ਼ਣ ਰਾਹੀਂ ਸ਼ਹਿਰ ਦੀਆਂ ਪਾਰਕਾਂ ਵਿਚੋਂ ਉਹਨਾਂ ਸੈਨਿਕਵਾਦੀ ਬੁੱਤਾਂ ਨੂੰ ਤੋੜ ਦੇਣ ਲਈ ਸੱਦਾ ਦਿੱਤਾ ਸੀ, ਜਿਹੜੇ ਪਾਰਕਾਂ ਨੂੰ ਕਰੂਪ ਕਰਦੇ ਸਨ। ਉਹ ਜਿਹੜੀ ਮਈ ਦਿਵਸ ਦੇ ਵਰਕਰਾਂ ਬਾਰੇ ਏਨੇ ਸੰਗੀਤਕ ਢੰਗ ਨਾਲ ਲਿਖ ਸਕਦੀ ਸੀ, ਸਦਾ ਹੀ ਗਲੀਆਂ ਵਿਚਲੇ ਜਲੂਸਾਂ ਵਿਚ ਸ਼ਾਮਿਲ ਹੋਣ ਲਈ ਤੱਤਪਰ ਰਹਿੰਦੀ ਸੀ। ਉਸਨੇ ਰੂਸ ਦੇ ਕਾਲ-ਮਾਰੇ ਲੋਕਾਂ ਲਈ ਸਹਾਇਤਾ ਇਕੱਠੀ ਕਰਨ ਲਈ ਆਇਰਲੈਂਡ ਦੀ ਸਵਤੰਤਰਾ ਲਈ ਅਤੇ ਸ਼੍ਰੇਣਕ-ਯੁੱਧ ਦੇ ਕੈਦੀਆਂ ਦੀ ਰਿਹਾਈ ਲਈ ਪ੍ਰਚਾਰ ਕੀਤਾ। ਆਪਣੇ ਜੀਵਨ ਦੇ ਅੰਤ ਦੇ ਨੇੜੇ ਪੈਰਿਸ ਵਿਚਲਾ ਉਸਦਾ ਘਰ, 'ਸਾਕੋ ਅਤੇ ਵੈਨਜ਼ੀਟੀ' ਦੇ ਬਚਾਅ ਲਈ ਕਮੇਟੀ ਦੀਆਂ ਮੀਟਿੰਗਾਂ ਦਾ ਅੱਡਾ ਬਣ ਗਿਆ ਅਤੇ ਇਹਨਾਂ ਦੋ ਅਰਾਜਕਤਾ-ਵਾਦੀ ਵਰਕਰਾਂ ਦੇ ਅਦਾਲਤੀ ਕਤਲ ਵਿਰੁੱਧ ਉਸਨੇ ਬੜੇ ਰੋਹ ਭਰੇ ਜਲੂਸਾਂ ਵਿਚ ਸਰਗਰਮ ਹਿੱਸਾ ਲਿਆ ਸੀ।

5.

ਇਨਕਲਾਬ ਲਈ ਉਸ ਦੀਆਂ ਸਭ ਤੋਂ ਵੱਡੀਆਂ ਸੇਵਾਵਾਂ, ਨਿਰਸੰਦੇਹ ਹੋਰ ਖੇਤਰ ਵਿਚ ਸਨ। ਉਸਦੇ ਨਿਰਤ, ਉਸਦੀ ਸਿੱਖਿਆ ਅਤੇ ਉਸ ਦੀ ਆਪਣੀ ਮਿਸਾਲ ਵਿਚ। ਪੁਰਾਣੇ ਸਮਾਜ ਦੀ ਹਾਰ ਅਤੇ ਨਵੇਂ ਸਮਾਜ ਦੀ ਉਸਾਰੀ ਲਈ, ਇਹ ਉਸ ਦੀਆਂ ਅਦੁੱਤੀ ਦੇਣਾਂ ਸਨ। ਇਹ ਗੱਲ ਸੀ ਕਿ ਉਹ ਆਪਣੀ ਦੇਣ ਨੂੰ ਖ਼ੁਦ ਵੀ ਇਸੇ ਰੌਸ਼ਨੀ ਵਿਚ ਵੇਖਦੀ ਸੀ। ਉਸਦੇ ਬਹੁਤ ਸਾਰੇ ਕਥਨਾਂ ਤੋਂ ਸਪੱਸ਼ਟ ਹੋ ਜਾਂਦਾ ਹੈ। ਪਰ ਕਿੰਨੇ ਘੱਟ ਆਲੋਚਕ ਇਸ ਗੱਲ ਨੂੰ ਪ੍ਰਵਾਨ ਕਰਨ ਲਈ ਤਿਆਰ ਸਨ ਕਿ ਇਹ ਮਹਾਨ ਨਰਤਕੀ ਨੇ ਆਪਣੇ ਜੀਵਨ ਭਰ ਦੇ ਕੰਮ ਨੂੰ, ਅਮੀਰਾਂ ਲਈ ਮਨਪ੍ਰਚਾਵੇ ਦਾ ਸੋਮਾ ਬਣਨ ਦੀ ਥਾਂ, ਮਨੁੱਖੀ ਮੁਕਤੀ ਲਈ ਲੀਵਰ (ਧੁਰਾ) ਬਣਾਉਣ ਦਾ ਨਿਸ਼ਚਾ ਕੀਤਾ।

ਕਿਸੇ ਇੱਕ ਵੀ ਉਸਦੇ ਜੀਵਨੀ ਲੇਖਕ ਨੇ 1915 ਵਿਚ ਨਿਊਯਾਰਕ ਵਿਚ ਜੂਲੀਟੀ ਪੋਨਿਟਜ਼ ਦੀ ਅਗਵਾਈ ਅਧੀਨ "ਇੰਟਰਨੈਸ਼ਨਲ ਲੇਡੀਜ਼ ਗਾਰਮੈਂਟ ਵਰਕਰ ਯੂਨੀਅਨ" ਵਲੋਂ ਆਈਸਾ ਡੋਰਾ ਦੀ ਅਗਵਾਈ ਅਧੀਨ ਮਜ਼ਦੂਰ ਜਮਾਤ ਦੇ ਬੱਚਿਆਂ ਲਈ ਸਕੂਲ ਖੋਲ੍ਹਣ ਦਾ ਜ਼ਿਕਰ ਨਹੀਂ ਕੀਤਾ। ਅਫ਼ਸੋਸ ਹੈ ਕਿ ਉਹ ਯੋਜਨਾ ਸਿਰੇ ਨਾ ਚੜ੍ਹ ਸਕੀ। ਹਮੇਸ਼ਾ ਹੀ ਉਸਦਾ ਸਕੂਲ ਬਦਕਿਸਮਤੀ ਦਾ ਸ਼ਿਕਾਰ ਹੁੰਦਾ ਰਿਹਾ। ਪਿੱਛੋਂ ਵੀ ਜਦੋਂ ਸੋਵੀਅਤ ਸਰਕਾਰ ਦੀ ਸਹਾਇਤਾ ਨਾਲ ਮਾਸਕੋ ਵਿਚ ਸਕੂਲ ਖੋਲ੍ਹਿਆ ਗਿਆ ਤਾਂ ਇਹ ਉਸਦੀਆਂ ਆਸਾਂ ਤੋਂ ਥੱਲੇ ਹੀ ਰਹਿ ਗਿਆ। ਉਸਨੇ ਸ਼ਾਨਦਾਰ ਚੌਗਿਰਦੇ ਵਿਚ ਹਜ਼ਾਰਾਂ ਬੱਚਿਆਂ ਲਈ ਵੱਡੇ ਸਕੂਲ ਦਾ ਸੁਪਨਾ ਲਿਆ ਸੀ। ਐਪਰ ਫੌਰੀਅਰ ਫਿਲਾਂਸਟਰੀ ਵਾਂਗ



ਡੰਕਨ ਦਾ ਸਕੂਲ ਅਸਲੀਅਤ ਨਾਲੋਂ ਕੇਵਲ ਇੱਕ ਸੁਪਨਾ ਹੀ ਰਹਿ ਗਿਆ। ਐਪਰ ਫੌਰੀਅਰ ਦੇ ਸੁਪਨੇ ਵਾਂਗ ਉਹ ਅਜੇ ਵੀ ਮਿੱਥ ਦੀ ਪੱਧਰ ਉੱਤੇ ਜੀਵਨ ਲਈ ਇੱਕ ਅਦਭੁੱਤ ਤੇ ਮਹਾਨ ਅਪੀਲ ਦੀ ਸ਼ਕਲ ਵਿਚ ਜਿਊਂਦਾ ਹੈ। ਕਿਉਂਕਿ ਆਈਸਾ ਡੋਰਾ ਦੀ ਦ੍ਰਿਸ਼ਟੀ ਸਕੂਲ ਉੱਤੇ ਹੀ ਰੁਕੀ ਨਹੀਂ। ਸਕੂਲ ਉਸ ਲਈ ਕੇਵਲ ਇਕ ਆਰੰਭ ਹੀ ਸੀ। ਵਾਲਟ-ਵਿੱਟਮੈਨ ਦੇ "ਮੈਂ ਅਮਰੀਕਾ ਨੂੰ ਗਾਉਂਦੇ ਸੁਣਦਾ ਹਾਂ।" ਵਿਚ ਉਸਨੇ ਵਾਧਾ ਕੀਤਾ ਤੇ ਕਿਹਾ, "ਮੈਂ ਅਮਰੀਕਾ ਨੂੰ ਨੱਚਦੇ ਵੇਖਦੀ ਹਾਂ।" ਉਹ ਇਕ ਕੌਮਾਂਤਰੀਵਾਦੀ ਸੀ ਤਾਂ ਉਹ ਸੱਚੀਂ ਹੀ ਸਾਰੇ ਵਿਸ਼ਵ ਨੂੰ ਨੱਚਦਾ ਵੇਖਣ ਲਈ ਕਹਿ ਸਕਦੀ ਸੀ।

6.

ਆਪਣੇ ਨਿਰਤ, ਆਪਣੀ ਸਿੱਖਿਆ ਤੇ ਆਪਣੀ ਜ਼ਿੰਦਗੀ ਵਿਚ ਆਈਸਾ ਡੋਰਾ ਨੇ ਇੱਕ ਦਿਆਲੂ ਤੇ ਸਭ ਨੂੰ ਕਲਾਵੇ ਵਿਚ ਲੈਣ ਵਾਲੀ ਕ੍ਰਾਂਤੀਕਾਰੀ ਭਾਵਨਾ ਅਤੇ ਇਕ ਰਚਨਾਤਮਿਕਤਾ ਤੇ ਸਵਤੰਤਰਤਾ ਵਾਲੀ ਉਚੇਰੀ ਤੇ ਨਵੀਂ ਜ਼ਿੰਦਗੀ ਦਾ ਸੰਚਾਰ ਕੀਤਾ। ਸਰਬ-ਸਾਂਝੀਵਾਲਤਾ ਦਾ ਕੁਝ ਕਿਆਸ, ਜੋ ਉਸਦੇ ਕ੍ਰਾਂਤੀਕਾਰੀ ਵਲਵਲੇ ਵਿਚ ਲੁਪਤ ਹੈ, ਦੁਨਿਆਵੀ, ਸੰਕੀਰਣ ਯੁੱਧ-ਨੀਤਕ ਅਤੇ ਦਾਅ-ਪੇਚਕ ਵਿਰੋਧ, ਜੋ ਉਹਨਾਂ ਲੋਕੀਂ ਨੂੰ ਪਾੜਦੇ ਹਨ, ਜਿਨ੍ਹਾਂ ਦਾ ਸਾਂਝਾ ਉਦੇਸ਼ ਸੰਸਾਰ ਨੂੰ ਬਦਲਣਾ ਹੈ, ਤੋਂ ਪਾਰ ਜਾਣ ਦੀ ਉਸਦੀ ਯੋਗਤਾ ਦਾ ਅਨੁਮਾਨ ਉਸ ਉਤਸ਼ਾਹ ਤੋਂ ਵੇਖਿਆ ਜਾ ਸਕਦਾ ਹੈ, ਜਿਹੜਾ ਉਸਨੇ ਤੇ ਉਸਦੇ ਕੰਮ ਨੇ ਉਹਨਾਂ ਲੜਾਕੂ ਸੂਰਮਿਆਂ ਵਿਚ ਪੈਦਾ ਕੀਤਾ, ਜਿਹਨਾਂ ਦੇ ਵਿਚਾਰ ਉਂਝ ਬੁਰੀ ਤਰ੍ਹਾਂ ਇਕ ਦੂਜੇ ਦੇ ਵਿਰੋਧੀ ਸਨ। ਅਸੀਂ ਜਾਣਦੇ ਹਾਂ ਕਿ ਮਿਸਾਲ ਵਜੋਂ ਲੈਨਿਨ ਡੰਕਨ ਨੂੰ ਬਹੁਤ ਪਸੰਦ ਕਰਦਾ ਸੀ ਤੇ ਉਹ ਉਸਦੇ ਕੰਮ ਵਿਚ ਡੂੰਘੀ ਦਿਲਚਸਪੀ ਲੈਂਦਾ ਸੀ, ਉਸਨੇ ਕਿਹਾ ਸੀ, "ਅਸੀਂ ਜਿੰਨਾ ਜ਼ਿਆਦਾ ਧਿਆਨ ਉਸਦੇ ਕੀਤੇ ਜਾ ਰਹੇ ਕੰਮਾਂ ਵੱਲ ਦੇਵਾਂਗੇ, ਓਨੇ ਹੀ ਚੰਗੇਰੇ ਨਤੀਜੇ ਨਿਕਲਣਗੇ।" ਉਹ ਅਰਾਜਕਤਾਵਾਦੀ ਅਲੈਗਜਾਂਡਰ ਬਰਕ ਮੈਨ ਦੀ ਚੰਗੀ ਮਿੱਤਰ ਸੀ। ਬਾਲਸ਼ਵਿਕਵਾਦ ਦਾ ਨਿਧੜਕ ਆਲੋਚਕ, ਬਰਕਮੈਨ, ਆਈਸਾ ਡੋਰਾ ਦਾ ਬੜਾ ਨਿੱਘਾ ਪ੍ਰਸ਼ੰਸਕ ਸੀ ਤੇ ਉਸਨੂੰ 'ਇੱਕ ਮਹਾਨ ਤੇ ਪਵਿੱਤਰ ਪਾਤਰ ਸਮਝਦਾ ਸੀ। ਪਰ ਸ਼ਾਇਦ ਇਹ ਸਮਾਜਵਾਦੀ ਆਗੂ ਫਲੋਇਡ ਡੇਲ ਸੀ, ਜਿਸਨੇ 1916 ਵਿਚ "ਦਾ ਮਾਸਿਜ਼" ਪੱਤ੍ਰਿਕਾ ਵਿਚ ਲਿਖਦੇ ਹੋਏ ਉਸ ਉਤਸ਼ਾਹ ਨੂੰ ਵਧੀਆ ਢੰਗ ਨਾਲ ਪ੍ਰਗਟ ਕੀਤਾ ਹੈ, ਜੋ ਖੱਬੇ-ਪੱਖੀਆਂ ਦੀ ਪੂਰੀ ਪੀੜ੍ਹੀ ਵਿਚ ਉਸਨੇ ਪ੍ਰੇਰਿਤ ਕੀਤਾ ਸੀ।

"ਇੱਕ ਅਜੀਬ ਤੇ ਹਨ੍ਹੇਰੀ ਉਨੀਵੀਂ ਸਦੀ। ਇਹ ਯਾਦ ਕਰਨ ਨਾਲ ਮੈਨੂੰ ਕੋਈ ਧਰਵਾਸ ਨਹੀਂ ਮਿਲਦਾ ਕਿ ਉਸ ਹਨ੍ਹੇਰੇ ਵਿਚ ਉਹ ਬੋਦੀ ਵਾਲੇ ਤਾਰੇ ਵੀ ਸਨ, ਜਿਵੇਂ ਨਿਟਸ਼ੇ ਅਤੇ ਵਾਲਟ ਵਿੱਟਮੈਨ, ਡਾਰਵਨ ਅਤੇ ਮਾਰਕਸ ਜੋ ਹਜ਼ਾਰ ਸਦੀ ਦੀ ਸ਼ਾਨ ਦੇ ਪੈਗੰਬਰ ਸਨ। ਮੈਂ ਜਦੋਂ ਇਹ ਸੋਚਦਾ ਹਾਂ ਕਿ ਜੇ ਮੈਂ ਉਸ ਸਦੀ ਦੇ ਹਨ੍ਹੇਰੇ ਵਿਚ ਜਿਊਂਦਾ ਤੇ ਮਰਿਆ ਹੁੰਦਾ, ਮੈਂ ਕਦੀਂ ਵੀ ਮਨੁੱਖੀ ਜਿਸਮ ਦੀ ਸੁੰਦਰਤਾ ਤੇ ਸ਼ੌਂਫ਼ ਨੂੰ ਇਹਨਾਂ ਅੱਖਾਂ ਨਾਲ

ਨਾ ਵੇਖਿਆ ਹੁੰਦਾ। ਮੈਂ ਆਪਣੇ ਸਮੇਂ ਦੀ ਦਿਨ-ਦੀ-ਰੌਸ਼ਨੀ ਨੂੰ ਵੇਖ ਕੇ ਖੁਸ਼ ਹਾਂ। ਰੱਬ ਨੂੰ ਉਸਦੇ ਸਿੰਘਾਸਨ ਤੋਂ ਲਾਹ ਦੇਣਾ ਤੇ ਸਰਬ-ਸਾਂਝੇ ਧਨ ਅਤੇ ਮਹਾਂ-ਮਾਨਵ ਬਾਰੇ ਸੁਪਨੇ ਲੈਣਾ ਹੀ ਕਾਫੀ ਨਹੀਂ। ਖੁਸ਼ੀ-ਖੁਸ਼ੀ ਮਰਨ ਤੋਂ ਪਹਿਲਾਂ ਆਈਸਾ ਡੋਰਾ ਡੰਕਨ ਨੂੰ ਵੇਖਣਾ ਵੀ ਆਵੱਸ਼ਕ ਸੀ।"

7.

ਆਈਸਾ ਡੋਰਾ ਨੇ ਆਪਣੇ ਆਪ ਨੂੰ ਕਦੇ ਲੇਖਕ ਨਹੀਂ ਸੀ ਸਮਝਿਆ। "ਮਾਈ ਲਾਈਫ਼" ਵਿਚ ਉਹ ਇਸ ਗੱਲ ਉੱਤੇ ਅਫ਼ਸੋਸ ਪ੍ਰਗਟ ਕਰਦੀ ਸੀ ਕਿ ਉਸ ਕੋਲ "ਸਰਵੈਨਟੀਜ਼ ਜਾਂ ਕੇਵਲ ਕਾਸਾ ਨੋਵਾ" ਵਰਗੀ ਕਲਮ ਦੀ ਘਾਟ ਸੀ। ਸੱਚ ਤਾਂ ਇਹ ਹੈ ਕਿ ਉਸਨੇ ਸਪੱਸ਼ਟਤਾ ਅਤੇ ਆਪਣੇ ਲਿਸ਼ਕਾਰੇ ਨਾਲ ਲਿਖਿਆ ਸੀ। 'ਮਾਈ ਲਾਈਫ਼' ਸ਼ਾਇਦ ਅੰਗਰੇਜ਼ੀ ਭਾਸ਼ਾ ਦੀ ਬੈਜਾਂਮਿਨ ਫਰੈਂਕਲਿਨ ਤੋਂ ਬਾਅਦ ਸਭ ਤੋਂ ਵੱਧ ਪੜ੍ਹੀ ਜਾਣ ਵਾਲੀ ਆਤਮਕਥਾ ਹੈ। ਯਕੀਨੀ ਤੌਰ ਤੇ ਕਿਸੇ ਵੀ ਹੋਰ ਨਿਰਤਕ ਕੋਲ ਦੱਸਣ ਲਈ ਐਨਾ ਕੁਝ ਨਹੀਂ ਅਤੇ ਉਸਨੇ ਐਨੀ ਸੁਹਣੀ ਤਰ੍ਹਾਂ ਕਿਹਾ ਹੈ ਤੇ ਵਿਸ਼ਿਆਂ ਦੇ ਐਨੇ ਵਿਸ਼ਾਲ ਖੇਤਰ ਬਾਰੇ ਕਿਹਾ ਹੈ।

ਬਹੁਤ ਜ਼ਿਆਦਾ ਜੀਵਨੀਕਾਰਾਂ ਨੇ ਉਸਨੂੰ ਜਾਂ ਤੇ ਵਿਅੰਗ, ਜਾਂ ਫਿਰ ਬੀਰ-ਗਾਥਾ ਤੇ ਜਾਂ ਉਸਦੇ ਸੱਚੇ ਆਪੇ ਨੂੰ ਕੇਵਲ ਟੋਟਾ ਬਣਾ ਕੇ ਰੱਖ ਦਿੱਤਾ ਹੈ। ਇਸ ਸੰਗ੍ਰਹਿ ਵਿਚ, ਉਹ ਆਪਣੇ ਹੀ ਸ਼ਬਦਾਂ ਵਿਚ ਪੇਸ਼ ਹੈ। ਇੱਕ ਕੱਟੜਤਾ-ਵਿਰੋਧੀ ਪ੍ਰੇਮ ਦੀ ਦਾਅਵੇਦਾਰ, ਆਜ਼ਾਦ-ਖ਼ਿਆਲੀ, ਹਰ ਗੱਲ ਵਿਚ ਖੱਬੇ-ਪੱਖੀ, ਦੁੱਖਾਂ ਦੇ ਸਭ ਰੂਪਾਂ ਦੀ ਸਭ ਤੋਂ ਦਲੇਰ ਨਿਖੇਦਕ ਅਤੇ ਉਹਨਾਂ ਸਭਨਾਂ ਲਈ ਇੱਕ ਪ੍ਰੇਰਨਾ, ਜਿਹੜੇ ਲੋਕ ਚੰਗੇਰੇ ਜੀਵਨ ਦਾ ਸੁਪਨਾ ਲੈਂਦੇ ਹਨ ਤੇ ਜਿਹੜੇ ਉਸ ਸੁਪਨੇ ਨੂੰ ਹਕੀਕਤ ਵਿਚ ਬਦਲਣ ਦੀ ਕੋਸ਼ਿਸ਼ ਕਰਦੇ ਹਨ। (ਅਨੁਵਾਦ ਹ. ਸ. ਹ.)

ਸ਼ਿਕਾਗੋ ਨਵੰਬਰ, 1918

## ਕਵਿਤਾ ਤੇ ਲੋਕ

ਮੈਂ ਆਮ ਆਦਮੀ ਦੇ ਵਾਸਤੇ ਲਿਖਦਾ ਹਾਂ, ਹਾਲਾਂਕਿ ਉਨ੍ਹਾਂ ਦੀਆਂ ਅੱਖਾਂ ਮੇਰੀ ਕਵਿਤਾ ਨਹੀਂ ਪੜ੍ਹ ਸਕਦੀਆਂ। ਇੱਕ ਵੇਲਾ ਆਵੇਗਾ, ਜਦੋਂ ਮੇਰੀ ਇੱਕ-ਇੱਕ ਪੰਗਤੀ, ਉਸ ਹਵਾ ਦੇ ਕੰਨਾਂ ਤੀਕ ਪਹੁੰਚੇਗੀ, ਜਿਸਨੇ ਮੇਰੀ ਜ਼ਿੰਦਗੀ ਨੂੰ ਹਿਲਾਇਆ ਸੀ। ਤਦ ਮਜ਼ਦੂਰ ਆਪਣੀਆਂ ਅੱਖਾਂ ਉਠਾਵੇਗਾ, ਖਾਣਾਂ ਵਿਚ ਕੰਮ ਕਰਨ ਵਾਲਾ ਮੁਸਕਾਵੇਗਾ। ਠੀਕ ਉਸ ਸਮੇਂ ਜਦ ਉਹ ਪੱਥਰ ਤੋੜ ਰਿਹਾ ਹੋਵੇਗਾ ਅਤੇ ਸ਼ਾਇਦ ਤਦ ਉਹ ਕਹਿਣਗੇ, ਹਾਂ ਇਥੇ ਇੱਕ ਆਦਮੀ ਹੁੰਦਾ ਸੀ। – ਪਾਬਲੋ ਨੇਰੂਦਾ





# ਹੁੰਦਲ ਸੇ ਕਿਉਂ "ਚੁੱਪ ਨਹੀਂ ਰਹਾ ਜਾਤਾ"

**(ਹਿੰਦੀ ਵਿਚ ਛਪੇ ਹੁੰਦਲ ਦੇ ਕਾਵਿ-ਸੰਗ੍ਰਹਿ 'ਚੁੱਪ ਨਹੀਂ ਰਹਾ ਜਾਤਾ' ਬਾਰੇ)**

- ਸੰਜੇਅ ਪਰਾਤੇ

ਹਰਭਜਨ ਸਿੰਘ ਹੁੰਦਲ ਉਮਰ 76 ਸਾਲ ਵਰਸ਼ਪੂਰਨ! ਇਸ ਉਮਰ ਮੇਂ ਲੋਗ ਦੁਨਿਆਵੀ ਮਾਇਆ-ਮੋਹ ਤਿਆਗ ਕਰ ਅੱਲਾ ਕੋ ਯਾਦ ਕਰਤੇ ਹੂਏ ਪ੍ਰਲੋਕ ਸੁਧਾਰਨੇ ਮੇਂ ਲਗਤੇ ਹੈਂ। ਲੇਕਿਨ ਹੁੰਦਲ ਕੋ ਇਸੀ ਲੋਕ ਕੀ ਚਿੰਤਾ ਖਾਏ ਜਾ ਰਹੀ ਹੈ। ਵੋਹ 'ਦੀਨ-ਧਰਮ ਕੇ ਰਖਵਾਲੇ' ਨੇ ਹਾਥੋਂ ਕਤਲ ਹੂਈ 'ਸ਼ਬਨਮ' ਕੋ ਯਾਦ ਕਰਤੇ ਹੂਏ ਰੋ ਰਹੇ ਹੈਂ, ਜੋ

ਜਬ ਆਤੀ ਥੀ
ਏਕ ਤਾਜ਼ਾ ਅਹਿਸਾਸ ਸਾਥ ਹੀ
ਲਾਤੀ ਥੀ।" (ਸ਼ਬਨਮ ਨਹੀਂ ਆਈ, ਪੰਨਾ 54)

ਵੇ ਬਾਰ-ਬਾਰ ਅਪਨੇ ਪੰਜਾਬ ਕੋ ਯਾਦ ਕਰ ਰਹੇ ਹੈਂ ਜੋ "ਘਰ ਸੇ ਰੂਠ ਕਰ ਚਲਾ ਗਿਆ ਹੈ" ਔਰ "ਸਾਧੂ-ਸੰਤੋਂ ਕੇ ਡੇਰੇ ਮੇਂ" ਫੰਸ ਗਿਆ ਹੈ। ਸ਼ਾਇਦ ਸ਼ਾਸਕੋਂ ਕੀ ਸ਼ਤਰੰਜ ਕਾ ਮੋਹਰਾ ਬਨ ਗਿਆ ਹੈ। ਯਦੀ ਪੰਜਾਬ 'ਫੌਜੀ ਬੂਟੋਂ ਕੇ ਨੀਚੇ ਕੁਚਲੀ ਹੋਈ ਗੇਹੂੰ ਕੀ ਬਾਲੀ' ਯਾ 'ਸੜਕ ਪਰ ਪੜੀ ਲਾਵਾਰਿਸ ਲਾਸ਼' ਬਨ ਜਾਏ, ਤੋਂ ਚੁੱਪ ਰਹਿਨੇ ਕਾ ਅਭਿਆਸ ਕੈਸੇ ਕੀਆ ਜਾ ਸਕਤਾ ਹੈ?

ਫਿਰ ਯਦੀ ਹੁੰਦਲ ਸੇ ਚੁੱਪ ਨਹੀਂ ਰਹਾ ਜਾਤਾ ਤੋਂ ਇਸ ਮੇਂ ਉਸਕਾ ਗੁਨਾਹ ਕਿਆ? ਗੁਨਾਹਗਾਰ ਤੋਂ ਵਹਿ ਹੈਂ ਜੋ ਗੁੰਡੋਂ ਸੇ ਸੰਧੀ ਕਰੇ, ਯਾ ਕਾਤਲੋਂ ਕੀ ਟੋਲੀ ਕਾ ਹਿੱਸਾ ਬਨ ਜਾਏਂ ਯਾ ਬੇਸ਼ਰਮੀ ਕੇ ਜਲ ਕੇ ਭੀਤਰ ਡੂਬ ਕਰ ਮਰ ਜਾਏ।' ਵਾਮਪੰਥੀ ਜ਼ਿੱਦ ਹੀ ਹੋਤੀ ਐਸੀ ਹੈ ਕਿ ਵੇ ਪਰਲੋਕ ਕੇ ਬਜਾਏ, ਲੋਕ ਸੇ ਹੀ ਡਰਨਾ ਪਸੰਦ ਕਰਤੇ ਹੈਂ ਕਿਉਂਕਿ ਹਰ ਅਖ਼ਸ਼ਰ ਕੀ ਹਥੇਲੀ ਪਰ ਸੁਲਗਤਾ ਕੋਇਲਾ ਧਰ ਵਹਿ ਪੂਛਤਾ ਹੈ, "ਜਬ ਅਵਸਰ ਥਾ ਕਹਿਨੇ ਕਾ ਠੀਕ ਗਲਤ, ਉਸ ਸਮੇਂ ਖਾਮੋਸ਼ ਰਹੇ ਕਿਉਂ?(ਉਸ ਸਮੇਂ ਪੰਨਾ-15) ਔਰ ਹੁੰਦਲ ਖਾਮੋਸ਼ ਰਹਿਨਾ ਨਹੀਂ ਚਾਹਤੇ, ਕਿਉਂਕਿ 'ਚੁੱਪ ਰਹਿਨਾ ਆਤਮਹੱਤਿਆ ਕਾ ਨਇਆ ਨਾਮ ਹੈ।" (ਪੰਨਾ 27)

ਯਹਿ ਹੁੰਦਲ ਔਰ ਹੁੰਦਲ ਜੈਸੋਂ ਕਾ ਚੁੱਪ ਨਹੀਂ ਰਹਿਨੇ ਕਾ ਦੁਸਾਹਸ ਹੀ ਹੈ, ਜਿਸਨੇ ਪੰਜਾਬ ਕੋ ਅੰਧੇਰ ਗਰਦੀ ਸੇ ਉਭਾਰਾ ਹੈ। ਵਹਿ ਭੀ ਕਿਆ ਭਿਆਨਕ ਦਿਨ ਥੇ, ਜਬ 'ਲੁਟੇਰੋਂ ਕੋ ਸ਼ਹੀਦ ਕਾ ਰੁਤਬਾ ਪ੍ਰਦਾਨ ਕਰਤੇ' (ਏਕ ਅਰਸਾ ਹੋ ਗਿਆ, ਪੰਨਾ 36) ਆਤੰਕਵਾਦੀ ਖਾਲਿਸਤਾਨ ਕੇ ਨਾਮ ਪਰ ਖ਼ੂਨ ਕੀ ਹੋਲੀ ਖੇਲ ਰਹੇ ਥੇ, ਔਰ ਲੋਗ 'ਹੰਸੀ, ਰੰਗ ਔਰ ਸੁਗੰਧ ਕੀ, ਪਹਿਚਾਨ ਭੂਲ ਗਏ ਥੇਂ। (ਘਿਰਣਾ ਕਾ ਬ੍ਰਿਕਸ਼ ਪੰਨਾ-44) 'ਜਬ ਏਕ ਤਥਾਕਥਿਤ ਸੰਤ ਨੇ ਸਾਰੇ ਗਾਂਵ ਕੋ ਅਭਿਸ਼ਾਪ (ਸਰਾਪ) ਦੀਆ ਥਾ ਔਰ ਲੋਹੜੀ ਕੇ

ਗੀਤ ਗਾਨਾ ਭੀ ਪਾਪ ਬਨ ਗਿਆ ਥਾ। ਖ਼ਤਮ ਹੀ ਨਹੀਂ ਹੋਤਾ ਥਾ। ਮਾਤਮੀ ਰੰਗਤ ਵਾਲੇ ਰਕਤ ਕਾ ਸੰਤਾਪ, ਵਿਧਵਾ ਔਰ ਯਤੀਮੋਂ ਕੀ ਕਤਾਰ ਬਹੁਤ ਲੰਬੀ ਹੋ ਗਈ ਥੀ, ਦਰਵਾਜ਼ੋਂ ਪਰ ਮਿੱਤਰ / ਦਸਤਕ ਕਾ ਸੰਦੇਹ ਕਰਤੇ , ਰਾਤੇਂ ਗੁਜ਼ਾਰਤੇ ਥੇ ਔਰ ਸਵਾਗਤ ਭਰੀ ਨਜ਼ਰੋਂ ਸੇ ਦੇਖਨੇ ਕੀ ਜਗ੍ਹਾ, ਹਰ ਅਜਨਬੀ ਚਿਹਰੇ ਕੋ, ਆਖੇਂ ਫਾੜ-ਫਾੜ ਕਰ ਦੇਖਤੇ ਕੀ ਆਦਤ ਪੜ ਗਈ ਥੀ ਮੇਰੇ ਗਾਂਵ ਕੋ।" (ਪੰਨਾ 65)

ਵਹਿ ਆਗੇ ਆਗ ਔਰ ਪੀਛੇ ਗੋਲੀ (ਚੁੱਪ ਰਹਿਨੇ ਕਾ ਸਭਿਯਾਸ ਪੰਨਾ 49) ਵਾਲੇ ਦਿਨ ਥੇ। ਪੰਜਾਬ ਉਨ ਦਿਨੋਂ ਜ਼ਿੰਦਗੀ ਔਰ ਮੌਤ ਕੀ ਲੜਾਈ ਲੜ ਰਹਾ ਥਾ। ਜ਼ਿੰਦਗੀ ਔਰ ਮੌਤ ਕੀ ਰੇਖਾ ਕੇ ਭੀਤਰ ਕਭੀ ਉਸ ਕੋ ਫੂਲ ਜੈਸੇ, ਮੁਸਕਰਾਤੇ ਸ਼ਿਸ਼ੂ ਕਾ ਚਿਹਰਾ, ਕਭੀ ਉਸ ਕੋ ਜੇਲ੍ਹ ਕੀ ਕਾਲੀ ਔਰ ਠੰਡੀ ਕੋਠੜੀ ਕੀ ਸੋਚ ਆਏ। (ਫੈਸਲੇ ਕੀ ਘੜੀ ਪੰਨਾ 5-6) ਲੇਕਿਨ ਜਬ ਪੰਜਾਬ ਕੇ ਹੁੰਦਲੋਂ ਨੇ ਦੁਸਾਹਸ ਕਾ ਰਸਤਾ ਚੁਨ ਲਿਆ ਤੋ ਮੌਤ ਕਾ ਚਿਹਰਾ ਵੀ ਉਨ ਕੋ ਜ਼ਿੰਦਗੀ ਜੈਸਾ ਹੀ ਨਜ਼ਰ ਆਇਆ। ਜ਼ਿੰਦਗੀ ਔਰ ਮੌਤ ਕੀ ਜੱਦੋ-ਜ਼ਹਿਦ ਮੇਂ ਜਬ ਮੌਤ ਕੋ ਚੁਨ ਲੀਆ ਜਾਏ ਤੋ ਫੂਲ ਜੈਸੇ ਮੁਸਕਰਾਤੇ ਸ਼ਿਸ਼ੂ ਕੋ ਬਚਾਇਆ ਜਾ ਸਕਤਾ ਹੈ, ਇਸੀ ਲੀਏ ਪੰਜਾਬ ਕੋ ਬਚਾਇਆ ਜਾ ਸਕਾ। ਮੌਤ ਕੇ ਚੁਨਨੇ ਕਾ ਦੁਸਾਹਸ ਕਾ ਯਹਿ ਰਾਸਤਾ ਭਗਤ ਸਿੰਘ ਕਾ ਰਾਸਤਾ ਹੈ, ਜੋ ਪੰਜਾਬ ਕੇ ਹਰ ਦਰਵਾਜ਼ੇ ਪਰ ਦਸਤਕ ਦੇ ਕਰ ਪੂਛਤਾ ਹੈ 'ਕਿਆ ਅਭੀ ਤੱਕ ਆਪ ਨੇ ਨਹੀਂ ਕੀ, ਸਹੀ ਦੁਸ਼ਮਨੋਂ ਕੀ ਪਹਿਚਾਨ। (ਅੱਛੇ ਦਿਨ ਲੌਟੇਂਗੇ ਪੰਨਾ 22)

'ਸਹੀ ਦੁਸ਼ਮਨੋਂ ਕੀ ਪਹਿਚਾਨ' ਆਸਾਨ ਨਹੀਂ ਹੈ। ਇਸ ਕੇ ਲੀਏ ਵਰਗ-ਦ੍ਰਿਸ਼ਟੀ ਕੀ ਜਰੂਰਤ ਪੜਤੀ ਹੈ। ਯਹ ਦ੍ਰਿਸ਼ਟੀ ਹੁੰਦਲ ਕੇ ਪਾਸ ਹੈ, ਯਹ ਦ੍ਰਿਸ਼ਟੀ ਉਨ੍ਹੇ ਭਗਤ ਸਿੰਘ ਕੇ ਰਾਸਤੇ ਕੋ ਚੁਨਨੇ ਕੋ ਪ੍ਰੇਰਿਤ ਕਰਤੀ ਹੈ, ਜਿਨ੍ਹੋਂ ਨੇ 'ਏਕ ਸੱਚੇ ਸੁਪਨੇ ਕੇ ਲੀਏ ਅਪਨਾ ਸ਼ੀਸ਼ ਧਰ ਤਲੀ (ਹਥੇਲੀ) ਪਰ, ਗਲੀ ਗਲੀ, ਆਜ਼ਾਦੀ ਕਾ ਹੋਕਾ (ਸ਼ਹੀਦ ਭਗਤ ਸਿੰਘ ਪੰਨਾ 7-8) ਲਗਾਇਆ ਥਾ।

'ਅੱਛੇ ਦਿਨ ਲੌਟੇਂਗੇ' ਐਸਾ ਹੁੰਦਲ ਕੋ ਪੂਰਾ ਵਿਸ਼ਵਾਸ ਥਾ। ਅਧਿਕ ਨਹੀਂ ਚਲੇਂਗੇ ਐਸੇ ਦਿਨ / ਛੱਟ ਜਾਏਂਗੇ ਭੈਅ ਕੇ ਬਾਦਲ / ਪ੍ਰਤੀ ਦਿਨ ਸੁਰਖੀਆਂ ਮੇਂ ਨਹੀਂ ਹੋਗੀ / ਨਿਰਦੋਸ਼ ਹਤਿਆਓਂ ਕੀ ਖਬਰੇ / .... ਬੁੱਲੇ ਸ਼ਾਹ ਕੇ ਲੈਆਤਮਿਕ ਗੀਤ ਫਿਰ ਮੁਗਧ ਕਰ ਲੇਂਗੇ ਸ਼੍ਰੋਤਾਓਂ ਕੋ / ..... ਸੀਮਾਓਂ ਕੀ ਦੀਵਾਰੋਂ ਕੇ ਕਿਨਾਰੇ / ਖਿਲੇਂਗੇ ਲਾਲ ਗੁਲਾਬ, ਔਰ ਦਾਦੀ ਮਾਂ ਸੁਨਾਏਂਗੀ ਬੱਚੋਂ ਕੋ / ਪਰੀਓਂ ਕੀ ਕਹਾਨੀਆਂ / ਔਰ ਕਹੇਂਗੀ ਬੱਚੋ ਦੀਰਘਕਾਲੀ ਹੋ / ਮੇਰੀ ਉਮਰ ਤੁਮਹੇਂ ਲੱਗ ਜਾਏ

ਵਹਿ ਪੰਜਾਬ
ਜੋ ਖੇਤੋਂ ਮੇਂ ਪਸੀਨਾ ਬਨ ਕਰ ਢਲਤਾ ਥਾ
ਗੁਰਦਵਾਰੋਂ ਕੇ ਸੰਖੋਂ ਮੇਂ ਬੋਲਤਾ ਥਾ



ਮੰਦਰ ਕੇ ਘੜਿਆਲ ਕੀ ਆਵਾਜ਼ ਪਰ ਸੋਤਾ ਥਾ
ਮੁਰਗੇ ਕੀ ਬਾਂਗ ਸੇ ਜਾਗਤਾ ਥਾ
ਮੇਲੋਂ ਕੇ ਬੀਚ ਯੁਵਕੋਂ ਕੀ ਤਰ੍ਹਾਂ ਭੰਗੜਾ ਡਾਲਤਾ ਥਾ
ਮੁਟਿਆਰ ਕੇ ਪੈਰ ਕੀ ਏੜੀ ਕੀ ਤਰ੍ਹਾਂ ਥਿਰਕਤਾ ਥਾ
ਮਹਿਮਾਨ ਕੇ ਸਵਾਗਤ ਕੇ ਲੀਏ
ਬਿਛੌਨੇ ਕੀ ਜਗ੍ਹਾ ਦਿਲ ਬਿਛਾ ਦੇਤਾ ਥਾ
ਵਹਿ ਪੰਜਾਬ
ਜੋ ਸਭ ਕੀ ਖ਼ੈਰੀਅਤ ਮਾਂਗਤਾ
ਬਾਬਾ ਫਰੀਦ ਕਾ ਸ਼ਲੋਕ ਥਾ,
ਵਾਰਸ ਸ਼ਾਹ ਕੀ ਦਰਦ-ਭਰੀ ਆਵਾਜ਼ ਥਾ
ਸ਼ਾਹ ਹੁਸੈਨ ਕੀ ਤੜਪਤੀ ਕਾਫ਼ੀ ਥਾ
ਬਾਬਾ ਨਾਨਕ ਕੀ ਸ਼ਾਂਤੀ ਬਾਂਟਤੀ ਵਾਣੀ ਥਾ
ਪੰਜਾਬ, ਜੋ ਸ਼ਾਹ ਮੁਹੰਮਦ ਕੀ ਪੀੜਾ ਭਰੀ ਬੈਂਤ ਥਾ।

(ਮੇਰਾ ਪੰਜਾਬ ਕਹਾਂ ਹੈ? ਪੰਨਾ 71-72)

ਜਬ ਐਸਾ ਸਰਬਧਰਮ, ਸਵਭਾਵੀ ਪੰਜਾਬ ਅੰਧੇਰੇ ਮੇਂ ਡੂਬਾ ਥਾ, ਹੁੰਦਲ ਸੀਧੀ 'ਸੱਚੀ ਬਾਤ' ਕਹਿ ਰਹੇ ਥੇ, ਸੱਚੀ-ਸੱਚੀ ਬਾਤ ਕਰੋ ਤੋ ਜੀਓਗੇ। ਨਹੀਂ ਫਿਰ ਦੋਸ਼ੀ ਕਹਿਲਾਓਗੇ, (ਬਾਤ ਕਰੋ ਤੋ ਜੀਓਗੇ ਪੰਨਾ-39)

ਪੰਜਾਬੀ ਜੀਵਨ ਕੇ ਕਿਸੀ ਭੀ ਕਠਿਨ ਫੈਸਲੇ ਕੀ ਘੜੀ ਮੇਂ ਹੁੰਦਲ ਕਭੀ ਦੋਸ਼ੀ ਸਾਬਤ ਨਹੀਂ ਹੁਏ, ਔਰ ਰੋਨਾ-ਧੋਨਾ ਛੋੜ ਕਰ, ਸੀਧੇ ਉਨੋਂਨੇ, ਕਾਤਲੋਂ ਕੀ ਪਹਿਚਾਨ ਕੀ ਹੈ। ਲੇਕਿਨ ਹੁੰਦਲ ਕੋ ਯਹ ਭੀ ਮਾਲੂਮ ਹੈ ਕਿ ਯਹਿ ਘਿਰਨਾ ਕਾ ਬਿਰਕਸ਼ ਰਾਤੋਂ ਰਾਤ ਨਹੀਂ ਪਨਪਾ ਥਾ, ਬਲਕਿ ਇਸਕਾ ਬੀਜ ਬੜੀ ਦੇਰ ਸੇ ਥਾ ਬੋਇਆ। .... ਕਵਿਤਾ ਕੀ ਭੀ ਅਪਨੀ ਰਾਜਨੀਤੀ ਹੋਤੀ ਹੈ, ਔਰ ਬਿਨਾਂ ਰਾਜਨੀਤੀ ਕੇ ਕੋਈ ਕਵਿਤਾ ਸੰਭਵ ਨਹੀਂ। ਹੁੰਦਲ ਕੀ ਕਵਿਤਾਏਂ, ਹਾਥੋਂ ਸੇ ਰੋਟੀ ਕੇ ਟੁਕੜੇ ਛੀਨਤੇ ਹਤਿਆਰੋਂ ਔਰ ਸ਼ਾਸਕੋਂ ਕੀ ਦੋਸਤੀ ਕੇ ਭੇਦ ਖੋਲ੍ਹਤੀ ਹੈ। ਲੇਕਿਨ ਅਬ ਯਹੀ ਦੋਸਤੀ ਇਤਨੀ ਘਨਿਸ਼ਠ ਔਰ ਪਰਿਵਾਕ ਹੋ ਗਈ ਹੈ ਕਿ ਅਪਰਾਧ ਕੇ ਰਾਜਨੀਤੀਕਰਨ ਔਰ ਰਾਜਨੀਤੀ ਕੇ ਅਪਰਾਧੀਕਰਨ ਮੇਂ ਕੋਈ ਭੇਦ ਨਹੀਂ ਰਹਿ ਗਿਆ ਹੈ। ਔਰ ਅਬ, ਮੁਖੌਟੇ ਬਦਲ ਬਦਲ ਕਰ ਹਤਿਆਰੇ ਹੀ ਕੁਰਸੀਓਂ ਪਰ ਆ ਬੈਠੇ ਹੈਂ। ਅਬ ਯਹੀ ਗਠਜੋੜ ਔਰ ਦੋਸਤੀ ਇਤਨੇ ਬੜੇ ਵਿਆਪਾਰ ਮੇਂ ਬਦਲ ਗਈ ਹੈ ਕਿ ਉਸ ਨੇ

ਅਬ ਤੋਂ ਥਾਲੀ ਮੇਂ ਪਰੋਸ ਕੇ
ਸਾਰਾ ਭਾਰਤ ਹੀ ਰੱਖ ਦੀਆ ਹੈ

ਨੀਲਾਮੀ ਘਰ ਕੇ ਆਂਗਨ ਮੇਂ।

(ਚੁੱਪ ਨਹੀਂ ਰਹਾ ਜਾਤਾ, ਪੰਨਾ 27)

ਭਗਤ ਸਿੰਘ ਕੀ ਪ੍ਰੇਰਨਾ ਅਵਤਾਰ ਸਿੰਘ ਪਾਸ਼ ਹੈ, ਜਿਨ੍ਹੋਂ ਨੇ ਭਗਤ ਸਿੰਘ ਕੀ ਤਰ੍ਹਾਂ ਹੀ ਜ਼ਿੰਦਗੀ ਔਰ ਮੌਤ ਕੀ ਲੜਾਈ ਮੇਂ ਮੌਤ ਕੋ ਚੁਨਾ ਥਾ। ਕੋਇਲ ਯਾ ਬੁਲਬੁਲ ਕੀ ਬਾਤ ਕਰਨੇ ਵਾਲੇ ਉਦਾਸ ਰਿਤੂ ਕੀ ਹਥੇਲੀ ਪੇ ਫੂਲ ਧਰਨੇ ਵਾਲੇ ਔਰ ਉਦਾਸ ਰਾਤ ਕੇ ਮੰਡੇਰੋਂ ਪਰ ਗੀਤੋਂ ਕੇ ਦੀਪ ਜਗਾਨੇ ਵਾਲੇ ਪਾਸ਼ ਕਾ ਭੀ ਗੁਨਾਹ ਯਹੀ ਥਾ ਕਿ ਵਹਿ 'ਝੂਠ ਕੀ ਰਿਤੂ ਮੇਂ ਸੱਚ ਬੋਲਤਾ ਥਾ' ਅਤਿਵਾਦੀਓਂ ਨੇ ਉਨ ਕੀ ਹੱਤਿਆ ਕਰ ਦੀ ਥੀ। ਪਾਸ਼ ਕਾ ਸੰਘਰਸ਼ ਔਰ ਉਸ ਕਾ ਕਤਲ ਆਤੰਕਵਾਦ ਔਰ ਸਮਰਾਜਵਾਦ ਕੇ ਆਦ੍ਰਿਸ਼ ਤਾਰੋਂ ਕੋ ਆਪਸ ਮੇਂ ਜੋੜਨਾ ਹੈ। ਪਾਸ਼ ਨਹੀਂ ਰਹੇ, ਲੇਕਿਨ ਭਾਰਤੀਅ ਉੱਪ ਮਹਾਂਦੀਪ ਮੇਂ ਸਾਮਰਾਜ ਵਿਰੋਧੀ ਸਾਂਸਕ੍ਰਿਤਕ ਅੰਦੋਲਨੋਂ ਮੇਂ ਅਪਨੇ ਸ਼ਬਦੋਂ ਕੇ ਜ਼ਰੀਏ, ਵਹਿ ਹਮੇਸ਼ਾ ਜ਼ਿੰਦਾ ਰਹੇਗਾ। ਸ਼ਬਦ ਕਤਲ ਨਹੀਂ ਹੋਤੇ, ਕਿਉਂਕਿ ਯੇਹ ਗਾਂਵ, ਗਾਂਵ ਸੇ ਸ਼ਹਿਰ ਔਰ ਸ਼ਹਿਰੋਂ ਸੇ ਮਹਾਂਦੀਪੋਂ ਕਾ ਸਫ਼ਰ ਤੈਅ ਕਰਤੇ ਹੈਂ। ਗੋਲੀਓਂ ਕੇ ਸਾਥ, ਸ਼ਬਦ ਚੁੱਪ ਨਹੀਂ ਹੋਤੇ (ਪੰਨਾ 68-69)

ਮਹਿਮੂਦ ਦਰਵੇਸ਼ ਕੀ ਤਰ੍ਹਾਂ ਹੀ ਹੁੰਦਲ ਸ਼ਾਇਰੀ ਔਰ ਸਿਆਸਤ ਕੋ ਮਕੱਈ ਕੇ ਆਟੇ ਕੀ ਤਰ੍ਹਾਂ ਗੁੰਧ ਕਰ ਪਕਾਨੇ ਮੇਂ ਯਕੀਨ ਰੱਖਤੇ ਹੈਂ, ਮਕੱਈ ਕੇ ਆਟੇ ਕੀ ਰੋਟੀ ਕਾ ਅਪਨਾ ਹੀ ਏਕ ਅਲੱਗ ਸਵਾਦ ਔਰ ਖੁਸ਼ਬੂ ਹੋਤੀ ਹੈ। ਯਹਿ ਆਟਾ ਜਬ ਸ਼ਾਇਰੀ ਔਰ ਸਿਆਸਤ ਮੇਂ ਗੁੰਧਕਰ ਪੱਕਤਾ ਹੈ ਤੋ ਅਪਨੇ ਖੋ ਗਏ ਵਤਨ ਕੀ ਪੀੜਾ ਮੇਂ ਝੂਲ ਕਰ ਮਹਿਮੂਦ ਦਰਵੇਸ਼ ਕੇ ਅਰਬ-ਮਨ ਕੀ ਸੰਵੇਦਨਾ ਮੇਂ ਢਲਤੀ ਹੈ, ਤਬ ਅਰਬ ਮਨ ਕੀ ਸੰਵੇਦਨਾ ਕੇਵਲ ਮਹਿਮੂਦ ਦਰਵੇਸ਼ ਕੀ ਸੰਵੇਦਨਾ ਭਰ ਨਹੀਂ ਰਹਿ ਜਾਤੀ, ਵਹਿ ਹਰਭਜਨ ਸਿੰਘ ਹੁੰਦਲ ਜੈਸੇ ਗੁੰਮਨਾਮ ਕਵੀ ਕੀ ਮਾਨਵ-ਮਨ ਕੀ ਪੀੜਾ ਭੀ ਬਨ ਜਾਤੀ ਹੈ।

ਜੋ ਅਪਨੇ ਹੀ ਪਿਆਰੇ ਵਤਨ ਮੇਂ
ਨਿਰਵਾਸਤੋਂ ਕੀ ਤਰਾਂ, ਰਹਿਨੇ ਕੋ ਬਾਧਹ ਹੈ।
ਦੇਸ਼ ਕਾ ਬਾਗੀ ਬਾਸ਼ਿੰਦਾ ਹੂੰ
ਦੂਸ਼ਣ ਕੀ ਕਾਲੀ ਬਰਸਾਤ ਮੇਂ ਭੀਗਤਾ ਪ੍ਰਿੰਦਾ ਹੂੰ।

(ਮਹਿਮੂਦ ਦਰਵੇਸ਼ ਕੇ ਨਾਮ ਪੰਨਾ 42)

ਮਹਿਮੂਦ ਦਰਵੇਸ਼ ਕੀ ਯਹਿ ਕਵਿਤਾਏਂ, ਕਈ ਭੇਸ ਬਦਲ ਕਰ ਗੁਰੀਲੇ ਮਿਤਰੋਂ ਕੀ ਤਰ੍ਹਾਂ ਹੁੰਦਲ ਤੱਕ ਪਹੁੰਚਤੀ ਹੈ।

ਪੰਜਾਬੀ ਜ਼ੁਬਾਨ ਕੇ ਗੁੰਮਨਾਮ ਕਵੀ ਕਾ ਹਿੰਦੀ ਭਾਸ਼ਾ ਕੇ ਗੁੰਮਨਾਮ ਪਾਠਕ ਸੇ ਕਿਆ ਸੰਬੰਧ ਹੋ ਸਕਤਾ ਹੈ। ਜਿਨਕੀ ਨਜ਼ਮੇਂ ਪ੍ਰਦੀਪ ਸਕਸੈਨਾ, ਫੂਲਚੰਦ ਮਾਨਵ ਤਰਸੇਮ ਗੁਜਰਾਲ, ਨਿਰਮਲਾ ਨੰਦਾ ਵਾਤ ਸਾਇਨ ਔਰ ਗੁਰਜਿੰਦਰ ਕੌਰ ਹੁੰਦਲ ਜੈਸੋਂ ਕੀ ਲੇਖਨੀ ਸੇ ਅਨੁਦਿਤ ਹੋਕਰ, ਭੇਸ ਬਦਲ ਕਰ ਛੱਤੀਗੜ੍ਹ ਤੱਕ ਪਹੁੰਚ ਗਈ ਹੈ। ਪੰਜਾਬ ਕੀ ਪੀੜਾ



ਕਾ ਛੱਤੀਸਗੜ੍ਹ ਕੀ ਪੀੜਾ ਸੇ ਕਿਆ ਕੋਈ ਸੀਧਾ ਸੰਬੰਧ ਬਨਤਾ ਹੈ? ਜੀ ਹਾਂ ਬਨਤਾ ਹੈ, 'ਮਾਥੇ ਕਾ ਕਲੰਕ' ਸ਼ੀਰਸ਼ਕ ਕੀ ਹੁੰਦਲ ਕੀ ਯਹਿ ਕਵਿਤਾ ਦੇਖੀਏ

ਯਹਿ ਜੋ ਲਾਲ ਪਗੜੀਆਂ ਹੀ ਬਨ ਬੈਠੀ ਹੈਂ ਜੱਜ ਔਰ ਵਕੀਲ
ਯਹਿ ਜੋ ਬੰਦੂਕੇਂ ਖੋਲ੍ਹੇ ਬੈਠੀ ਹੈਂ, ਗਾਂਵ ਗਾਂਵ ਅਦਾਲਤੇਂ,
ਯਹਿ ਜੋ ਗਲੀ ਗਲੀ ਖੁੱਲ ਗਏ ਹੈਂ ਜਜ਼ੀਆ ਵਸੂਲਨੇ ਕੇ ਦਫ਼ਤਰ
ਯਹਿ ਜੋ ਸਹਿਧਰਮੀਓਂ ਕੀ ਰਖਸ਼ਾ ਕੇ ਨਾਮ ਪਰ
ਹੋਤੀ ਹੈ ਸ਼ਮਸ਼ਾਨੋਂ ਕੀ ਪਰਕਰਮਾ
ਯਹਿ ਜੋ ਕੁਰਾਨ ਉਠਾਏ ਘੂੰਮਤਾ ਹੈ
ਗਾਂਵ ਗਾਂਵ ਔਰੰਗਜੇਬ
ਆਖ਼ਰ ਕਬ ਕਹੇਂਗੇ ਉਠਕਰ
ਬੰਦ ਕਰੋ ਯਹਿ ਭੂਤੋਂ ਕਾ ਤਾਂਡਵ ਨਾਚ?
ਆਖਰ ਕੌਨ ਸੇ ਸ਼ੁਭ ਦਿਨ ਹੋਂਗੇ
ਆਸਮਾਨ ਸੇ ਸਤਰੰਗੇ ਇੰਦਰਧਨੁਸ਼ ਕੇ ਦਰਸ਼ਨ?

ਤੋ ਪੰਜਾਬ ਕੇ ਆਤੰਕਵਾਦ ਕੀ ਤੁਲਨਾ ਛਤੀਸਗੜ੍ਹ ਕੇ ਨਕਸਲਵਾਦ ਸੇ ਕੀਜੀਏ। ਪੰਜਾਬ ਕੇ ਲਾਲ ਪਗੜੀਓਂ ਵਾਲੀ ਪੁਲਸ ਕੀ ਤੁਲਨਾ ਛੱਤੀਸਗੜ੍ਹ ਕੀ ਪੁਲਸ, ਸੈਨਿਕ ਬਲੋਂ ਔਰ ਸਲਵਾ ਜੁਡੂਮ ਕੇ ਦਮਨ ਸੇ ਕੀਜੀਏ। ਛੱਤੀਸਗੜ੍ਹ ਕਾ ਨਿਰਦੋਸ਼ ਆਦਿਵਾਸੀ ਆਜ ਨਕਸਲੀ ਔਰ ਪੁਲਸ, ਦੋਨੋਂ ਕੀ ਗੋਲੀਓਂ ਔਰ ਉਨਕੀ ਕਥਿੱਤ ਅਦਾਲਤੋਂ ਕਾ ਸ਼ਿਕਾਰ ਹੋ ਰਹਾ ਹੈ। ਸਮੁੱਚਾ ਬਸਤਰ ਸ਼ਮਸ਼ਾਨ ਮੇਂ ਬਦਲ ਗਿਆ ਹੈ, ਯਹੀ ਸਮਾਂ ਹੈ ਕਿ ਹੁੰਦਲ ਕੇ ਸਾਥ ਮਿਲਕਰ ਹਮ ਭੀ ਯਹੀ ਕਹੇਂ '

ਬੰਦ ਕਰੋ ਯਹਿ ਸਭ ਭੂਤੋਂ ਕਾ ਤਾਂਡਵ ਨਾਚ
ਆਸਮਾਨ ਸੇ ਸਤਰੰਗੇ ਇੰਦਰ ਧਨੁਸ਼ ਕੇ ਦਰਸ਼ਨ
ਹਮ ਕਰ ਸਕੇਂ।

ਤੋ ਮਿੱਤਰੋਂ ਜਨ-ਅਦਾਲਤ (ਨਕਸਲੀਓਂ ਕੀ ਨਹੀਂ) ਮੇਂ ਅਪਨੀ 42 ਕਵਿਤਾਓਂ ਕੇ ਸਾਥ ਹੁੰਦਲ ਹਾਜ਼ਰ ਹੈ। 'ਏਕ ਅਰਸਾ ਹੋ ਗਿਆ', 'ਜਿਨੋਂ ਨੇ', 'ਤਿਤਲੀ ਕੇ ਪਰੋਂ ਕੇ ਰੰਗ ਨਹੀਂ ਗਿਨੇ', 'ਕੋਇਲ ਕੀ ਕਵਿਤਾਏਂ ਨਹੀਂ ਸੁਨੀ, 'ਉਨਕੇ ਸਾਮਨੇ ਅਪਨੀ ਪੇਸ਼ੀ', ਮੇਂ ਕਵੀ ਕਹਿ ਰਹੇ ਹੈਂ 'ਮੈਂ ਨਹੀਂ, ਕਵਿਤਾ ਬੋਲੇਗੀ ਮੇਰੀ'। ਹੁੰਦਲ ਕੀ ਕਵਿਤਾਏਂ ਬੋਲੇਂਗੀ, ਬਾਰ-ਬਾਰ ਬੋਲੇਂਗੀ, ਔਰ ਪਾਠਕੋਂ ਕੀ ਉਪੇਕਸ਼ਾਓਂ ਪਰ ਖਰਾ ਉਤਰੇਂਗੀ ਕਿਉਂਕਿ ਉਨਸੇ ਤੋ ਕਭੀ ਚੁੱਪ ਨਹੀਂ ਰਹਾ ਜਾਤਾ। • (ਲੇਖਕ ਕੀ ਟਿੱਪਣੀ ਬਤੌਰ ਏਕ ਪਾਠਕ ਹੀ)

(ਐਤਵਾਰੀ ਅਖ਼ਬਾਰ, 2 ਜਨਵਰੀ, 2011, ਰਾਏਪੁਰ, ਛਤੀਸਗੜ੍ਹ - 492004)

# ਅਨੁਵਾਦ ਨਹੀਂ ਹੋਣਾ

- ਜਸਪ੍ਰੀਤ ਸਿੱਧੂ

ਕਦੇ ਸੋਚਾਂ ਦੀ ਛਾਵੇਂ-ਛਾਵੇਂ ਤੁਰਿਆ ਵੀ ਕਰ
ਐਵੇਂ ਧੁੱਪਾਂ 'ਚ ਵਾਧੂ ਸੜਿਆ ਨਾ ਕਰ
ਜੇ ਤੈਨੂੰ ਮੇਰਾ ਚਿਹਰਾ ਪੜ੍ਹਨਾ ਨਹੀਂ ਆਉਂਦਾ
ਤਾਂ ਅਧੂਰੇ ਵਾਕ ਵੀ ਪੜ੍ਹਿਆ ਨਾ ਕਰ।

ਕਿਵੇਂ ਤੇਰੇ ਖ਼ਿਆਲ ਨੂੰ ਖ਼ੁਆਬ ਬਖਸ਼ਦਾ,
ਜਿਸ ਖ਼ਿਆਲ ਵਿਚ ਮੇਰੀ ਰੂਹ ਜਿੰਦਾ ਨਹੀਂ,
ਤੂੰ ਮੈਨੂੰ ਕੈਦ ਕਰਨ ਦੀ ਕਿਵੇਂ ਸੋਚ ਲਈ,
ਮੈਂ ਕੋਈ ਬਿਨਾਂ ਪਰਵਾਜ਼ ਤੋਂ ਪਰਿੰਦਾ ਨਹੀਂ।

ਤੇਰੇ ਜ਼ਮਾਨੇ 'ਚ ਏ ਭਰਾ ਭਰਾ ਦਾ ਦੁਸ਼ਮਣ,
ਇਹਨਾਂ ਰਿਸ਼ਤਿਆਂ ਤੇ ਪਰਦਾ ਕਰਿਆ ਨਾ ਕਰ,
ਜਗਦਾ ਪਿਆ ਏ ਮੇਰੇ ਅੰਦਰਲਾ ਦੀਵਾ,
ਐਵੇਂ ਬਰੂਹਾਂ ਤੇ ਦੀਵੇ ਧਰਿਆ ਨਾ ਕਰ।

ਰਮਜ਼ਾਂ ਨੂੰ ਪਰਖਦਾ ਉਹੀ ਚੰਗਾ ਲੱਗਦਾ,
ਜੋ ਖ਼ੁਦ ਵੀ ਕਦੇ ਪਰਖਿਆ ਗਿਆ ਹੋਵੇ,
ਪੰਜਾਂ ਪਾਣੀਆਂ ਦੀ ਫ਼ਿਕਰ ਉਹਨੂੰ ਕੀ ਹੋਵੇਗੀ,
ਜੋ ਖ਼ੁਦ ਨਫ਼ਰਤਾਂ 'ਚ ਤੜਫਿਆ ਪਿਆ ਹੋਵੇ।

ਇਹ ਸਿੱਟੇ ਦੀ ਧਰਤੀ ਬੰਜਰ ਹੀ ਰਹੇਗੀ,
ਤੈਥੋਂ ਜਜ਼ਬੇ ਤੋਂ ਬਿਨਾਂ ਸੰਵਾਦ ਨਹੀਂ ਹੋਣਾ,
ਮੇਰਾ ਸੁਪਨਾ ਸ਼ਾਇਦ ਪਿੱਛੇ ਛੱਡ ਆਇਐਂ,
ਸ਼ਹੀਦ-ਏ-ਆਜ਼ਮ ਦਾ ਤੈਥੋਂ ਅਨੁਵਾਦ ਨਹੀਂ ਹੋਣਾ।

(ਪਿੰਡ, ਚੌਕੀਮਾਨ, ਤਹਿ. ਜਗਰਾਉਂ, ਜ਼ਿਲ੍ਹਾ ਲੁਧਿਆਣਾ)





# ਕਵੀ ਨਿਰੰਜਨ ਸਿੰਘ ਨੂਰ

- ਗੁਰਨਾਮ ਢਿੱਲੋਂ

ਨਿਰੰਜਨ ਸਿੰਘ ਨੂਰ ਬ੍ਰਤਾਨਵੀ ਪੰਜਾਬੀ ਸਾਹਿਤ ਦੇ ਅਜਿਹੇ ਹਸਤਾਖਰ ਹਨ ਜਿਹਨਾਂ ਨੇ ਪ੍ਰਵਾਸੀਆਂ ਦੀ ਸਮੁੱਚੀ ਜੀਵਨਜਾਂਚ ਨੂੰ ਪ੍ਰਭਾਵਿਤ ਤਾਂ ਕੀਤਾ ਹੀ, ਇਸਦਾ ਮਾਰਗ ਦਰਸ਼ਨ ਵੀ ਕੀਤਾ। ਜਿੱਥੇ ਉਹਨਾਂ ਨੇ ਆਪਣੇ ਕਾਵਿ-ਅਨੁਭਵ ਵਿਚ ਆਵਾਸੀ ਘੱਟ ਗਿਣਤੀ ਅਤੇ ਕਾਲੇ ਭੂਰੇ ਲੋਕਾਂ ਦੀਆਂ ਜਟਿਲ ਸਮੱਸਿਆਵਾਂ ਦੇ ਲਘੂ ਅਤੇ ਦੀਰਘ ਪ੍ਰਸੰਗਾਂ ਦਾ ਅਧਿਐਨ, ਚਿੰਤਨ ਅਤੇ ਮੰਥਨ ਕਰਕੇ ਕਲਾਤਮਿਕ ਰੂਪ ਵਿਚ ਅਭਿਵਿਅਕਤ ਕੀਤਾ, ਉੱਥੇ ਇਹਨਾਂ ਨੂੰ ਸਮੁੱਚੀ ਮਨੁੱਖ ਜਾਤੀ ਨੂੰ ਦਰਪੇਸ਼ ਖ਼ਤਰਿਆਂ ਅਤੇ ਚੁਣੌਤੀਆਂ ਨਾਲ ਸੰਮਿਲਤ ਕਰਕੇ ਬੜੀ ਪਰਬੁੱਧ ਅਤੇ ਖ਼ੂਬਸੂਰਤ ਕਾਵਿ-ਰਚਨਾ ਵਿਚ ਰੂਪਾਂਤਰਤ ਕੀਤਾ। ਉਹਨਾਂ ਨੇ ਅਨੇਕਾਂ ਜਲਸਿਆਂ, ਜਲੂਸਾਂ, ਧਰਨਿਆਂ ਅਤੇ ਅੰਦੋਲਨਾਂ ਵਿਚ ਅਮਲੀ ਤੌਰ 'ਤੇ ਯੋਗਦਾਨ ਪਾ ਕੇ ਸ਼ਬਦਾਂ ਨੂੰ ਅਰਥ ਪ੍ਰਦਾਨ ਕੀਤੇ। ਕਵੀ ਦਰਬਾਰਾਂ ਦੇ ਮੰਚਾਂ ਦੇ ਸ਼ਿੰਗਾਰ ਅਤੇ ਧਨੀ ਤਾਂ ਉਹ ਸਨ ਹੀ, ਹੋਰ ਵੀ ਸਮਾਜਿਕ, ਸਭਿਆਚਾਰਕ ਅਤੇ ਵਿਦਿਅਕ ਜਥੇਬੰਦੀਆਂ ਦੇ ਮੰਚਾਂ ਉੱਪਰ ਪੰਜਾਬੀ, ਅੰਗਰੇਜ਼ੀ ਅਤੇ ਉਰਦੂ ਭਾਸ਼ਾਵਾਂ ਵਿਚ ਕਮਾਲ ਦੇ ਪ੍ਰਵਕਤਾ ਸਨ। ਪਰ ਇਥੇ ਉਹਨਾਂ ਦੀਆਂ ਸਮੁੱਚੀਆਂ ਵਿਹਾਰਕ ਸਰਗਰਮੀਆਂ ਦੇ ਵਿਸਥਾਰ ਵਿਚ ਜਾਣ ਦੀ ਗੁੰਜਾਇਸ਼ ਨਹੀਂ।

ਨੂਰ ਦੇ ਜੀਵਨ ਕਾਲ ਦੌਰਾਨ ਉਹਨਾਂ ਦੀਆਂ ਪੰਜਾਬੀ ਭਾਸ਼ਾ ਵਿਚ ਅੱਠ ਕਾਵਿ-ਪੁਸਤਕਾਂ, ਇਕ ਨਿਬੰਧ ਸੰਗ੍ਰਹਿ ਅਤੇ ਇਕ ਸੰਪਾਦਤ ਪੁਸਤਕ ਅਤੇ ਅੰਗਰੇਜ਼ੀ ਭਾਸ਼ਾ ਵਿਚ ਦੋ ਕਾਵਿ-ਸੰਗ੍ਰਹਿ ਅਤੇ ਕੁਝ ਵਿਦਿਅਕ ਖੋਜ ਪੱਤਰ ਪ੍ਰਕਾਸ਼ਿਤ ਹੋਏ ਸਨ। ਇਹਨਾਂ ਸਮੇਤ ਉਹਨਾਂ ਬਾਰੇ ਪ੍ਰੋ. ਕਰਨੈਲ ਸਿੰਘ ਥਿੰਦ ਹੋਰਾਂ ਇੱਕ ਮਹੱਤਵਪੂਰਨ ਪੁਸਤਕ "ਨੂਰ ਦਾ ਵਣਜਾਰਾ" ਵੀ ਸੰਪਾਦਤ ਕੀਤੀ। ਉਪਰੋਕਤ ਪੁਸਤਕਾਂ ਬਾਰੇ ਅਨੇਕਾਂ ਸਮੀਖਿਆਕਾਰ ਆਪਣਾ ਅਧਿਐਨ ਅਤੇ ਵਿਚਾਰਧਾਰਕ ਮੱਤ ਪ੍ਰਸਤੁਤ ਕਰ ਚੁੱਕੇ ਹਨ ਅਤੇ ਕਈਆਂ ਉੱਪਰ ਵਿਸ਼ਵ-ਵਿਦਿਆਲਿਆ ਵਿਚ ਖੋਜ ਕਾਰਜ ਹੋਇਆ ਹੈ। ਅਸਾਡਾ ਅੱਜ ਦਾ ਮੰਤਵ ਨੂਰ ਜੀ ਦੀ ਮੌਤ ਉਪਰੰਤ ਪ੍ਰਕਾਸ਼ਿਤ ਰਚਨਾਵਾਂ ਪ੍ਰਤੀ ਵਿਚਾਰ ਚਰਚਾ ਕਰਨਾ ਹੈ। ਜਿਹੜੀਆਂ ਉਹਨਾਂ ਦੇ ਸ਼ਾਗਿਰਦ ਭੁਪਿੰਦਰ ਸਿੰਘ ਸੱਗੂ ਵਲੋਂ ਸੰਪਾਦਤ ਪੁਸਤਕ 'ਨਿਰੰਜਨ ਸਿੰਘ ਨੂਰ ਸਿਮ੍ਰਤੀ ਗ੍ਰੰਥ' ਵਿਚ ਉਪਲਬਧ ਹਨ। ਇਸ ਪੁਸਤਕ ਦੀ ਸਮੱਗਰੀ ਇਕੱਤਰ ਕਰਨ ਲਈ ਸੱਗੂ ਨੂੰ ਕਈ ਸਾਲ ਬੜੀ ਕਠਿਨ ਘਾਲਣਾ ਘਾਲਣੀ ਪਈ। ਇਸ ਪੁਸਤਕ ਨੂੰ ਤਰਤੀਬ ਦੇਣ ਦਾ ਕਾਰਜ ਡਾ. ਪ੍ਰੀਤਮ ਸਿੰਘ ਕੈਂਬੋ ਨੇ ਸਫਲਤਾਪੂਰਵਕ ਨੇਪਰੇ ਚੜ੍ਹਿਆ।

ਨੂਰ ਦੇ ਵਿਅਕਤੀਤਵ ਦੇ ਭਿੰਨ-ਭਿੰਨ ਪੱਖਾਂ ਨੂੰ ਉਜਾਗਰ ਕਰਨ ਹਿੱਤ ਇਸ ਪੁਸਤਕ ਨੂੰ ਸੱਤ ਖੰਡਾਂ ਵਿਚ ਵੰਡਿਆ ਗਿਆ ਹੈ। ਇਕ ਖੰਡ ਵਿਚ ਸੁਹਜ ਸ਼ਾਸਤਰ ਦੇ

ਹਵਾਲੇ ਨਾਲ ਨੂਰ-ਕਾਵਿ ਦੀ ਕਲਾਤਮਿਕਤਾ ਨੂੰ ਵੀ ਵਿਚਾਰ ਅਧੀਨ ਲਿਆਂਦਾ ਗਿਆ ਹੈ। ਇਸੇ ਤਰ੍ਹਾਂ ਇੱਕ ਹੋਰ ਖੰਡ ਵਿਚ ਉਹਨਾਂ ਦੀ ਪਾਕਿਸਤਾਨ ਅਤੇ ਕੈਨੇਡਾ ਦੀ ਯਾਤਰਾ ਨਾਲ ਸੰਬੰਧਿਤ ਸਮਾਚਾਰ ਅੰਕਿਤ ਕੀਤੇ ਗਏ ਹਨ। ਜਿਹੜੇ ਇਸ ਤੋਂ ਪਹਿਲਾਂ ਕਿਸੇ ਵੀ ਪੁਸਤਕ ਵਿਚ ਸੰਮਿਲਤ ਨਹੀਂ। ਇਹ ਭਾਗ ਇਸ ਪੁਸਤਕ ਦੀ ਵਿਸ਼ੇਸ਼ ਪ੍ਰਾਪਤੀ ਹੈ। ਪੰਜਵੇਂ ਭਾਗ ਵਿਚ ਉਹਨਾਂ ਦੀਆਂ ਮਿੱਤਰਾਂ ਨਾਲ ਯਾਦਗਾਰੀ ਤਸਵੀਰਾਂ ਹਨ। ਇਸਦੇ ਸੱਤਵੇਂ ਖੰਡ ਵਿਚ ਉਹਨਾਂ ਦੀਆਂ ਵੀਹ ਉਹ ਰਚਨਾਵਾਂ ਹਨ, ਜਿਹਨਾਂ ਵੱਲ ਇਸ ਨਿਬੰਧ ਵਿਚ ਪਹਿਲਾਂ ਸੰਕੇਤ ਕੀਤਾ ਗਿਆ ਹੈ। ਇਹਨਾਂ ਵਿਚ ਪੰਦਰਾਂ ਗ਼ਜ਼ਲਾਂ, ਚਾਰ ਕਵਿਤਾਵਾਂ ਅਤੇ ਇਕ ਗੀਤ ਸ਼ਾਮਿਲ ਹਨ।

ਇਹ ਸਰਵ-ਪ੍ਰਵਾਨਿਤ ਤੱਥ ਹੈ ਕਿ ਨੂਰ ਇੰਗਲੈਂਡ ਵਿਚ ਪੰਜਾਬੀ ਭਾਸ਼ਾ ਦੇ ਸ਼੍ਰੋਮਣੀ ਕਵੀ ਸਨ ਭਾਵੇਂ ਕਿ ਕੁਝ ਤਥਾਕਥਿਤ ਸਮਾਲੋਚਕਾਂ ਵਲੋਂ ਉਹਨਾਂ ਦੀ ਕਵਿਤਾਵਾਂ ਵਿਚ ਉਪਸਥਿਤ ਕਾਵਿ-ਬੰਦਾਂ ਨੂੰ ਮੌਲਿਕ ਪ੍ਰਸੰਗਾਂ ਨਾਲੋਂ ਤੋੜ ਕੇ ਉਹਨਾਂ ਨੂੰ ਛੁਟਿਆਉਣ ਦਾ ਅਸਫਲ ਯਤਨ ਕੀਤਾ ਗਿਆ / ਜਾ ਰਿਹਾ ਹੈ। ਉਹਨਾਂ ਦਾ ਰਚਨਾ ਸੰਸਾਰ ਸੰਪੂਰਨ ਬ੍ਰਹਿਮੰਡ ਵਿਚ ਪਸਰਿਆ ਹੋਇਆ ਹੈ। ਉਹਨਾਂ ਨੇ ਵੀਅਤਨਾਮ ਤੋਂ ਲੈ ਕੇ ਬੰਗਲਾ ਦੇਸ਼ ਦੇ ਕੌਮੀ ਮੁਕਤੀ ਘੋਲ, ਕਿਊਬਾ ਤੋਂ ਲੈ ਕੇ ਫਲਸਤੀਨ, ਦੱਖਣੀ ਅਫਰੀਕਾ ਤੋਂ ਲੈ ਕੇ ਚਿੱਲੀ ਦੇ ਕਿਰਤੀਆਂ ਦੇ ਸੰਘਰਸ਼ਾਂ ਦਾ ਆਪਣੀਆਂ ਰਚਨਾਵਾਂ ਵਿਚ ਉਲੇਖ ਕੀਤਾ। ਸੰਖੇਪਮਈ ਰੂਪ ਵਿਚ ਦਰਸਾਇਆ ਜਾ ਸਕਦਾ ਹੈ ਕਿ ਉਹਨਾਂ ਵਿਕਾਸਸ਼ੀਲ, ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਦੇ ਦੇਸ਼ਾਂ ਦੀਆਂ ਲੋਕ ਲਹਿਰਾਂ ਦੇ ਯਥਾਰਥ ਨੂੰ ਆਪਣੀਆਂ ਰਚਨਾਵਾਂ ਵਿਚ ਰੂਪਾਂਤਰਿਤ ਕੀਤਾ। ਇਸੇ ਤਰ੍ਹਾਂ ਉਹਨਾਂ ਭਾਰਤ ਦੇ ਸਮਾਜਿਕ ਅਤੇ ਰਾਜਨੀਤਿਕ ਪਰਿਵੇਸ਼ ਨੂੰ ਆਪਣੀਆਂ ਕਵਿਤਾਵਾਂ ਵਿਚ ਸਪੇਸ ਪ੍ਰਦਾਨ ਕਰਦਿਆਂ ਆਪਾਤ-ਕਾਲ ਸਮੇਂ ਸ਼ਹਿਰੀਆਂ ਦੀਆਂ ਕੁਚਲੀਆਂ ਗਈਆਂ ਆਜ਼ਾਦੀਆਂ ਅਤੇ ਹਾਕਮ ਸ਼੍ਰੇਣੀ ਵਲੋਂ ਕੀਤੀਆਂ ਗਈਆਂ ਵਧੀਕੀਆਂ ਦਾ ਪਰਦਾਫਾਸ਼ ਕੀਤਾ। ਇਸੇ ਤਰ੍ਹਾਂ ਪੰਜਾਬ ਦੇ ਕਾਲੇ ਦੌਰ ਸਮੇਂ ਵੰਡਵਾਦੀ ਸ਼ਕਤੀਆਂ ਦੀ ਵੀ ਵਿਰੋਧਤਾ ਕੀਤੀ। ਸਭ ਤੋਂ ਮਹੱਤਵਪੂਰਨ ਅਤੇ ਤਸੱਲੀਬਖਸ਼ ਪੱਖ ਇਹ ਹੈ ਕਿ ਉਹ ਸਮਕਾਲੀ ਘਟਨਾਵਾਂ ਅਤੇ ਪ੍ਰਸਥਿਤੀਆਂ ਦਾ ਅਧਿਐਨ, ਬੋਧ ਅਤੇ ਮੰਥਨ ਕਰਨ ਲਈ ਇਤਿਹਾਸਕ ਦਵੰਦਵਾਦੀ ਪਦਾਰਥਵਾਦੀ ਦ੍ਰਿਸ਼ਟੀਕੋਣ ਅਪਨਾਉਂਦੇ ਹਨ। ਉਹਨਾਂ ਨੇ ਕੁੱਲ ਦੁਨੀਆਂ ਦੇ ਲੁਟੀਂਦੇ ਲੋਕਾਂ ਦੇ ਸੰਘਰਸ਼ਾਂ ਅਤੇ ਸਮੱਸਿਆਵਾਂ ਨੂੰ ਆਪਣੇ ਸਿਧਾਂਤ ਵਿਚ ਆਤਮਸਾਤ ਕਰ ਲਿਆ ਸੀ। ਉਹ ਅਖੀਰਲੇ ਦਮ ਤੱਕ ਸਿਧਾਂਤਕ ਪੁਸਤਕਾਂ ਦਾ ਅਧਿਐਨ ਅਤੇ ਮੰਥਨ ਕਰਦੇ ਰਹੇ। ਆਪਣੀ ਸਿਹਤ ਦਾ ਖ਼ਿਆਲ ਰੱਖੇ ਬਗ਼ੈਰ ਅਮਲੀ ਤੌਰ ਉੱਤੇ ਅਤੇ ਆਪਣੀਆਂ ਕਵਿਤਾਵਾਂ ਰਾਹੀਂ ਆਪਣੀ ਸਿਧਾਂਤਕ ਪ੍ਰਤੀਬੱਧਤਾ ਉੱਤੇ ਪਹਿਰਾ ਦਿੰਦੇ ਰਹੇ। ਉਹਨਾਂ ਨੇ ਵਾਤਾਵਰਨ ਨੂੰ ਪ੍ਰਦੂਸ਼ਿਤ ਕਰਨ ਵਾਲੀਆਂ ਕਾਲੀਆਂ ਸ਼ਕਤੀਆਂ ਨੂੰ ਵੀ ਲਲਕਾਰਿਆ। ਉਹਨਾਂ ਦੀਆਂ ਗ਼ਜ਼ਲਾਂ ਵਿਚੋਂ ਕੁਝ ਸ਼ੇਅਰ ਪੇਸ਼ ਹਨ –



ਕੌਣ ਪਾਪੀ ਚੀਰ ਧਰਤੀ ਦਾ ਹਰੇ?
ਕੌਣ ਕੁੱਖ ਓਜ਼ੋਨ ਦੀ ਦਾਗੀ ਕਰੇ?
ਕੌਣ ਕਰਦਾ ਪਾਕ-ਪੌਣਾਂ ਨੂੰ ਪਲੀਤ?
ਮੌਤ ਜੀਕਣ ਖੇਤ ਸਾਹਾਂ ਦੇ ਚਰੇ?
ਕਿਣਕਿਆਂ ਵਿਚ ਕੌਣ ਕੈਂਸਰ ਬੀਜਦਾ
ਧਰਤ ਦੇ ਲੂੰ-ਲੂੰ ਤੇ ਉੱਗੇ ਮਕਬਰੇ

(ਪੰਨਾ 393)

ਜਿੱਥੇ ਨੂਰ ਨੂੰ ਪ੍ਰਸਿੱਧ ਕਹਾਣੀਕਾਰ ਰਘਬੀਰ ਢੰਡ (ਮਰਹੂਮ) ਅਤੇ ਨਿਬੰਧਕਾਰ ਹਰਦੇਵ ਸਿੰਘ ਢੇਸੀ (ਮਰਹੂਮ) ਵਰਗੇ ਵਫ਼ਾਦਾਰ ਅਤੇ ਸੁਹਿਰਦ ਮਿੱਤਰ ਵੀ ਮਿਲੇ, ਉੱਥੇ ਦੁੱਖ ਨਾਲ ਲਿਖਣਾ ਪੈਂਦਾ ਹੈ ਕਿ ਉਹਨਾਂ ਦੇ ਨਿਮਰ, ਸੁਹਿਰਦ, ਸਾਊ ਅਤੇ ਦਲੇਰਾਨਾ ਸੁਭਾਅ ਦਾ ਕਈਆਂ ਪਾਸਿਆਂ ਤੋਂ ਨਜਾਇਜ਼ ਇਸਤੇਮਾਲ ਵੀ ਹੋਇਆ। ਉਹ ਆਮ ਕਿਹਾ ਕਰਦੇ ਸਨ ਕਿ ਉਹ ਕਿਸੇ ਮਿੱਤਰ ਨੂੰ ਕਿਸੇ ਵੀ ਕੰਮ ਤੋਂ ਨਾਂਹ ਨਹੀਂ ਕਰ ਸਕਦੇ ਅਤੇ ਮਿੱਤਰਾਂ ਦੇ ਕੰਮ ਆਉਣ ਵਿਚ ਉਹਨਾਂ ਦੇ ਦਿਲ ਨੂੰ ਸਕੂਨ ਮਿਲਦਾ ਹੈ। ਇਸ ਪ੍ਰਸੰਗ ਵਿਚ ਉਹਨਾਂ ਨੇ 'ਬਹੁਤ ਕੁਝ' ਅੰਦਰੋਂ-ਅੰਦਰ ਬਰਦਾਸ਼ਤ ਕੀਤਾ। 'ਬਹੁਤ ਕੁਝ' ਅੰਦਰੋਂ-ਅੰਦਰ ਪੀਤਾ। ਬੇਗਾਨਿਆਂ ਦੇ ਨਾਲ ਉਹਨਾਂ ਨੇ ਆਪਣਿਆਂ ਦੇ ਵਾਰ ਵੀ ਦਿਲ ਉੱਤੇ ਝੱਲੇ। ਸ਼ਾਇਰ ਦਾ ਦਿਲ ਬੜਾ ਕੋਮਲ ਹਿੱਤ ਭਾਈ ਘਨੱਈਏ ਵਾਂਗ ਅਨੁਸ਼ਾਸਨ ਵੀ ਦਾਅ ਉੱਤੇ ਲਾ ਦਿੰਦੇ ਸਨ। ਇਹ ਇਨਸਾਨੀ ਗੁਣ ਹੀ ਉਲਟੇ ਅਤੇ ਪਰਤਵੇਂ ਰੂਪ ਵਿਚ ਉਹਨਾਂ ਦੀ ਜਥੇਬੰਦਕ ਯੋਗਤਾ ਦੀ ਘਾਟ ਹੋ ਨਿਬੜਿਆ। ਫਲਸਰੂਪ ਉਹਨਾਂ ਦੀ ਮੌਤ ਉਪਰੰਤ ਤੁਰੰਤ ਪ੍ਰਗਤੀਸ਼ੀਲ ਲਿਖਾਰੀ ਸਭਾ ਗ੍ਰੇਟ ਬਰਿਟਨ ਦਾ ਸਾਰਾ ਲਿਖਤੀ ਰਿਕਾਰਡ ਗੁੰਮ ਹੋ ਗਿਆ ਅਤੇ ਘੇਰਾ ਇਕ ਦੋ ਵਿਅਕਤੀਆਂ ਤੱਕ ਸੀਮਤ ਹੋ ਕੇ ਰਹਿ ਗਿਆ। ਜਿਹੜੇ ਅੱਜ ਤੱਕ ਇਸ ਦਾ ਦੁਰ-ਉਪਯੋਗ ਕਰ ਰਹੇ ਹਨ ਭਾਵੇਂ ਕਿ ਇਹ ਰੁਝਾਨ ਉਹਨਾਂ ਦੇ ਜੀਵਨ ਕਾਲ ਦੇ ਅਖੀਰਲੇ ਇਕ/ਦੋ ਵਰ੍ਹਿਆਂ ਦੌਰਾਨ ਹੀ ਆਰੰਭ ਹੋ ਗਿਆ ਸੀ। ਜਿਸ ਵਿਰੁੱਧ ਉਹਨਾਂ ਨੇ ਆਜਿਜ਼ ਦੇ ਕਹਿਣ ਉੱਤੇ ਵੀ ਵਿਧਾਨਕ ਜਾਂ ਅਨੁਸ਼ਾਸਨਿਕ ਕਾਰਵਾਈ ਨਾ ਕੀਤੀ। ਖ਼ੈਰ.... ਇਸ ਸਭਾ ਦੀਆਂ ਸਰਗਰਮੀਆਂ ਅਸਾਡਾ ਅੱਜ ਦਾ ਵਿਸ਼ਾ ਨਹੀਂ।

ਸਮਕਾਲੀ ਸਮਾਜਿਕ ਯਥਾਰਥ ਦੇ ਨਾਲ-ਨਾਲ ਉਹਨਾਂ ਨੇ ਅਜਿਹੇ ਨਿਜੀ ਦੁਨਿਆਵੀ ਅਤੇ ਰੋਜ਼ਮਰ੍ਹਾ ਦੇ ਕੌੜੇ/ਮਿੱਠੇ ਤਜ਼ਰਬਿਆਂ /ਵਰਤਾਰਿਆਂ ਦੀ ਹਕੀਕਤ ਦੇ ਅਨੁਭਵ ਨੂੰ ਵੀ ਆਪਣੀਆਂ ਗ਼ਜ਼ਲਾਂ ਦੇ ਸ਼ਿਅਰਾਂ ਵਿਚ ਡਾਢੀ ਸੰਵੇਦਨਸ਼ੀਲਤਾ ਅਤੇ ਸੂਖਮਤਾ ਨਾਲ ਉਦਘਾਟਤ ਕੀਤਾ। ਉਦਾਹਰਣ ਵਜੋਂ ਕੁਝ ਸ਼ਿਅਰ ਹਾਜ਼ਰ ਹਨ –

ਜੋ ਮਰਨ ਤੋਂ ਬਾਅਦ ਵੀ ਤੜਪੀ ਗਿਆ
ਉਹ ਕਿਸੇ ਲਾਰੇ ਤੇ ਮੋਇਆ ਹੋਏਗਾ।
ਜੀਣ ਵਾਲੇ ਦਾ ਜ਼ਰਾ ਜਿਗਰਾ ਤਾਂ ਵੇਖ

ਸ਼ਾਇਦ ਕਿੰਨੀ ਵਾਰ ਮਰਿਆ ਹੋਵੇਗਾ।

(ਪੰਨਾ 385

ਨੂਰ ਦੇ ਪੈਰਾਂ ਨੂੰ ਜ਼ੰਜ਼ੀਰਾਂ ਸਜਾਵਣ ਵਾਲਿਓ!
ਸੈਂਕੜੇ ਕੰਧਾਂ, ਪਹਾੜਾਂ ਤੋਂ ਹਵਾ ਰੁਕਦੀ ਨਹੀਂ।

(ਪੰਨਾ 389

ਬੇਈਮਾਨੀ ਈਮਾਨ ਹੈ ਸਾਡਾ
ਦੰਭ ਜੀਵਨ ਦੀ ਚੂਲ ਹੈ ਇਥੇ।
ਮੰਦ ਅਕਲੀ ਦਾ ਹੈ ਬੋਲਬਾਲਾ
ਅਕਲਮੰਦੀ ਫਿਜ਼ੂਲ ਹੈ ਇਥੇ।

(ਪੰਨਾ 391)

ਓਪਰੀ ਨਜ਼ਰੇ ਸਰਲੀਕਰਣ ਅਤੇ ਸਧਾਰਨਤਾ ਦਾ ਪ੍ਰਭਾਵ ਸਿਰਜਦੇ ਉਪਰੋਕਤ ਸ਼ਿਅਰ ਬੜੇ ਡੂੰਘੇ ਅਤੇ ਵਿਸ਼ਾਲ ਅਰਥਾਂ ਦੇ ਧਾਰਨੀ ਹਨ। ਨੂਰ ਕਾਵਿ ਨੇ ਪ੍ਰਥਮ ਸੰਗ੍ਰਹਿ 'ਮੁਕਤੀ' ਤੋਂ ਆਪਣਾ ਸਫ਼ਰ ਆਰੰਭ ਕਰਕੇ ਅੱਠਵੇਂ ਸੰਗ੍ਰਹਿ 'ਕਵਿਤਾ ਤੁਰਦੀ ਹੈ' ਤੱਕ ਪੁੱਜਦਿਆਂ ਨਿਰੰਤਰ ਵਿਕਾਸ ਕੀਤਾ ਹੈ। ਪ੍ਰਵਾਸੀ ਜੀਵਨ ਦੇ ਅਨੁਭਵ ਨਸਲੀ ਵਿਤਕਰਾ ਤੋਂ ਲੈ ਕੇ ਇੰਗਲੈਂਡ ਦੀ ਸਮੁੱਚੀ ਕਾਮਾ ਸ਼੍ਰੇਣੀ ਦੇ ਸੰਘਰਸ਼ਾਂ ਦੀ ਬਾਤ ਪਾਈ ਹੈ। ਇਹ ਵਿਕਾਸ ਕਾਵਿ ਦੇ ਰੂਪ-ਵਿਧਾਨ ਅਤੇ ਸਿਧਾਂਤਕ ਦ੍ਰਿਸ਼ਟੀਕੋਣ ਵਿਚ ਵੀ ਪ੍ਰਕਾਸ਼ਮਾਨ ਹੋਇਆ ਹੈ। ਉਸਨੇ ਭਾਰਤ / ਪੰਜਾਬ ਦੇ ਇਤਿਹਾਸ / ਮਿਥਿਹਾਸ, ਸਿੱਖ, ਹਿੰਦੂ, ਇਸਲਾਮ ਅਤੇ ਇਸਾਈ ਮੱਤਾਂ ਦੇ ਹਵਾਲਿਆਂ ਅਤੇ ਘਟਨਾਵਾਂ ਨੂੰ ਸਮਕਾਲੀ ਯਥਾਰਥ ਵਿਚ ਸਮੋ ਕੇ ਨਵੇਂ ਅਰਥ ਪ੍ਰਦਾਨ ਕਰਨ ਦੇ ਨਾਲ ਮੌਜੂਦਾ ਸਥਿਤੀਆਂ / ਪ੍ਰਸਥਿਤੀਆਂ ਨੂੰ ਵੀ ਸਪੱਸ਼ਟਤਾ ਬਖਸ਼ੀ।

ਨੂਰ ਜੀ ਮੂਲ ਰੂਪ ਵਿਚ ਪ੍ਰਗਤੀਵਾਦੀ ਵਿਚਾਰਧਾਰਾ ਦੇ ਅਨੁਯਾਈ ਹਨ। ਉਹਨਾਂ ਨੇ ਸਾਮਰਾਜੀ ਜੰਗਾਂ ਦਾ ਡਟ ਕੇ ਵਿਰੋਧ ਕੀਤਾ, ਜਿਹੜੀਆਂ ਕਿ ਸੰਸਾਰ ਦੀ ਮੰਡੀ ਨੂੰ ਆਪਣੇ ਅਧਿਕਾਰ ਖੇਤਰ ਵਿਚ ਲਿਆਉਣ ਲਈ ਕੀਤੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਇਹਨਾਂ ਜੰਗਾਂ ਵਿਚ ਪ੍ਰਯੋਗ ਵਿਚ ਲਿਆਂਦੇ ਜਾ ਰਹੇ ਰਸਾਇਣਿਕ ਅਤੇ ਜੀਵ-ਰਸਾਇਣਿਕ ਸ਼ਸਤਰਾਂ ਨੂੰ ਮਨੁੱਖਤਾ ਦੇ ਸਰਬਨਾਸ਼ੀ ਬਿੰਬ ਵਜੋਂ ਸਿਰਜਿਆ। ਇਸੇ ਤਰ੍ਹਾਂ ਪੂੰਜੀਵਾਦੀ ਵਿਵਸਥਾ ਅਧੀਨ ਕਿਰਤੀ ਨੂੰ ਉਸਦੇ ਉਦਪਾਦਨ ਤੋਂ ਅਜਨਬੀਕਰਣ ਕਰਨ ਦੀ ਪ੍ਰਕਿਰਿਆ ਅਤੇ ਜਿਣਸ ਵਾਂਗ ਜੀਵਨ ਬਤੀਤ ਕਰਨ ਦੀ ਮਜਬੂਰੀ ਦੇ ਕੁਦ੍ਰਿਸ਼ ਨੂੰ ਵੀ ਆਪਣੇ ਰਚਨਾ ਸੰਸਾਰ ਵਿਚ ਸੰਮਿਲਤ ਕੀਤਾ। ਖਪਤ ਸਭਿਆਚਾਰ ਨੇ ਮਾਨਵੀ ਰਿਸ਼ਤਿਆਂ ਨੂੰ ਕਿਸ ਮੁਕਾਮ ਉੱਪਰ ਪਹੁੰਚਾ ਦਿੱਤਾ ਹੈ।

ਨੂਰ ਜੀ ਵਰਗੇ ਗਿਆਨਵਾਦ ਅਤੇ ਬੁੱਧ ਪੁਰਖ ਦੇ ਮਨ ਵਿਚ ਬਿਜਲਾਣੂ ਵਿਗਿਆਨ ਅਤੇ ਅਨੁਵੰਸ਼ਕ ਵਿਗਿਆਨ ਦੀਆਂ ਅਜੋਕੀਆਂ ਆਵਿਸ਼ਕਾਰਾਂ ਅਤੇ ਪ੍ਰਾਪਤੀਆਂ ਦੇ ਪ੍ਰਸੰਗ ਵਿਚ ਹੀ "ਕ੍ਰਿਸ਼ਮਾ" ਨਾਮੀ ਕਵਿਤਾ ਵਿਚ ਰੂੜੀਵਾਦੀ ਰਸਮਾਂ ਰਿਵਾਜ਼ਾਂ, ਅੰਨੀ ਆਸਤਿਕ ਸ਼ਰਧਾ ਅਤੇ ਮਾਨਸਿਕ/ਬੌਧਿਕ ਦੁਬਿਧਾ ਦੀ ਧੁੰਦ/ਧੰਧੂਕਾਰੇ ਪ੍ਰਤੀ ਕਟਾਖਸ਼ ਡਾਢੀ ਤੀਬਰ ਅਤੇ ਤੀਖਣ ਸੁਰ ਵਿਚ ਪ੍ਰਗਟ ਹੁੰਦਾ ਹੈ।

ਉਹਨਾਂ ਨੇ ਆਪਣੀਆਂ ਰਚਨਾਵਾਂ ਦਾ ਤੀਬਰ ਪ੍ਰਭਾਵ ਸਿਰਜਣ ਦੀ ਪ੍ਰਕਿਰਿਆ ਵਿਚ ਭਾਰਤੀ ਕਾਵਿ-ਸ਼ਾਸਤਰ ਦੇ ਰਸ-ਸਿਧਾਂਤ ਦੇ ਕਰੁਣਾ, ਸ਼ਿੰਗਾਰ ਅਤੇ ਵੀਰ ਰਸਾਂ ਦੇ ਤੱਤਾਂ ਨੂੰ ਬੜੀ ਪ੍ਰਵੀਨਤਾ ਨਾਲ ਵਰਤੋਂ ਵਿਚ ਲਿਆਂਦਾ। ਇਸੇ ਤਰ੍ਹਾਂ ਆਪਣੇ ਕਾਵਿ ਨੂੰ ਸੁਹਜ ਭਰਪੂਰ ਬਣਾਉਣ ਲਈ ਸ਼ਬਦ ਅਲੰਕਾਰ, ਅਰਥ ਅਲੰਕਾਰ ਅਤੇ ਉਪਮਾ ਅਲੰਕਾਰ ਨੂੰ ਵੀ ਪ੍ਰਯੋਗ ਵਿਚ ਲਿਆਂਦਾ। ਉਰਦੂ ਭਾਸ਼ਾ ਦੇ ਸ਼ਬਦਾਂ ਨੂੰ ਵੀ ਉਚਿਤ ਪ੍ਰਸੰਗਾਂ ਵਿਚ ਵਰਤਿਆ ਹੈ। ਉਹਨਾਂ ਦੀ ਸ਼ਬਦ ਚੋਣ ਅਤੇ ਸ਼ਬਦ ਜੜ੍ਹਤ ਇਤਨੀ ਖ਼ੂਬਸੂਰਤ ਹੈ ਕਿ ਇਸ ਵਿਚ ਕਿਧਰੇ ਵੀ ਬਣਾਵਟ ਜਾਂ ਓਪਰੀ ਘੁਸਪੈਠ ਅਨੁਭਵ ਨਹੀਂ ਹੁੰਦੀ। ਉਹ ਆਜ਼ਾਦ ਨਜ਼ਮ ਰਚਦੇ ਵੀ ਲੈਅ ਅਤੇ ਤਾਲ ਨੂੰ ਤਿਲਾਂਜਲੀ ਨਹੀਂ ਦਿੰਦੇ। ਉਹਨਾਂ ਸੰਚਾਰਮਈ, ਸੰਬੋਧਨੀ, ਸੰਵਾਦੀ ਅਤੇ ਕਟਾਖਸ਼ੀ ਕਾਵਿ-ਜੁਗਤਾਂ ਰਾਹੀਂ ਆਪਣੀ ਕਲਾ ਨੂੰ ਸ਼ਿੰਗਾਰਿਆ। ਉਹਨਾਂ ਦਾ ਸ਼ਬਦ ਭੰਡਾਰ ਇਤਨਾ ਵਿਸ਼ਾਲ ਹੈ ਕਿ ਉਹ ਜਟਿਲ ਪ੍ਰਸਥਿਤੀਆਂ ਨੂੰ ਵੀ ਬੜੇ ਸਰਲ, ਸੰਗੀਤਮਈ, ਇਕਸਾਰ ਅਤੇ ਕੁਦਰਤੀ ਰੰਗ ਵਿਚ ਪੇਸ਼ ਕਰਨ ਦੇ ਸਮਰੱਥ ਹਨ।

ਨੂਰ ਨੂੰ ਗ਼ਜ਼ਲ ਰੂਪਾਕਾਰ ਦੇ ਰੂਪ ਵਿਧਾਨ ਦੀ ਪੂਰੀ ਤਾਲੀਮ ਸੀ। ਉਹਨਾਂ ਨੂੰ ਉਸਤਾਦ ਗ਼ਜ਼ਲਗੋ ਕਹਿਣ ਵਿਚ ਵੀ ਕੋਈ ਅਤਿਕਥਨੀ ਨਹੀਂ। ਉਹਨਾਂ ਦਾ ਕਾਵਿ-ਸੁਹਜ ਸਮਾਜ ਵਿਚੋਂ ਲੁੱਟ-ਖਸੁੱਟ ਸਮਾਪਤ ਕਰਨ ਲਈ ਕਿਰਤੀ ਸ਼੍ਰੇਣੀ ਨੂੰ ਆਪਣੇ ਹੱਕਾਂ ਲਈ ਜੂਝਣ ਦੀ ਪ੍ਰੇਰਨਾ ਵੀ ਦਿੰਦਾ ਹੈ। ਉਹ ਵਿਸ਼ਵ ਇਤਿਹਾਸ ਦੇ ਨਾਇਕਾਂ ਨੂੰ ਉਭਾਰਦਾ ਅਤੇ ਖਲਨਾਇਕਾਂ ਨੂੰ ਤ੍ਰਿਸਕਾਰਦਾ ਹੈ। •

## ਮੱਖਣ ਕੁਹਾੜ ਦੀਆਂ ਦੋ ਗ਼ਜ਼ਲਾਂ

1.

ਤੇਲ ਜੜ੍ਹਾਂ ਵਿਚ, ਪੱਤੇ ਪੀਲੇ, ਓਧਰ ਤੁੰਦ ਹਵਾਵਾਂ।
ਸਾਡੀ ਜੂਹ ਕਦ ਤੀਕਰ ਸਾਂਭੂ ਇਸ ਰੁੱਖ ਦਾ ਸਿਰਨਾਵਾਂ।

ਠਰੀਆਂ ਠਰੀਆਂ ਧੁੱਪਾਂ ਇਥੇ, ਤਪੀਆਂ ਤਪੀਆਂ ਛਾਵਾਂ।
ਕੈਸੀ ਰੁੱਤ ਹੈ, ਰੁੱਖ ਸਹਿਮੇ ਹਨ, ਰੋਂਦੀਆਂ ਫਿਰਨ ਹਵਾਵਾਂ।

ਹਰ ਪਾਸੇ ਮਾਰੂਥਲ ਦਿਸੇ ਜਿੱਧਰ ਵੀ ਮੈਂ ਜਾਵਾਂ,
ਮੇਰੇ ਜ਼ਿਹਨ 'ਚ ਵੱਸ ਗਿਆ ਹੈ ਸਾਗਰ ਦਾ ਸਿਰਨਾਵਾਂ।

ਇਸ ਨਗਰੀ ਵਿਚ ਹਰ ਬੂਹੇ 'ਤੇ ਲਿਖਿਆ ਹੈ 'ਜੀ ਆਇਆਂ',
ਐਪਰ ਘਰ ਘਰ ਦੇ ਵਿਚ ਵਿਛਿਐ ਤਲਖ਼ੀਆਂ ਦਾ ਸਿਰਨਾਵਾਂ।

ਪਲ ਭਰ ਲਈ ਵੀ ਨਹੀਂ ਮੈਂ ਰੁਕਿਆ ਰਾਹ ਵਿਚ ਕਿੱਧਰੇ ਛਾਵੇਂ,
ਇਲਮ ਸੀ ਮੈਨੂੰ ਅਕਸਰ ਰਾਹ ਭਟਕਾ ਦਿੰਦੀਆਂ ਨੇ ਛਾਵਾਂ।

ਆਪਾਂ ਦਿਲ ਦਾ ਚੋਗ ਖਿਲਾਰਿਆ ਸੀ ਹੰਸਾਂ ਦੀ ਖ਼ਾਤਰ,
ਐਪਰ ਇਹ ਕੀ ਹੋਇਆ, ਵਿਹੜਾ ਮੱਲ ਲਿਆ ਹੈ ਕਾਵਾਂ?

ਆਪਾਂ ਜਿੱਥੇ ਪੈਰ ਟਿਕਾਇਆ ਛਾਪ ਬਣੀ ਪੱਥਰ 'ਤੇ,
ਸਾਡੀ ਪੈੜ ਮਿਟਾਉਣਾ ਲੋਚਣ, ਕੈਸੀਆਂ ਪਾਗਲ 'ਵਾਵਾਂ।

2.

ਬਰਫ਼ੀਲੇ ਤੂਫ਼ਾਨ ਸੀ ਰਾਹ ਵਿਚ ਪਿੰਡਾਂ ਲੂੰਹਦੀਆਂ ਵਾਵਾਂ।
ਰੁਮਕਦੀ 'ਵਾ ਦਾ ਵੀ ਉਹਨਾਂ ਤੋਂ ਹੀ ਮਿਲਿਆ ਸਿਰਨਾਵਾਂ।

ਪਹਿਲਾ ਦਿਨ ਹੈ ਸਾਲ ਨਵੇਂ ਦਾ ਕਿੱਦਾਂ ਜਸ਼ਨ ਮਨਾਵਾਂ।
ਸੁੰਦਰ ਬਿਰਖ ਦਾ ਹੋਰ ਇੱਕ ਟਾਹਣਾ ਦਿੱਤਾ ਤੋੜ ਹਵਾਵਾਂ।

ਕੁਤਰ ਕੁਤਰਾ ਹੋ ਕੇ ਗੁਜ਼ਰੇ ਪਲ ਪਲ, ਸਾਲ, ਮਹੀਨੇ,
ਮੈਂ ਇਸ ਸਾਲ ਦੇ ਪਹਿਲੇ ਦਿਨ ਨੂੰ ਕਿਹੜੇ ਲੇਖੇ ਲਾਵਾਂ?

ਇੱਕ ਪਾਸੇ ਹਨ ਨਿੱਘੀਆਂ ਧੁੱਪਾਂ, ਦੂਜੇ ਪਾਸੇ ਕੋਰਾ,
ਇਕੋ ਸੂਰਜ, ਇਕੋ ਨਗਰੀ, ਵੱਖ ਵੱਖ ਕਿਉਂ ਸਿਰਨਾਵਾਂ?

ਮੈਨੂੰ ਸਭ ਮਨਜ਼ੂਰ ਹੈ ਤੇਰਾ ਹੱਸਣਾ, ਰੋਣਾ, ਖਿਝਣਾ,
ਹੋਣ ਜੋ ਮੇਰੀ ਖ਼ਾਤਿਰ ਦਿਲਬਰ, ਤੇਰੀਆਂ ਕੁੱਲ ਅਦਾਵਾਂ।

ਰਾਸ ਨਾ ਆਏ ਰੁੱਤ ਜਿਨ੍ਹਾਂ ਨੂੰ ਝੱਲਣ ਖ਼ੂਬ ਕਰੋਪੀ,
ਐਪਰ ਐਸੇ ਰੁੱਖ ਕਦੇ ਨਾ ਸੁੱਕਣ ਦੇਣ ਸ਼ਾਖਾਵਾਂ।

ਕਿਸ-ਕਿਸ ਸਾਨੂੰ ਲੁੱਟਿਆ, ਕੁੱਟਿਆ, ਇਲਮ ਹੈ ਸਾਨੂੰ ਸਾਰਾ,
ਨਾਲ ਹੀ ਸਾਨੂੰ ਯਾਦ ਹੈ ਝੂਠੇ ਰਹਿਬਰ ਦਾ ਸਿਰਨਾਵਾਂ।

•••





# ਫਿਰੌਤੀ

'ਫਿਰੌਤੀ' ਪੰਜਾਬੀ ਭਾਸ਼ਾ ਦੇ ਪ੍ਰਬੁੱਧ ਗਲਪਕਾਰ ਗੁਰਦਿਆਲ ਦਲਾਲ ਦਾ ਨਵਾਂ ਕਹਾਣੀ ਸੰਗ੍ਰਹਿ ਹੈ। ਇਸ ਸੰਗ੍ਰਹਿ ਵਿਚਲੀਆਂ ਕਹਾਣੀਆਂ ਅਜੋਕੇ ਮਨੁੱਖ ਦੇ ਆਪਣੇ ਸਮਾਜਿਕ ਯਥਾਰਥ ਨਾਲ ਤਣਾਉਸ਼ੀਲ ਸਬੰਧਾਂ ਦੀ ਪੇਸ਼ਕਾਰੀ ਬਹੁਤ ਸਜੀਵ ਰੂਪ ਵਿਚ ਕਰਦੀਆਂ ਹਨ। ਸਮਾਜਿਕ, ਆਰਥਿਕ, ਰਾਜਨੀਤਿਕ ਤੇ ਸਭਿਆਚਾਰਕ ਤਬਦੀਲੀਆਂ ਦੀ ਤੇਜ਼ ਰਫ਼ਤਾਰ ਪ੍ਰਕ੍ਰਿਆ ਨੇ ਮਨੁੱਖ ਦੇ ਸੁਭਾਅ, ਸੋਚ, ਅਮਲ ਤੇ ਵਰਤੋਂ ਵਿਵਹਾਰ ਨੂੰ ਬਹੁਤ ਤਬਦੀਲ ਕਰ ਦਿੱਤਾ ਹੈ। ਦਲਾਲ ਦੀ ਕਹਾਣੀਆਂ ਨਵੇਂ ਵਿਸ਼ਵੀ ਯੁੱਗ ਦੇ ਮਨੁੱਖ ਵਲੋਂ ਅਪਣਾਏ ਜਾ ਰਹੇ ਨਵੇਂ ਜੀਵਨ ਮੁੱਲਾਂ ਨੂੰ ਆਪਣੇ ਵਿਸ਼ਲੇਸ਼ਣੀ ਬੋਧ ਦਾ ਹਿੱਸਾ ਬਣਾਉਂਦੀਆਂ ਹਨ ਤਾਂ ਇਸ ਤੋਂ ਪ੍ਰਾਪਤ ਹੋਣ ਵਾਲੇ ਨਤੀਜੇ ਮਨੁੱਖ ਤੇ ਮਨੁੱਖਤਾ ਦੇ ਹਨ੍ਹੇਰੇ ਭਵਿੱਖ ਵੱਲ ਹੀ ਇਸ਼ਾਰਾ ਕਰਦੇ ਹਨ। ਉਸਦੀ ਕਥਾ ਭਾਸ਼ਾ ਮਨੁੱਖ ਦੀ ਨਵੀਂ ਜੀਵਨ ਜਾਂਚ ਵਿਚਲੇ ਦਵੰਦਾਂ ਤੇ ਦੁਬਿਧਾਵਾਂ ਨੂੰ ਪੂਰੀ ਕਲਾਤਮਿਕਤਾ ਨਾਲ ਪੇਸ਼ ਕਰਦੀ ਹੈ।

ਸੰਗ੍ਰਹਿ ਦੀ ਪਹਿਲੀ ਕਹਾਣੀ 'ਇਕੋ ਕਿਸ਼ਤ' ਇਸ ਵਿਸ਼ਲੇਸ਼ਣੀ ਸਿੱਟੇ ਨੂੰ ਉਭਾਰਦੀ ਹੈ ਕਿ ਮਨੁੱਖ ਦੀ ਆਰਥਿਕ ਸਥਿਤੀ ਹੀ ਉਸਦੇ ਹਿੱਸੇ ਆਉਂਦੀ ਸਮਾਜਿਕਤਾ ਦਾ ਮੁੱਢਲਾ ਅਧਾਰ ਬਣਦੀ ਹੈ। ਕਹਾਣੀ ਵਿਚਲਾ ਬਸੰਤ ਕੁਮਾਰ ਜਦੋਂ ਪਰਿਵਾਰ ਦੀਆਂ ਆਰਥਿਕ ਲੋੜਾਂ ਪੂਰੀਆਂ ਕਰਨ ਦਾ ਫਰਜ਼ ਨਹੀਂ ਨਿਭਾਉਂਦਾ ਤਾਂ ਪਰਿਵਾਰ ਦੀ ਨੈਤਿਕ ਮਰਿਆਦਾ ਆਪਣੇ ਆਪ ਹੀ ਭੇਦ ਹੋ ਜਾਂਦੀ ਹੈ। ਉਸਦੀ ਪਤਨੀ ਇਨ੍ਹਾਂ ਲੋੜਾਂ ਦੀ ਪੂਰਤੀ ਲਈ ਪਰਿਵਾਰ ਦੇ ਨਵੇਂ ਬਣੇ ਜਾਣੂ ਸਵਤੰਤਰ ਸਿੰਘ ਨਾਲ ਭੈਣ-ਭਰਾ ਦੇ ਪਰਦੇ ਹੇਠ ਜਿਨਸੀ ਸਬੰਧ ਕਾਇਮ ਕਰ ਲੈਂਦੀ ਹੈ। ਇਹ ਸਮਾਜਿਕ ਗਿਰਾਵਟ ਉਸ ਵੇਲੇ ਆਪਣੇ ਅੰਤਲੇ ਪੜਾਅ 'ਤੇ ਪਹੁੰਚ ਜਾਂਦੀ ਹੈ ਜਦੋਂ ਮੂੰਹ ਬੋਲੀ ਭੈਣ ਨਾਲ ਸੇਜ ਹੰਢਾਉਣ ਵਾਲਾ ਸਵਤੰਤਰ ਸਿੰਘ ਉਸਦੀ ਧੀ ਨੂੰ ਵੀ ਆਪਣੇ ਭਰਮ ਜਾਲ ਵਿਚ ਫਸਾਉਣ ਵਿਚ ਸਫ਼ਲ ਹੋ ਜਾਂਦਾ ਹੈ। ਕਹਾਣੀ 'ਜੜ੍ਹ' ਸਮਾਜਿਕ ਰਿਸ਼ਤਿਆਂ ਵਿਚ ਆਏ ਨਿਘਾਰ ਦੀ ਇਕ ਹੋਰ ਪਰਤ ਪੇਸ਼ ਕਰਦੀ ਹੈ। ਉਪਰੀ ਨਜ਼ਰ ਨਾਲ ਵੇਖਿਆਂ ਜਸ਼ਨ ਆਪਣੇ ਪਤੀ ਦੇ ਜਬਰ ਜ਼ੁਲਮ ਦਾ ਸ਼ਿਕਾਰ ਵਿਖਾਈ ਦਿੰਦੀ ਹੈ ਪਰ ਹਕੀਕੀ ਰੂਪ ਵਿਚ ਉਹ ਵਿਵਰਜਿਤ ਰਿਸ਼ਤੇ ਹੰਢਾ ਕੇ ਭੈਣ-ਭਰਾ ਦੇ ਰਿਸ਼ਤੇ ਨੂੰ ਵੀ ਕਲੰਕਿਤ ਕਰ ਰਹੀ ਹੈ। ਆਪਣੇ ਪਤੀ ਵਲੋਂ ਆਤਮਘਾਤ ਕੀਤੇ ਜਾਣ ਤੋਂ ਬਾਅਦ ਜਦੋਂ ਉਸਦਾ ਆਪਣੇ ਸਕੇ ਚਾਚੇ ਦੇ ਪੁੱਤ ਨਾਲ ਬਣੇ ਸਰੀਰਕ ਸਬੰਧਾਂ ਦਾ ਖੁਲਾਸਾ ਹੁੰਦਾ ਹੈ ਤਾਂ ਪਾਠਕ ਅਚੰਭਿਤ ਜਿਹਾ ਰਹਿ ਜਾਂਦਾ ਹੈ। ਇਨ੍ਹਾਂ ਦੋਹਾਂ ਕਹਾਣੀਆਂ ਦੀ ਪੇਸ਼ਕਾਰੀ ਦੀ ਖ਼ੂਬਸੂਰਤੀ ਇਸ ਵਿਚ ਹੈ ਕਿ ਵਿਵਰਜਿਤ ਰਿਸ਼ਤਿਆਂ ਦੀ ਗੱਲ ਕਰਦਿਆਂ ਵੀ ਲੇਖਕ ਕੁਝ ਨਵੇਂ ਕਹਾਣੀਕਾਰਾਂ ਵਾਂਗ ਆਪ ਅਜਿਹੇ ਰਿਸ਼ਤਿਆਂ ਦੇ ਹੱਕ ਵਿਚ ਨਹੀਂ ਭੁਗਤਦਾ।

ਸੰਗ੍ਰਹਿ ਦੀ ਕਹਾਣੀ 'ਫਿਰੌਤੀ' ਅਨੁਸਾਰ ਨਵੇਂ ਪੂੰਜੀਵਾਦੀ ਯੁੱਗ ਦੇ ਸਮਾਜਿਕ ਰਿਸ਼ਤੇ ਪਿਆਰ, ਹਮਦਰਦੀ, ਵਿਸ਼ਵਾਸ, ਸਮਰਪਣ ਤੇ ਸਹਿਹੋਂਦ ਦੇ ਭਾਵ ਬੋਧ ਵਾਲੇ ਪੁਰਾਣੇ ਮਾਨਵੀ ਖਾਸੇ ਤੋਂ ਟੁੱਟ ਕੇ ਪੂਰੀ ਤਰ੍ਹਾਂ ਵਿਅਕਤੀਵਾਦੀ ਚੇਤਨਾ ਗ੍ਰਹਿਣ ਕਰ ਚੁੱਕੇ ਹਨ। ਬਲੈਕਮੇਲਿੰਗ ਤੇ ਫਿਰੌਤੀਆਂ ਦਾ ਸ਼ਿਕਾਰ ਹੋਏ ਇਹ ਸਬੰਧ ਹੁਣ ਵਿਸਫੋਟਕ ਸਥਿਤੀ ਵੱਲ ਵੱਧ ਰਹੇ ਹਨ। ਕਹਾਣੀ ਵਿਚਲੇ ਦੋ ਧੀਆਂ ਦੇ ਬਾਪ ਦੁਨੀ ਚੰਦ ਦੀ ਜਾਇਦਾਦ ਹੜੱਪਣ ਲਈ ਉਸਦੇ ਸਕੇ ਭਰਾ ਹੀ ਅਣ-ਮਨੁੱਖੀ ਢੰਗ ਦੀਆਂ ਸਾਜਿਸ਼ਾਂ ਰਚਦੇ ਹਨ। ਆਪਣੀ ਪਤਨੀ ਦੀ ਮੌਤ ਤੋਂ ਬਾਅਦ ਉਹ ਆਪਣੇ ਭਰਾ ਦੇ ਬਹਿਕਾਵੇ ਵਿਚ ਆ ਕੇ ਉਸਦੀ ਸਾਲੀ ਦੀ ਧੀ ਪੂਜਾ ਨਾਲ ਵਿਆਹ ਕਰਵਾ ਲੈਂਦਾ ਹੈ ਤਾਂ ਉਸਨੂੰ ਆਪਣੀ ਜ਼ਿੰਦਗੀ ਵਿਚ ਸਭ ਤੋਂ ਵੱਡੀ ਬਲੈਕਮੇਲਿੰਗ ਦਾ ਸਾਹਮਣਾ ਕਰਨਾ ਪੈਂਦਾ ਹੈ। ਕਹਾਣੀ 'ਸੇਵਾ' ਅਨੁਸਾਰ ਕਮੀਨਗੀ ਦੀਆਂ ਹੱਦਾਂ ਨੂੰ ਛੂਹ ਰਹੀ ਇਸ ਯੁੱਗ ਦੀ ਵਿਅਕਤੀਗਤ ਖ਼ੁਦਗਰਜੀ ਨੇ ਮਾਂ-ਬਾਪ ਤੇ ਔਲਾਦ ਵਿਚਲੇ ਆਤਮਕ ਰਿਸ਼ਤੇ ਵਿਚ ਵੀ ਤਰੇੜਾਂ ਪਾ ਦਿੱਤੀਆਂ ਹਨ। ਇਹਨਾਂ ਕਹਾਣੀਆਂ ਦੇ ਸਮਾਂਤਰ ਕਹਾਣੀ 'ਆਪਣਾ ਘਰ' ਵਰਤਮਾਨ ਸਮੇਂ ਦੀਆਂ ਕੁਝ ਸਕਾਰਾਤਮਕ ਪ੍ਰਾਪਤੀਆਂ ਨੂੰ ਵੀ ਪੇਸ਼ ਕਰਦੀ ਹੈ। ਕਹਾਣੀ ਅਨੁਸਾਰ ਵਿਚਾਰਧਾਰਕ ਇਕਸੁਰਤਾ ਤੇ ਅਧਾਰਿਤ ਹੋਂਦ ਵਿਚ ਆ ਰਹੇ ਅੰਤਰਜਾਤੀ ਵਿਆਹ ਸਬੰਧ ਇਸ ਯੁੱਗ਼ ਦੀ ਗੁਣਾਤਮਕ ਪ੍ਰਾਪਤੀ ਹਨ।

ਕਹਾਣੀ 'ਸਨਮਾਨ' ਤੇ 'ਸੂਰੇ' ਧਰਮ, ਧਾਰਮਿਕਤਾ ਤੇ ਧਾਰਮਿਕ ਰਹਿਤ ਮਰਿਆਦਾ ਨੂੰ ਮਨੁੱਖਤਾ ਹਿੱਤ ਅਰਥ ਪ੍ਰਦਾਨ ਕਰਦਿਆਂ ਇਸ ਗੱਲ ਦਾ ਨਿਰਣਾ ਕਰਦੀਆਂ ਹਨ ਕਿ ਅੱਜ ਦੇ ਯੁੱਗ ਵਿਚ ਧਰਮੀ ਕਹਾਉਣ ਦਾ ਹੱਕ ਕਿਸ ਕੋਲ ਹੈ। ਕਹਾਣੀ 'ਸਨਮਾਨ' ਵਿਚਲਾ ਟੇਲਰ ਮਾਸਟਰ ਕਰਤਾਰ ਚੰਦ ਸਿੱਖ ਧਰਮ ਦਾ ਪੂਰਾ ਸ਼ਰਧਾਲੂ ਹੈ। ਉਹ ਹਰ ਸਾਲ ਨਿਸ਼ਾਨ ਸਾਹਿਬ ਦਾ ਚੋਲਾ ਸਿਊਣ ਤੇ ਚੜ੍ਹਾਉਣ ਦਾ ਕਾਰਜ ਪੂਰਨ ਸ਼ਰਧਾ ਭਾਵਨਾ ਨਾਲ ਕਰਦਾ ਹੈ।

ਧਰਮ ਦੇ ਠੇਕੇਦਾਰਾਂ ਵਲੋਂ ਚੋਲਾ ਸਿਊਣ ਵੇਲੇ ਕੱਟੀਆਂ ਕਾਤਰਾਂ ਦੀ ਬੇ-ਅਦਬੀ ਕਰਨ ਦੇ ਦੋਸ਼ ਅਧੀਨ ਨਾ ਕੇਵਲ ਉਸਨੂੰ ਸਮਾਜਿਕ ਤੌਰ ਤੇ ਅਪਮਾਨਿਤ ਕੀਤਾ ਜਾਂਦਾ ਹੈ ਸਗੋਂ ਝੂਠੇ ਦੋਸ਼ ਲਾ ਕੇ ਉਸਦੀ ਪੁਲਿਸ ਰਿਪੋਰਟ ਵੀ ਕਰ ਦਿੱਤੀ ਜਾਂਦੀ ਹੈ। ਕਹਾਣੀ ਅੰਤ ਵਿਚ ਅਖੌਤੀ ਧਾਰਮਿਕ ਆਗੂਆਂ ਦੀ ਬਜਾਇ ਕਰਤਾਰ ਚੰਦ ਨੂੰ ਹੀ ਗੁਰੂ ਘਰ ਦਾ ਸੱਚਾ ਸ਼ਰਧਾਲੂ ਠਹਿਰਾਉਂਦੀ ਹੈ। ਕਹਾਣੀ 'ਸੂਰਾ' ਸੰਨ 1947 ਦੇ ਫਿਰਕੂ ਦੰਗਿਆਂ ਸਮੇਂ ਅਜਿਹੇ ਹੀ ਜਨੂੰਨੀ ਲੋਕਾਂ ਵਲੋਂ ਨਿਭਾਈ ਧਰਮ ਤੇ ਮਨੁੱਖਤਾ ਵਿਰੋਧੀ ਭੂਮਿਕਾ ਨੂੰ ਰੂਪਮਾਨ ਕਰਦੀ ਹੈ। ਕਹਾਣੀਕਾਰ ਵਲੋਂ ਧਰਮ ਦੇ ਨਾਂ 'ਤੇ ਮਜਲੂਮਾਂ ਦਾ ਕਤਲੇਆਮ ਕਰਨ ਵਾਲੇ ਲੋਕ ਔਰੰਗਜ਼ੇਬ ਦੇ ਵਾਰਿਸ ਠਹਿਰਾਏ ਜਾਂਦੇ ਹਨ ਜਦੋਂ ਕਿ ਜਬਰੀ ਧਰਮ ਬਦਲਣ ਦਾ ਵਿਰੋਧ ਕਰਨ ਵਾਲੇ ਅਬਦੁੱਲਾ ਤੇ ਉਸਦਾ ਪੁੱਤਰ ਬਖਸ਼ਾ ਉਸ ਦੀ ਨਜ਼ਰ ਵਿਚ ਸਿੱਖ ਧਾਰਮਿਕ ਫਲਸਫੇ ਦਾ ਵਿਸਥਾਰ ਕਰਨ ਵਾਲੇ ਹਨ।



ਇਹ ਕਹਾਣੀ ਸੰਗ੍ਰਹਿ ਗੁਰਦਿਆਲ ਦਲਾਲ ਦਾ ਸ਼ੁਮਾਰ ਉਨ੍ਹਾਂ ਕਹਾਣੀਕਾਰਾਂ ਵਿਚ ਕਰਦਾ ਹੈ ਜਿਹੜੇ ਨਵੀਂ ਕਹਾਣੀ ਦੀਆਂ ਕਲਾਤਮਿਕ ਲੋੜਾਂ ਪ੍ਰਤੀ ਵੀ ਸੁਚੇਤ ਹਨ ਤੇ ਆਪਣੇ ਜ਼ਿਹਨ ਵਿਚ ਸੁਰੱਖਿਅਤ ਕਹਾਣੀ ਦੇ ਪ੍ਰਗਤੀਵਾਦੀ ਮਾਡਲ ਨਾਲ ਵੀ ਆਪਣੀ ਵਚਨਬੱਧਤਾ ਨਿਭਾਉਂਦੇ ਹਨ। ਉਸਦੀਆਂ ਕਹਾਣੀਆਂ ਦੇ ਪਾਤਰ ਪ੍ਰਾਪਤ ਯਥਾਰਥ ਦਾ ਸਾਹਮਣਾ ਕਰਦਿਆਂ ਨੈਤਿਕ-ਅਨੈਤਿਕ, ਵਰਜਿਤ-ਪ੍ਰਵਾਨਿਤ ਜਾਂ ਠੀਕ-ਗਲਤ ਆਦਿ ਅੰਤਰ ਵਿਰੋਧੀ ਵਿਚਾਰਾਂ ਦੇ ਦਵੰਦ ਨੂੰ ਨਵੀਂ ਕਹਾਣੀ ਦੀ ਤਰਜ਼ ਤੇ ਹੀ ਹੰਢਾਉਂਦੇ ਹਨ ਪਰ ਇਸ ਦਵੰਦ ਵਿਚ ਉਤਰ ਕੇ ਆਉਣ ਵਾਲੇ ਸਿੱਟੇ ਮਨੁੱਖਤਾਵਾਦੀ ਤੇ ਪ੍ਰਗਤੀਸ਼ੀਲ ਤਸੀਰ ਰੱਖਦੇ ਹਨ।

-ਨਿਰੰਜਣ ਬੋਹਾ

## ਜਗਤਾਰ ਸਾਲਮ ਦਾ .ਗਜ਼ਲ ਸੰਗ੍ਰਹਿ 'ਚੀਕ'

ਜਗਤਾਰ ਸਾਲਮ ਨਵੀਂ ਪੀੜ੍ਹੀ ਦਾ ਉੱਘਾ .ਗਜ਼ਲਕਾਰ ਹੈ ਭਾਵੇਂ 'ਚੀਕ' .ਗਜ਼ਲ ਸੰਗ੍ਰਹਿ ਉਸਦੀ ਪਹਿਲੀ ਪੁਸਤਕ ਹੈ ਪ੍ਰੰਤੂ ਉਸਦੇ ਪੁਖਤਾ ਸ਼ਿਅਰਾਂ ਨੇ ਉਸਨੂੰ ਪੰਜਾਬੀ ਦੇ ਆਧੁਨਿਕ .ਗਜ਼ਲਕਾਰਾਂ ਦੀ ਕਤਾਰ ਵਿਚ ਲਿਆ ਖੜ੍ਹਾ ਕੀਤਾ ਹੈ। .ਗਜ਼ਲ ਵਿਚ ਸਾਲਮ ਨੇ ਆਪਣਾ ਮੁਹਾਂਦਰਾ ਸਿਰਜਿਆ ਹੈ ਅਤੇ ਸ਼ਾਇਰੀ ਨਾਲ ਆਪਣੀ ਪਛਾਣ ਬਣਾਈ ਹੈ। ਉਸਦੇ ਸ਼ਿਅਰਾਂ ਵਿਚ ਨਿੱਜ ਤੋਂ ਲੈ ਕੇ ਕੁੱਲ ਜਹਾਨ ਤੱਕ ਦਾ ਦਰਦ ਸਮੋਇਆ ਹੋਇਆ ਹੈ। ਪੰਜਾਬੀ .ਗਜ਼ਲ ਹੁਣ ਆਪਣੇ ਘਸੇ-ਪਿੱਟੇ ਅਰਥਾਂ ਵਿਚ ਨਹੀਂ ਰਹੀ ਸਗੋਂ ਇਹ ਹੁਣ ਐਸਾ ਕਾਵਿ ਰੂਪ ਹੈ ਜੋ ਮਨੁੱਖ ਦੇ ਅੰਦਰਲੇ ਨੂੰ ਵੀ ਖੋਲ੍ਹਦੀ ਫਰੋਲਦੀ ਹੈ ਅਤੇ ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਵਿਸੰਗਤੀਆਂ ਉੱਤੇ ਵੀ ਸਮਾਲੋਚਨਾ ਕਰਦਾ ਅਤੇ ਰਾਹ ਦਸੇਰਾ ਵੀ ਬਣਦਾ ਹੈ। ਪੰਜਾਬੀ .ਗਜ਼ਲ ਦੇ ਰਵਾਇਤੀ ਅਰਥ ਵੀ ਬਦਲ ਗਏ ਹਨ ਅਤੇ ਰਵਾਇਤੀ ਭਾਸ਼ਾ ਵੀ। ਪੰਜਾਬੀ ਵਿਚ ਜੇਕਰ ਕੋਈ ਕਾਵਿ ਰੂਪ ਲੋਕਾਂ ਦੇ ਮਸਲਿਆਂ ਨੂੰ ਬਾਖ਼ੂਬੀ ਪੇਸ਼ ਕਰ ਰਿਹਾ ਹੈ ਤਾਂ ਉਹ ਅੱਜ ਪੰਜਾਬੀ .ਗਜ਼ਲ ਹੀ ਹੈ। ਸਾਲਮ ਐਸਾ ਸ਼ਾਇਰ ਹੈ ਜਿਸ ਨੂੰ ਆਪਣੇ ਖੰਭਾਂ ਦੀ ਵੀ ਸ਼ਕਤੀ ਦਾ ਪਤਾ ਹੈ ਪਰ ਪੈਰਾਂ ਦੀ ਧਰਤੀ ਦੀ ਜ਼ਰੂਰਤ ਦਾ ਵੀ ਇਲਮ ਹੈ। ਉਹ ਜਦ ਸ਼ਿਅਰ ਕਹਿੰਦਾ ਹੈ ਤਾਂ ਪਕਿਆਈ ਨਾਲ ਪੇਸ਼ ਹੁੰਦਾ ਹੈ। ਇਸ ਤਰ੍ਹਾਂ ਉਸਦੇ ਸ਼ਿਅਰਾਂ ਵਿਚ ਥਿੜਕਣ ਨਹੀਂ ਸਗੋਂ ਨਵੀਕਾਰਤ ਵਿਚਾਰਾਂ ਦਾ ਪ੍ਰਵਾਹ ਹੈ। ਉਸਦੀ ਨਿਸ਼ਚਿਤ ਵਿਚਾਰਧਾਰਾ ਹੈ ਅਤੇ ਉਸਦੀਆਂ ਅੱਖਾਂ ਵਿਚ ਬਕਾਇਦਾ ਇੱਕ ਮੰਜ਼ਿਲ ਲਿਸ਼ਕਦੀ ਹੈ। ਨਿਸ਼ਚਿਤ ਵਿਚਾਰਧਾਰਾ ਵਿਚ ਉਹ ਮਨੁੱਖਤਾਵਾਦੀ ਹੈ ਅਤੇ ਉਸਦੀ ਮੰਜ਼ਿਲ ਬੰਦੇ ਹੱਥੋਂ ਬੰਦੇ ਦੀ ਲੁੱਟ ਬੰਦ ਕਰਵਾਉਣੀ ਅਤੇ ਇਕਸਾਰਤਾ ਹੈ। ਉਸ ਵਾਸਤੇ ਸ਼ਾਇਰੀ ਕੇਵਲ ਰੁਮਾਂਸ ਨਹੀਂ ਅਤੇ ਨਾ ਹੀ ਸ਼ਬਦ ਕਾਰੀਗਰੀ। ਸਾਲਮ ਲਈ ਸ਼ਾਇਰੀ ਬਾਬੇ ਨਾਨਕ ਦੀ ਬਾਣੀ ਵਰਗਾ ਸ਼ਬਦ ਸ਼ਾਸਤਰ ਹੈ ਉਹ ਜਾਣਦਾ ਹੈ ਕਿ 'ਜੇ ਕਵੀ ਰਹਿਬਰ ਨਹੀਂ ਤਾਂ ਕੁਝ ਨਹੀਂ, ਤਰਕ ਜੇ ਨਸ਼ਤਰ ਨਹੀਂ ਤਾਂ ਕੁਝ ਨਹੀਂ।' ਪੰਜਾਬੀ .ਗਜ਼ਲਕਾਰਾਂ ਸਾਹਮਣੇ ਇਕ ਚੈਲਿੰਜ ਹੈ ਕਿ ਸੰਸਾਰ ਬੜੀ ਤੇਜ਼ੀ ਨਾਲ ਬਦਲ ਰਿਹਾ ਹੈ, ਕੁਲ ਧਰਤੀ ਇੱਕ ਪਿੰਡ ਵਾਂਗ ਪੇਸ਼ ਹੋਣ ਜਾ ਰਹੀ ਹੈ। ਇੰਟਰਨੈਟ ਨੇ ਦੂਰੀਆਂ ਖ਼ਤਮ ਕਰ

## ਪੁਸਤਕ ਪ੍ਰਾਪਤੀ

1. ਲੋਕ-ਵੇਦਨਾ (ਕਵਿਤਾਵਾਂ ਤੇ ਨਾਟਕ) ਗਿਆਨੀ ਮਾਨ ਸਿੰਘ ਨੌਰੰਗਪੁਰ ਮੁੱਲ 100/- ਪੰਨੇ 80 ਏਸ਼ੀਆ ਵਿਜਨਜ਼ ਲੁਧਿਆਣਾ
2. ਸਫ਼ਲ ਕਿਸਾਨ ਇਕਬਾਲ ਸਿੰਘ ਢਿੱਲੋਂ (ਜੀਵਨੀ) ਸੰਪਾਦਕ ਸੁਰਿੰਦਰਜੀਤ ਕੌਰ, ਪੰਨੇ 80, ਮੁੱਲ 125/- ਯੂਨੀਸਟਾਰ ਬੁੱਕਸ, ਚੰਡੀਗੜ੍ਹ
3. ਧਰਮ ਕੰਮੇਆਣਾ ਦਾ ਕਾਵਿ-ਚਿੰਤਨ (ਆਲੋਚਨਾ) ਸੰਪਾਦਕ ਡਾ. ਸੁਖਜੀਤ ਕੌਰ, ਪੰਨੇ 136, ਮੁੱਲ 200/- ਸਨਾਵਰ ਪਬਲੀਕੇਸ਼ਨਜ਼ ਪਟਿਆਲਾ
4. ਤੁਰਸ਼-ਬੇਬਾਕੀਆਂ (ਕਵਿਤਾ) ਖੋਜੀ ਕਾਫ਼ਰ, ਪੰਨੇ 120 ਮੁੱਲ 150/- ਸਿੰਘ ਬ੍ਰਦਰਜ਼ ਅੰਮ੍ਰਿਤਸਰ
5. ਪੰਜਾਬੀ ਕਵਿਤਾ ਦੇ ਸਰੋਕਾਰ (ਆਲੋਚਨਾ) ਸੰਪਾਦਕ ਡਾ. ਹਰਪ੍ਰੀਤ ਸਿੰਘ ਹੁੰਦਲ ਪੰਨੇ 112, ਪ੍ਰਕਾਸ਼ਕ ਸਿੱਖ ਨੈਸ਼ਨਲ ਕਾਲਜ ਕਾਦੀਆਂ, ਗੁਰਦਾਸਪੁਰ
6. ਅੱਕ-ਫੰਬੇ (ਗ਼ਜ਼ਲਾਂ / ਗੀਤ) ਕਰਨੈਲ ਸਿੰਘ ਨੇਕਨਾਮ ਮੁੱਲ 150/- ਪੰਨੇ 86, ਯੂਨੀਸਟਾਰ ਬੁੱਕਸ ਚੰਡੀਗੜ੍ਹ
7. ਤੇ ਉਹ ਫਿਰ ਪਰਤਣਗੇ (ਇਕਾਂਗੀ) ਹੰਸਾ ਸਿੰਘ ਪੰਨੇ 88, ਮੁੱਲ 150/- ਮਨਪ੍ਰੀਤ ਪ੍ਰਕਾਸ਼ਨ ਦਿੱਲੀ
8. ਕਾਂਗਲਾ ਤੇ ਹੋਰ ਨਾਟਕ (ਇਕਾਂਗੀ ਨਾਟਕ) ਪੰਨੇ 104, ਮੁੱਲ 140/- ਮਨਪ੍ਰੀਤ ਪ੍ਰਕਾਸ਼ਨ ਦਿੱਲੀ
9. ਮਹਿੰਦੀ ਦੇ ਪੱਤੇ (ਕਵਿਤਾ) ਜਸਬੀਰ ਸਿੰਘ ਧੀਮਾਨ ਮੁੱਲ 160/- ਪੰਨੇ 118, ਯੂਨੀਸਟਾਰ ਬੁੱਕਸ, ਚੰਡੀਗੜ੍ਹ
10. ਗਿਰਝਾਂ ਹਵਾਲੇ (ਗ਼ਜ਼ਲ ਸੰਗ੍ਰਹਿ) ਭਜਨ ਸਿੰਘ ਵਿਰਕ, ਪੰਨੇ 86, ਮੁੱਲ 120/- ਯੂਨੀਸਟਾਰ ਬੁੱਕਸ ਚੰਡੀਗੜ੍ਹ
11. ਅਗਰਬੱਤੀ (ਗ਼ਜ਼ਲਾਂ) ਜਸਵਿੰਦਰ ਪੰਨੇ 80, ਮੁੱਲ 100/- ਚੇਤਨਾ ਪ੍ਰਕਾਸ਼ਨ, ਲੁਧਿਆਣਾ
12. ਮੇਰੇ ਲਈ ਨਾ ਰੁਕੋ (ਕਵਿਤਾਵਾਂ) ਡਾ. ਰਵਿੰਦਰ ਪੰਨੇ 88, ਮੁੱਲ 130/- ਯੂਨੀਸਟਾਰ ਬੁੱਕਸ ਚੰਡੀਗੜ੍ਹ
13. ਸੁਪਨੇ ਲੈਂਦੇ ਬੱਚੇ (ਬਾਲ ਨਾਟਕ) ਅਜ਼ਲ ਦੁਸਾਂਝ ਪੰਨੇ 60, ਮੁੱਲ 250/- ਨਵੀਂ ਦੁਨੀਆਂ ਐਡਮਿੰਟਨ ਕੈਨੇਡਾ
14. ਵਸਲ ਤੇ ਹਿਜਰੋਂ ਪਰੇ (ਗ਼ਜ਼ਲ) ਗੁਰਦੀਪ ਪੰਨੇ 104 ਮੁੱਲ 150/- ਯੂਨੀਸਟਾਰ ਬੁੱਕਸ ਚੰਡੀਗੜ੍ਹ
15. ਉਰਦੂ ਮੁਸ਼ਾਇਰੇ (ਚੋਣਵੀਂ ਉਰਦੂ ਨਜ਼ਮ) ਸੰਪਾਦਕ ਸਤੀਸ਼ ਜੈਨ ਦਿੱਲੀ ਪੰਜਾਬੀ ਅਨੁਵਾਦ, ਜਸਮੇਰ ਸਿੰਘ ਬਾਲਾ ਪੰਨੇ 236, ਮੁੱਲ 200/- ਯੂਨੀਸਟਾਰ ਬੁੱਕਸ ਚੰਡੀਗੜ੍ਹ
16. ਰੱਤਕਾਂ ਦੇ ਮੂੰਹ ਕਾਲੇ (ਰੇਖਾ ਚਿੱਤਰ) ਸੰਤੋਖ ਸਿੰਘ ਸੰਤੋਖ ਯੂਨੀਸਟਾਰ ਬੁੱਕਸ ਚੰਡੀਗੜ੍ਹ
17. ਪੰਜਾਬੀ ਗ਼ਜ਼ਲ ਦਾ ਸੁਹਜ ਸ਼ਾਸਤਰ (ਸੰਪਾਦਕ ਸੁਲੱਖਣ ਸਰਹੱਦੀ) ਗਿੱਲ ਮੋਰਾਂ ਵਾਲੀ ਮੁੱਲ 320/- ਪੰਨੇ 208, ਰਘਬੀਰ ਰਚਨਾ ਪ੍ਰਕਾਸ਼ਨ ਚੰਡੀਗੜ੍ਹ
18. ਅਨਮੋਲ ਰਤਨ (ਕਾਵਿ-ਸੰਗ੍ਰਹਿ) ਸੰਪਾਦਕ ਭਗਤ ਰਾਮ ਰੰਗੜ, ਤਰਲੋਚਨ ਪ੍ਰਕਾਸ਼ਨ, ਚੰਡੀਗੜ੍ਹ
19. ਫਿਰੌਤੀ (ਕਹਾਣੀ ਸੰਗ੍ਰਹਿ) ਗੁਰਦਿਆਲ ਦਲਾਲ, ਚੇਤਨਾ ਪ੍ਰਕਾਸ਼ਨ, ਲੁਧਿਆਣਾ
20. ਯਾਦਾਂ ਪੰਜਾਬ ਦੀਆਂ (ਵਾਰਤਕ) ਰੋਸ਼ਨ ਲਾਲ ਕਾਲੜਾ, ਪੰਨੇ 62, ਮੁੱਲ 30/-
21. ਕਵੀ ਤਾਰਾ ਸਿੰਘ (ਖੋਜ ਨਿਬੰਧ) ਮਨਮੋਹਨ, ਪੰਨੇ 148, ਮੁੱਲ 40/- ਭਾਰਤੀ ਸਾਹਿਤ ਅਕਾਡਮੀ, ਦਿੱਲੀ





ਸੁਲੱਖਣ ਸਰਹੱਦੀ



ਗਿੱਲ ਮਰਾਂਵਾਲੀ

# ਪੰਜਾਬੀ ਗ਼ਜ਼ਲ ਦਾ ਸੁਹਜ ਸ਼ਾਸਤਰ

ਸੰਪਾਦਕ
ਸੁਲੱਖਣ ਸਰਹੱਦੀ
ਗਿੱਲ ਮੋਰਾਂਵਾਲੀ

Chirag Quarterly Jan-June 2011
Registered with the Registrar of News-Papers of India No. PUN-PUN 0 2276/AL/TC94



ਮੱਖਣ ਕੁਹਾੜ




ਪੰਜਾਬੀ ਵਿੱਚ ਨਰੋਇਆ, ਸ਼ਕਤੀਸ਼ਾਲੀ ਤੇ
ਪ੍ਰਗਤੀਸ਼ੀਲ ਦਿੱਖਵਾਲਾ ਨਵਾਂ .ਗਜ਼ਲ ਸੰਗ੍ਰਹਿ